

Driver Needed, Owner op. needed

ਡਰਾਈਵਰਾਂ ਦੀ ਲੋੜ

ਓਨਰ ਅਪਰੇਟਰਾਂ ਦੀ ਲੋੜ

209-479-0242



ਹਫਤਾਵਾਰੀ

# ਦੇਸ਼ ਦੁਆਬਾ

VOL - 5 ISSUE - 32

November 16, 2016

Postal Address
5101 Doe Hollow Pl, Antelope, CA-95843

www.deshdoaba.com
www.ambedkartimes.com



Golden State Truck Sales Inc.

ਟਰੱਕ-ਟਰੇਲਰ
ਖਰੀਦਣ ਅਤੇ ਵੇਚਣ ਲਈ ਮਿਲੋ
ਸਸਤੀਆਂ ਵਿਆਜ ਦਰਾਂ ਤੇ ਟਰੱਕ
ਦਾ ਲੋਨ ਲੈਣ ਲਈ
ਅਸੀਂ ਤੁਹਾਡੀ ਮਦਦ ਕਰਾਂਗੇ



Call : Dharminder Singh

Cell : 530-870-6600

Email: myfuturetruck@gmail.com



ਮੁੱਖ ਸੰਪਾਦਕ : ਪ੍ਰੇਮ ਕੁਮਾਰ ਚੁੰਬਰ ਸੰਪਰਕ : 916-947-8920 ਫੈਕਸ : 916-238-1393 E-mail : deshdoaba@yahoo.com ਸੰਪਾਦਕ : ਤਰਸੇਮ ਜਲੰਧਰੀ


# ਪਾਣੀਆਂ ਦੇ ਵਿਵਾਦ ਵਿਚ ਫਿਰ ਘਿਰੀ ਪੰਜਾਬ ਦੀ ਸਿਆਸਤ

## ਬਾਦਲ ਕਿਸਾਨਾਂ ਨੂੰ ਮੋੜਨਗੇ ਐਸ ਵਾਈ ਐਲ ਵਾਲੀ ਜਮੀਨ

**ਚੰਡੀਗੜ੍ਹ (ਬਿਊਰੋ)–** ਪੰਜਾਬ ਮੰਤਰੀ ਮੰਡਲ ਨੇ ਸਤਲੁਜ-ਯਮੁਨਾ ਲਿੰਕ ਨਹਿਰ (ਐਸ ਵਾਈ ਐਲ) ਲਈ 1977 ਵਿੱਚ ਜ਼ਮੀਨ ਐਕੁਆਇਰ ਕਰਨ ਬਾਰੇ ਜਾਰੀ ਕੀਤੇ ਨੋਟੀਫਿਕੇਸ਼ਨ ਨੂੰ ਡੀ-ਨੋਟੀਫਾਈ ਕਰ ਕੇ ਜ਼ਮੀਨ ਕਿਸਾਨਾਂ ਨੂੰ ਮੋੜਨ ਦਾ ਫੈਸਲਾ ਕੀਤਾ ਹੈ। ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਦੀ ਪ੍ਰਧਾਨਗੀ ਹੇਠ ਅੱਜ ਇੱਥੇ ਹੋਈ ਮੰਤਰੀ ਮੰਡਲ ਦੀ ਮੀਟਿੰਗ ਦੌਰਾਨ ਸਿਰਫ਼ ਐਸ ਵਾਈ ਐਲ ਦੇ ਮੁੱਦੇ 'ਤੇ ਵਿਚਾਰ ਕੀਤੀ ਗਈ। ਸਰਕਾਰ ਵੱਲੋਂ ਭਲਕੇ ਵਿਧਾਨ ਸਭਾ ਦਾ ਵਿਸ਼ੇਸ਼ ਸੈਸ਼ਨ ਵੀ ਬੁਲਾਇਆ ਗਿਆ ਹੈ। ਇਸ ਇਕ ਦਿਨਾਂ ਸੈਸ਼ਨ ਦੌਰਾਨ ਐਸਵਾਈਐਲ ਦੇ ਮੁੱਦੇ ਦੇ ਨਾਲ-ਨਾਲ ਰਾਜਸਥਾਨ ਨੂੰ ਜਾਂਦੇ ਪਾਣੀ 'ਤੇ ਰਾਇਲਟੀ ਲੈਣ ਦੇ ਮਾਮਲੇ ਉਪਰ ਵੀ ਚਰਚਾ ਦੇ ਆਸਾਰ ਹਨ। ਉਧਰ ਬਾਦਲ ਸਰਕਾਰ ਨੇ ਇਸ ਸੰਵੇਦਨਸ਼ੀਲ ਮੁੱਦੇ 'ਤੇ 'ਸਿਆਸੀ ਲਾਹਾ' ਲੈਣ ਲਈ ਵੀ ਵਿਉਂਤਬੰਦੀ ਸ਼ੁਰੂ ਕਰ ਦਿੱਤੀ ਹੈ। ਮੰਤਰੀ ਮੰਡਲ ਦੀ ਮੀਟਿੰਗ ਤੋਂ ਪਹਿਲਾਂ ਸ਼੍ਰੋਮਣੀ ਅਕਾਲੀ ਦਲ ਦੀ ਕੋਰ ਕਮੇਟੀ ਵੱਲੋਂ ਵੀ ਇਸ ਮਾਮਲੇ 'ਤੇ ਚਰਚਾ ਕੀਤੀ ਗਈ। ਕੋਰ ਕਮੇਟੀ ਵਿੱਚ ਹੋਈ ਵਿਚਾਰ ਚਰਚਾ ਬਾਰੇ ਪਾਰਟੀ ਸੂਤਰਾਂ ਨੇ ਦੱਸਿਆ ਕਿ ਆਗਾਮੀ ਵਿਧਾਨ ਸਭਾ ਚੋਣਾਂ ਦੌਰਾਨ ਹਾਕਮ ਧਿਰ ਨੇ 'ਵਿਕਾਸ' ਦੇ ਏਜੰਡੇ ਦੀ ਥਾਂ ਨਹਿਰ ਦੇ ਜਜ਼ਬਾਤੀ ਮੁੱਦੇ 'ਤੇ ਧਿਆਨ ਕੇਂਦਰਿਤ ਕਰਨ ਦਾ ਫੈਸਲਾ ਕੀਤਾ ਹੈ। ਲੋਕਾਂ ਨੂੰ ਦਰਿਆਈ ਪਾਣੀਆਂ ਦੇ ਮੁੱਦੇ ਨਾਲ ਜੋੜਨ ਤੇ ਅਕਾਲੀ ਦਲ ਨੂੰ ਪਾਣੀਆਂ ਦੇ ਰਾਖੇ ਵਜੋਂ ਪੇਸ਼ ਕਰਨ ਲਈ ਸਰਕਾਰ ਤੇ ਪਾਰਟੀ ਵੱਲੋਂ ਪੰਜਾਬ ਭਰ ਵਿੱਚ ਦਸਤਖ਼ਤ ਮੁਹਿੰਮ ਵੀ ਚਲਾਈ ਜਾਵੇਗੀ। ਪੰਜਾਬ ਸਰਕਾਰ ਦਾ ਕਹਿਣਾ ਹੈ ਕਿ ਨਹਿਰ ਪ੍ਰਾਜੈਕਟ ਲਈ ਪ੍ਰਾਪਤ ਕੀਤੀ ਜ਼ਮੀਨ ਜੋ ਇਸ ਵੇਲੇ ਰਾਜ ਸਰਕਾਰ ਕੋਲ ਹੈ, ਨੂੰ ਸਾਰੀਆਂ ਬੰਦਸ਼ਾਂ ਤੋਂ ਮੁਕਤ ਕਰਦੇ ਹੋਏ ਤੁਰੰਤ ਪ੍ਰਭਾਵ ਤੋਂ ਡੀ-ਨੋਟੀਫਾਈ ਕਰ ਦਿੱਤਾ ਹੈ, ਜਿਸ ਨਾਲ ਇਹ ਜ਼ਮੀਨ ਬਿਨਾਂ ਕਿਸੇ ਲਾਗਤ ਤੋਂ ਇਸ ਦੇ ਅਸਲ ਮਾਲਕਾਂ ਦੇ ਵਾਰਸਾਂKਕਾਨੂੰਨੀ ਨੁਮਾਇੰਦਿਆਂ ਦੇ ਸੁਪਰਦ ਹੋ ਜਾਵੇਗੀ। ਮਹੱਤਵਪੂਰਨ ਤੱਥ ਇਹ ਵੀ ਹੈ ਕਿ ਮਾਰਚ ਮਹੀਨੇ ਦੌਰਾਨ ਵੀ ਸਰਕਾਰ ਨੇ 3928 ਏਕੜ ਜ਼ਮੀਨ ਅਸਲ ਮਾਲਕ ਕਿਸਾਨਾਂ ਨੂੰ ਦੇਣ ਸਬੰਧੀ ਬਿੱਲ ਵਿਧਾਨ ਸਭਾ ਤੋਂ ਪਾਸ ਕਰਾਇਆ ਸੀ। ਇਸ ਬਿਲ 'ਤੇ ਤਤਕਾਲੀ ਰਾਜਪਾਲ ਕਤਪਾਨ ਸਿੰਘ ਸੋਲੰਕੀ ਨੇ ਦਸਤਖ਼ਤ ਨਹੀਂ ਕੀਤੇ ਸਨ, ਜਿਸ ਕਰ ਕੇ ਇਹ ਬਿਲ ਕਾਨੂੰਨ ਨਹੀਂ ਸੀ ਬਣ ਸਕਿਆ। ਸ਼੍ਰੋਮਣੀ ਅਕਾਲੀ ਦਲ ਦੀ ਕੋਰ ਕਮੇਟੀ ਦੀ ਮੀਟਿੰਗ ਤੋਂ ਬਾਅਦ ਪਾਰਟੀ ਨੇ ਐਲਾਨ ਕੀਤਾ ਹੈ ਕਿ ਪੰਜਾਬ ਦੇ ਦਰਿਆਵਾਂ ਦੇ ਪਾਣੀ ਦਾ ਇਕ ਤੁਪਕਾ ਵੀ ਬਾਹਰ ਨਹੀਂ ਜਾਣ ਦਿੱਤਾ ਜਾਵੇਗਾ। ਅਕਾਲੀ ਦਲ ਦਾ ਕਹਿਣਾ ਹੈ ਕਿ ਸੁਪਰੀਮ ਕੋਰਟ ਦੇ ਫੈਸਲੇ ਨੇ ਇਸ ਨਾਜ਼ੁਕ ਮਾਮਲੇ ਨੂੰ ਉਲਝਾ ਦਿੱਤਾ ਹੈ। ਹਾਕਮ



(ਬਾਕੀ ਸਫਾ 3 ਤੇ)

# ਸਿਰਫ਼ ਇਕ ਡਾਲਰ ਤਨਖ਼ਾਹ ਲੈਣਗੇ ਰਾਸ਼ਟਰਪਤੀ ਟਰੰਪ

**ਵਾਸ਼ਿੰਗਟਨ (ਬਿਊਰੋ)–** ਅਮਰੀਕਾ ਨੇ ਚੁਣੇ ਹੋਏ ਰਾਸ਼ਟਰਪਤੀ ਡੋਨਲਡ ਟਰੰਪ ਨੇ ਐਲਾਨ ਕੀਤਾ ਹੈ ਕਿ ਉਹ ਰਾਸ਼ਟਰਪਤੀ ਵਜੋਂ ਆਪਣੀ ਬਣਦੀ ਸਾਲਾਨਾ ਤਨਖ਼ਾਹ ਚਾਰ ਲੱਖ ਡਾਲਰ ਦੀ ਥਾਂ ਸਿਰਫ਼ ਇਕ ਡਾਲਰ ਹੀ ਲੈਣਗੇ ਅਤੇ ਛੁੱਟੀਆਂ ਵੀ ਨਹੀਂ ਕਰਨਗੇ। ਇਸ ਦੇ ਨਾਲ ਹੀ ਉਨ੍ਹਾਂ ਰਿਪਬਲਿਕਨ ਨੈਸ਼ਨਲ ਕਮੇਟੀ ਦੇ ਚੇਅਰਮੈਨ ਰੀਇੰਸ ਪ੍ਰੀਬਸ ਨੂੰ ਆਪਣਾ ਚੀਫ਼ ਆਫ਼ ਸਟਾਫ਼ ਤੇ ਆਪਣੀ ਮੁਹਿੰਮ ਦੇ ਸੀਈਓ ਸਟੀਫਨ ਬੈਨਨ ਨੂੰ ਆਪਣਾ ਮੁੱਖ ਰਣਨੀਤੀਕਾਰ ਨਾਮਜ਼ਦ ਕੀਤਾ ਹੈ। ਵਰਨਣਯੋਗ ਹੈ ਕਿ ਉਨ੍ਹਾਂ ਆਪਣੀ ਚੋਣ ਮੁਹਿੰਮ ਦੌਰਾਨ ਐਲਾਨ ਕੀਤਾ ਸੀ ਕਿ ਉਹ ਰਾਸ਼ਟਰਪਤੀ ਵਜੋਂ ਤਨਖ਼ਾਹ ਨਹੀਂ ਲੈਣਗੇ। ਇਸ ਬਾਰੇ ਪੁੱਛੇ ਜਾਣ ਉਤੇ ਉਨ੍ਹਾਂ ਕਿਹਾ, "ਨਹੀਂ, ਮੈਂ ਤਨਖ਼ਾਹ ਨਹੀਂ ਲਵਾਂਗਾ। ਮੈਂ ਕਾਨੂੰਨ ਤਹਿਤ ਸਾਲਾਨਾ ਇਕ ਡਾਲਰ ਤਨਖ਼ਾਹ ਲਵਾਂਗਾ।" ਇਸ ਦੌਰਾਨ ਉਨ੍ਹਾਂ ਸ੍ਰੀ ਪਰੀਬਸ ਤੇ ਸ੍ਰੀ ਬੈਨਨ ਦੀਆਂ ਨਿਯੁਕਤੀਆਂ ਨਾਲ ਇਕ ਅਣਕਿਆਸਾ ਕਦਮ ਚੁੱਕਿਆ ਹੈ ਕਿਉਂਕਿ ਇਸ ਨਾਲ ਵ੍ਹਾਈਟ ਹਾਊਸ ਵਿੱਚ ਸੱਤਾ ਦੇ ਦੋ ਕੇਂਦਰ ਹੋ ਜਾਣਗੇ। ਗ਼ੌਰਤਲਬ ਹੈ ਕਿ ਇਨ੍ਹਾਂ ਨਿਯੁਕਤੀਆਂ ਨੂੰ ਸੈਨੇਟ ਦੀ ਮਨਜ਼ੂਰੀ ਦੀ ਲੋੜ ਨਹੀਂ ਹੈ। ਇਹ ਨਿਯੁਕਤੀਆਂ ਅਗਲੇ ਸਾਲ 20 ਜਨਵਰੀ ਨੂੰ ਅਮਲ ਵਿੱਚ ਆਉਣਗੀਆਂ, ਜਦੋਂ ਸ੍ਰੀ ਟਰੰਪ ਦੇਸ਼ ਦੇ 45ਵੇਂ ਸਦਰ ਵਜੋਂ ਹਲਫ਼ ਲੈਣਗੇ।



# ਐਲਕ ਗਰੋਵ 'ਚ ਵੈਟਰਨਸ ਡੇਅ ਪਰੇਡ ਮੌਕੇ ਸਿੱਖਾਂ ਦਾ ਫਲੋਟ ਰਿਹਾ ਸਲਾਹੁਣਯੋਗ





**ਸੈਕਰਾਮੈਂਟੋ, ਕੈਲੀਫੋਰਨੀਆ (ਹੁਸਨ ਲੜੋਆ ਬੰਗਾ)–** ਫੌਜ ਵਿੱਚ ਸੇਵਾ ਨਿਭਾ ਚੁੱਕੇ ਜਵਾਨਾਂ ਦੇ ਸਨਮਾਨ ਵਿੱਚ ਅਮਰੀਕਾ ਭਰ ਵਿੱਚ ਵੈਟਰਨਸ ਡੇਅ ਮਨਾਇਆ ਜਾਂਦਾ ਹੈ। ਵੱਖ-ਵੱਖ ਸ਼ਹਿਰਾਂ ਵਿੱਚ ਇਸ ਸੰਬੰਧੀ ਪਰੇਡਾਂ ਕੱਢੀਆਂ ਜਾਂਦੀਆਂ ਹਨ ਅਤੇ ਸਮਾਗਮ

(ਬਾਕੀ ਸਫਾ 9 ਤੇ)



"ਕੌਮ ਦਾ ਸਿਤਾਰਾ: ਸ਼ਹੀਦ ਬਾਬੂ ਹਰਨਾਮ ਸਿੰਘ ਸਾਹਰੀ" ਪੁਸਤਕ ਦੇਸ਼ ਦੁਆਬਾ ਪ੍ਰਕਾਸ਼ਨ ਅਮਰੀਕਾ ਵਲੋਂ ਛਾਪੀ ਗਈ ਹੈ। ਇਸ ਤੋਂ ਪਹਿਲਾਂ ਵੀ ਦੇਸ਼ ਦੁਆਬਾ ਵਲੋਂ ਡਾ. ਜਸਵੰਤ ਰਾਏ ਦੀ ਪੁਸਤਕ "ਕਥਾਵਾਂ ਬਿਸਤ ਦੁਆਬ ਦੀਆਂ" ਛਾਪੀ ਗਈ ਸੀ। ਸ਼ਹੀਦ ਬਾਬੂ ਹਰਨਾਮ ਸਿੰਘ ਪੁਸਤਕ ਨੂੰ ਦੇਸ਼ ਦੁਆਬਾ ਵਿਚ ਲੜੀਵਾਰ ਛਾਪਿਆ ਗਿਆ ਹੈ ਜਿਸ ਦਾ ਦੇਸ਼ ਦੁਆਬਾ ਦੇ ਪਾਠਕਾਂ ਵਲੋਂ ਭਰਵਾਂ ਹੁੰਗਾਰਾ ਮਿਲਿਆ ਹੈ। **ਗਦਰ ਸ਼ਹੀਦਾਂ ਬਾਬੂ ਹਰਨਾਮ ਸਿੰਘ ਜੀ ਸਾਹਰੀ ਅਤੇ ਸ਼ਹੀਦ ਕਰਤਾਰ ਸਿੰਘ ਸਰਾਭਾ** ਦੀ ਪੂਰੀ ਦੁਨੀਆਂ ਵਿਚ ਮਨਾਈ ਜਾ ਰਹੀ ਸ਼ਹੀਦੀ ਸ਼ਤਾਬਦੀ ਮੌਕੇ ਇਹ ਦੇਸ਼ ਦੁਆਬਾ ਵਲੋਂ ਕੀਤਾ ਗਿਆ ਇੱਕ ਨਤਮਸਤਕ ਹੋਣ ਲਈ ਉਪਰਾਲਾ ਹੈ। ਪੁਸਤਕ ਦਾ ਮੁਖ ਬੰਦ ਡਾ. ਰਘਵੀਰ ਕੌਰ ਜਨਰਲ ਸਕੱਤਰ ਦੇਸ਼ ਭਗਤ ਯਾਦਗਾਰ ਹਾਲ ਕਮੇਟੀ ਜਲੰਧਰ, ਲੇਖਕ ਸੀਤਾ ਰਾਮ ਬਾਂਸਲ, ਸ਼੍ਰੀ ਪ੍ਰੇਮ ਕੁਮਾਰ ਚੁੰਬਰ ਮੁਖ ਸੰਪਾਦਕ ਅਦਾਰਾ ਦੇਸ਼ ਦੁਆਬਾ ਵਲੋਂ ਲਿਖਿਆ ਗਿਆ ਹੈ। ਸ਼ਹੀਦ ਬਾਬੂ ਹਰਨਾਮ ਸਿੰਘ ਸਾਹਰੀ ਗਦਰ ਪਾਰਟੀ ਦੀਆਂ ਜੜ੍ਹਾਂ ਲਾਉਣ ਵਾਲਿਆਂ ਵਿਚੋਂ ਮੁਖ ਸਨ। ਉਹ ਵਿਦੇਸ਼ੀ ਧਰਤੀ ਤੇ ਪਹਿਲੀ ਪੰਜਾਬੀ ਅਖ਼ਬਾਰ "ਸਵਦੇਸ਼ ਸੇਵਕ" ਕੱਢਣ ਵਾਲੇ ਪਹਿਲੇ ਇੰਟਰਨੈਸ਼ਨਲ ਪੰਜਾਬੀ ਪੱਤਰਕਾਰ ਸਨ। ਆਪਣੇ ਘਰ ਬਾਰ ਅਤੇ ਸੁੱਖ ਆਰਾਮ ਨੂੰ ਤਿਆਗ ਕੇ ਦੇਸ਼ ਲਈ ਮਰ ਮਿਟਣ ਵਾਲੇ ਇਸ ਸੂਰਮਿਆਂ ਨੂੰ 'ਦੇਸ਼ ਦੁਆਬਾ' ਅਤੇ ਇਸਦੇ ਸਾਰੇ ਪਾਠਕ ਇਸਦੇ 100ਵੇਂ ਸ਼ਹੀਦੀ ਦਿਹਾੜੇ ਤੇ ਸ਼ਰਧਾਂਜਲੀ ਭੇਟ ਕਰਦੇ ਹਨ।






MANDEEP SANDHU

SANDHU IMMIGRATION CONSULTANT

ਇੰਮੀਗ੍ਰੇਸ਼ਨ ਸਬੰਧੀ ਆ ਰਹੀਆਂ ਮੁਸ਼ਕਿਲਾਂ ਲਈ, ਪਾਸਪੋਰਟ, ਸਿਆਸੀ ਸ਼ਰਨ, ਗਰੀਨ ਕਾਰਡ ਆਦਿ ਲਈ ਮਿਲੋ

Passports, Political Asylum, Visas, Green Cards, 1-9 Notary, Immigration Forms , Citizenship, Spouse/Family Petitions, Study Visas

All Kinds of Immigration Forms/Petitions/Visa

U-Visa

WE OPEN 7-DAYS A WEEK

Note: I am not an Immigration Attorney. msandhu2014@gmail.com (CST# 2122162-50)

"We sell International and Domestic Airline Tickets on Low Airfares"

(209-373-3562) 3222 PENELOPE DR. STOCKTON, CA- 95212 (NEAR HWY 99 ON MORADA LANE)

ONE | REALTYONEGROUP AMERICAN

ਕਿਰਾਏ ਵਿਚ ਅਜਾਈਂ ਜਾ ਰਹੇ ਹਜ਼ਾਰਾਂ ਡਾਲਰਾਂ ਨੂੰ ਆਪਣੇ ਘਰ ਦੀ ਕਿਸ਼ਤ ਵਿਚ ਲਾਓ,

ਵਿਆਜ ਦੀਆਂ ਦਰਾਂ ਸਸਤੀਆਂ ਹੋਣ ਕਾਰਨ ਆਪਣਾ ਘਰ ਲੈਣ ਲਈ ਢੁਕਵਾਂ ਵਕਤ

ਜਗਦੇਵ ਸਿੰਘ 510-689-4625

CalBre # 01423409

42820 Albrae St., Fremont, CA 94538



RIYA'S FASHION

9165 ELK GROVE FLORIN RD.

ELK GROVE CA 95624

Tel : 916-647-3708

Follow us on

RIYAFASHION16

SAROAY INVESTMENT REALTY

Ram Saroay Broker

ramsaroay@hotmail.com



39039 Paseo Padre Parkway Suite # 205 Fremont, CA 94538

Office: (510) 742-8120, Fax: (510) 742-8121

Amrik Chand (CPA)

Phone : 510-490-8200

Fax : 510-490-8202

Email : achand@pacbell.net

Income Tax Preparation (Individual, Corporation & LLC)

Payroll Services & Bookkeeping Services

* We are in this business since 1989.

Your satisfaction is our goal.

* Please call us for Professional & reliable services at reasonable rates.



959 Corporate Way, Fremont, CA. 94539

ਪਹਿਲੀ ਪਾਤਸ਼ਾਹੀ ਸਤਿਗੁਰੂ ਸ੍ਰੀ ਗੁਰੂ ਨਾਨਕ ਦੇਵ ਜੀ ਦੇ ਪ੍ਰਕਾਸ਼ ਦਿਹਾੜੇ
ਦੀਆਂ ਸਮੂਹ ਨਾਨਕ ਨਾਮ ਲੇਵਾ ਸਾਧ ਸੰਗਤ ਅਤੇ
ਦੇਸ਼-ਵਿਦੇਸ਼ ਵਿਚ ਵੱਸਦੀ ਕੁੱਲ ਲੁਕਾਈ ਨੂੰ ਲੱਖ-ਲੱਖ ਵਧਾਈਆਂ





ਇੰਡੀਆ ਮਾਰਕੀਟ
ਕਸ਼ਮੀਰ ਸਿੰਘ ਹੀਰਾ
ਬਰਿੰਦਰ ਬੰਗੜ





INDIA MARKET
SWEETS & SPICES
CHAAT PAPDI, SAMOSA, CHAAT, PANI PURI
DAHI VADA, BHEL PURI CHAAT
CHAAT PLATE ONLY FOR $2.99
ਤਾਜ਼ੀਆਂ ਸਬਜ਼ੀਆਂ ਅਤੇ ਗਰੋਸਰੀ
ਲਈ ਸੇਵਾ ਦਾ ਮੌਕਾ ਦਿਓ
WE HAVE LARGEST COLLECTION FOR INDIAN FIJIAN & PAKISTANI GROCERY
MUSIC, FABRIC ARTIFICIAL JEWELRY, SWEETS, FRESH VEGETABLES & MORE..


ਕਸ਼ਮੀਰ ਸਿੰਘ ਹੀਰਾ


ਬਰਿੰਦਰ ਬੰਗੜ

Super Eyebrow Threading Now Open
Eyebrow Threading & Henna Tattoo
7 times, Get 8th one free!



Inside India Market
SACRAMENTO
5203 EKLHORN BLVD
SACRAMENTO CA 95842
916- 338-5511
WALK INS WELCOME
ROSEVILLE
1265 PLEASANT GROVE BLVD.
# 100 ROSEVILLE, CA 95747
916- 786-7666
Cell : 916-338-5511
Email: IndiaMarketRoseville@gmail.com




ਪੰਜਾਬੀ ਫੈਸ਼ਨ ਦਾ ਨੰਬਰ ਵਨ ਸਟੋਰ
Kash FABRICS



ਸਾੜੀ ਸਪੈਸ਼ਲਟੀ
* ਵਿਆਹ ਸ਼ਾਦੀ ਲਈ ਡਿਜ਼ਾਈਨਰ ਲਹਿੰਗੇ ਤੇ ਸੂਟ ਅਤੇ ਨਾਲ ਡਿਜ਼ਾਈਨਰ ਮੈਚਿੰਗ ਜਿਊਲਰੀ
* ਖੁੱਲ੍ਹਾ ਕੱਪੜਾ, ਵਧੀਆ ਤੋਂ ਵਧੀਆ ਸਾੜੀਆਂ ਤੇ ਡਿਜ਼ਾਈਨਰ ਸੂਟ, ਦਰਜਨਾਂ ਰੰਗਾਂ ਵਿਚ ਪੱਗੜੀਆਂ ਸਾਡੇ ਤੋਂ ਖਰੀਦੋ।
* ਸਾਡੇ ਕੋਲ ਹਿੰਦੀ, ਪੰਜਾਬੀ ਅਤੇ ਉਰਦੂ ਦੇ ਸੰਗੀਤ, ਡਰਾਮਿਆਂ ਅਤੇ ਫਿਲਮਾਂ ਦੀਆਂ ਸੀਡੀਆਂ-ਵੀਡੀਓ ਤੇ ਡੀ. ਵੀ. ਡੀ. ਦੀ ਬਹੁਤ ਵੱਡੀ ਕੁਲੈਕਸ਼ਨ ਹੈ।
* ਕੈਲੀਫੋਰਨੀਆ ਤੋਂ ਬਾਹਰ ਰਹਿੰਦੇ ਗਾਹਕਾਂ ਲਈ ਸਾਮਾਨ ਅਸੀਂ ਯੂ. ਪੀ. ਐਸ. ਰਾਹੀਂ ਤੁਰੰਤ ਭੇਜ ਸਕਦੇ ਹਾਂ।

Appointments & Walk-Ins Welcome
Tuesday - Sunday: 11 AM - 8 PM


ਕਸ਼ਮੀਰ ਸਿੰਘ ਧੁੱਗਾ ਅਤੇ ਗੁਰਜੀਤ ਕੌਰ ਧੁੱਗਾ

Threading Salon
Specializing in:
Eyebrow Threading .... $5
Full Face Threading, Facial,
Unique Mehndi Designs,
Natural Henna for Hair




KASH FABRICS
ONE STOP SHOPPING CENTRE
29576 Mission Blvd, Hayward, CA 94544
Tel: (510) 538-1138, Fax: (510) 538-4737
www.Kashfabrics.com
Like us on Facebook | Follow us on Instagram



ਪਹਿਲੀ ਪਾਤਸ਼ਾਹੀ ਸਤਿਗੁਰੂ ਸ੍ਰੀ ਗੁਰੂ ਨਾਨਕ ਦੇਵ ਜੀ ਦੇ ਪ੍ਰਕਾਸ਼ ਦਿਹਾੜੇ
ਦੀਆਂ ਸਮੂਹ ਨਾਨਕ ਨਾਮ ਲੇਵਾ ਸਾਧ ਸੰਗਤ ਅਤੇ
ਦੇਸ਼-ਵਿਦੇਸ਼ ਵਿਚ ਵੱਸਦੀ ਕੁੱਲ ਲੁਕਾਈ ਨੂੰ ਲੱਖ-ਲੱਖ ਵਧਾਈਆਂ




ਕੈਸ਼ ਫੈਬਰਿਕਸ
ਕਸ਼ਮੀਰ ਸਿੰਘ ਧੁੱਗਾ
ਗੁਰਜੀਤ ਕੌਰ ਧੁੱਗਾ



# ‘84 ਦੀ ਸਿੱਖ ਨਸਲਕੁਸ਼ੀ ਦੀ ਯਾਦ ਵਿੱਚ’ ਯੂਬਾ ਸਿਟੀ ਵਿੱਚ ਸਿੱਖ ਕੌਮ ਵੱਲੋਂ ਅਮਰੀਕਾ ਦਾ ਸਭ ਤੋਂ ਵੱਡਾ ਖ਼ੂਨਦਾਨ ਕੈਂਪ 2016

**ਯੂਬਾ ਸਿਟੀ, ਕੈਲੀਫੋਰਨੀਆ (ਹੁਸਨ ਲੜੋਆ ਬੰਗਾ)–** ਹਰ ਸਾਲ ਯੂਬਾ ਸਿਟੀ ਕੈਲੀਫੋਰਨੀਆ ਵਿਖੇ ਕੀਤੇ ਜਾਣ ਵਾਲੇ ਨਗਰ ਕੀਰਤਨ ਦੌਰਾਨ ਸਿੱਖ ਕੌਮ ਵੱਲੋਂ ਸਿੱਖ ਨਸਲਕੁਸ਼ੀ 1984 ਦੀ ਯਾਦ ਵਿੱਚ ਖ਼ੂਨ ਦਾਨ ਕੈਂਪੇਨ ਵੀ ਚਲਾਈ ਜਾਂਦੀ ਹੈ।ਇਸ ਸਾਲ 5 ਨਵੰਬਰ ਨੂੰ ਸਿਰਫ 5 ਘੰਟੇ ਦੇ ਸਮੇਂ ਵਿੱਚ ਹੀ ਲੱਗ ਭੱਗ 200 ਸਿੱਖ ਖ਼ੂਨਦਾਨ ਕਰਨ ਲਈ ਪਹੁੰਚੇ। ਕੁਲ 162 ਯੂਨਿਟ ਖ਼ੂਨ ਦੇ ਇਕੱਠੇ ਹੋਏ। ਅਮਰੀਕਾ ਦੀ ਬਲੱਡ ਸੋਰਸ ਦੀ ਵਲੰਟਰੀਅਰ ਅਨੁਸਾਰ ਤਿੰਨ ਸਾਲ ਪਹਿਲਾਂ ਅਸੀਂ ਦੋ ਬੱਸਾਂ ਲੈ ਕੇ ਆਏ ਸੀ ਸਿੱਖ ਕੌਮ ਦਾ ਉਤਸ਼ਾਹ ਦੇਖਦੇ ਹੋਏ ਦੂਸਰੇ ਸਾਲ ਤਿੰਨ ਬੱਸਾਂ, ਇਸ ਸਾਲ ਚਾਰ ਬੱਸਾਂ ਸਨ ਪਰ ਫੇਰ ਵੀ ਬਹੁਤ ਸਾਰੇ ਸਿੱਖ ਵੀਰ ਭੈਣਾਂ ਨੂੰ ਵਾਪਸ ਮੁੜਨਾ ਪਿਆ। ਸਿੱਖ ਕੌਮ ਦੀ ਖ਼ੂਨਦਾਨ ਮੁਹਿੰਮ ਦੇ ਵਲੰਟੀਅਰ ਹਰਪ੍ਰੀਤ ਸਿੰਘ ਨੇ ਦੱਸਿਆ ਕਿ ਦੂਸਰੇ ਦਿਨ ਵੀ ਬਹੁਤ ਸਾਰੇ ਸਿੱਖ ਵੀਰ ਭੈਣਾਂ ਪੁੱਛ ਰਹੇ ਸਨ ਕਿ ਖ਼ੂਨਦਾਨ ਕਿਥੇ ਹੋ ਰਿਹਾ ਹੈ।

ਇਸ ਵਾਰ ਸਿੱਖ ਨੌਜਵਾਨ ਬੀਬੀਆਂ ਬੱਚੇ ਵੱਡੀ ਗਿਣਤੀ ਵਿੱਚ ਖ਼ੂਨਦਾਨ ਕਰਨ ਆਏ। ਕੈਲੇਫੋਰਨੀਆਂ ਦੀ ਬਲੱਡ ਸੋਰਸ ਏਜੰਸੀ ਦੇ ਵਲੰਟੀਅਰਾਂ ਵੱਲੋਂ ਕਿਹਾ ਗਿਆ ਕਿ ਸਿੱਖ ਕੌਮ ਵੱਲੋਂ ਯੂਬਾ ਸਿਟੀ ਵਿੱਚ ਕੀਤਾ ਜਾਂਦਾ ਖ਼ੂਨ ਦਾਨ ਕੈਂਪ ਕੈਲੇਫੋਰਨੀਆਂ ਹੀ




ਨਹੀਂ ਪੂਰੇ ਅਮਰੀਕਾ ਦਾ ਵੱਡਾ ਖ਼ੂਨਦਾਨ ਕੈਂਪ ਹੋ ਨਿ-ਬੜਿਆ ਹੈ। ਇਨੇ ਘੱਟ ਸਮੇਂ ਵਿੱਚ ਇੱਕ ਦਿਨ ਵਿੱਚ ਅੱਜ ਤੱਕ ਅਮਰੀਕਾ ਵਿੱਚ ਕਿਤੇ ਵੀ ਖ਼ੂਨ ਦਾਨ ਨਹੀਂ ਹੋਇਆ। ਬਲੱਡ ਸੋਰਸ ਏਜੰਸੀ ਵੱਲੋਂ ਸਿੱਖ ਕੌਮ ਦੀ ਵੱਖਰੀ ਪਹਿਚਾਣ ਲਈ "ਸਿੱਖ 1984" ਨਾਂ ਦੀ ਆਈ. ਡੀ ਵੀ ਜਾਰੀ ਕੀਤੀ ਗਈ ਹੈ। ਜਦੋਂ ਵੀ ਕੋਈ ਸਿੱਖ ਖ਼ੂਨਦਾਨ ਕਰਦਾ ਹੈ ਤਾਂ ਇਸ ਆਈ. ਡੀ. ਥੱਲੇ ਖ਼ੂਨਦਾਨ ਕਰੇ ਤਾਂ ਉਹ ਸਿੱਖ ਕੌਮ ਦੇ ਖ਼ੂਨਦਾਨ ਦੇ ਖਾਤੇ ਵਿੱਚ ਪੈ ਜਾਂਦਾ ਹੈ। ਨਵੰਬਰ 84 ਦੀ ਨਸਲਕੁਸ਼ੀ ਦਾ ਪੈਂਫਲੈਟ ਪੜ੍ਹਕੇ ਹੋਰ ਕੌਮਾਂ ਦੇ ਲੋਕ ਵੀ ਖ਼ੂਨਦਾਨ ਕਰਕੇ ਗਏ। ਉਨਾ ਨੇ ਇਸ ਖ਼ੂਨਦਾਨ ਕੈਂਪੇਨ ਦੀ ਸ਼ਾਲਾਘਾ ਕੀਤੀ।

ਇਸ ਕੈਂਪੇਨ ਦੇ ਵਲੰਟਰੀਅਰ ਸੁਨੀਲ ਕੁਮਾਰ ਨੇ ਕਿਹਾ ਨਵੰਬਰ 1984 ਦੀ ਨਸਲਕੁਸ਼ੀ ਵਿਰੁੱਧ ਇਸ ਕੈਂਪੇਨ ਦਾ ਮਕਸਦ ਹੀ ਸਰਬੱਤ ਦਾ ਭਲਾ ਹੈ। ਉਨਾ ਕਿਹਾ ਕਿ ਜਿਵੇਂ 84 ਵਿੱਚ ਸਿੱਖਾਂ ਦੀ ਨਸਲਕੁਸ਼ੀ ਕੀਤੀ ਗਈ ਸੀ ਉਹ ਦੁਬਾਰਾ ਨਾ ਵਾਪਰੇ ਅਤੇ ਕਿਸੇ ਹੋਰ ਕੌਮ ਨੂੰ ਵੀ ਅਜਿਹੇ ਦੁਖਾਂਤ ਦਾ ਸਾਹਮਣਾ ਨਾ ਕਰਨਾ ਪਵੇ। ਇਸ ਲਈ ਦੁਨੀਆਂ ਵਿੱਚ ਜਿਥੇ ਵੀ ਨਸਲਕੁਸ਼ੀ ਹੁੰਦੀ ਤਾਂ ਸਾਨੂੰ ਸਭ ਨੂੰ ਉਸ ਵਿਰੁੱਧ ਬੋਲਣਾ ਚਾਹੀਦਾ ਹੈ। ਇਸ ਕੈਂਪੇਨ ਦੇ ਵਲੰਟਰੀਅਰਾਂ ਨੇ ਯੂਬਾ ਸਿਟੀ ਗੁਰਦਵਾਰੇ ਦੇ ਪ੍ਰਬੰਧਕਾਂ ਦਾ ਵੀ ਧੰਨਵਾਦ ਕੀਤਾ ਜੋ ਕਿ ਪਿਛਲੇ ਸਾਲਾਂ ਤੋਂ ਲਗਾਤਾਰ ਸਹਿਯੋਗ ਦਿੰਦੇ ਆ ਰਹੇ ਹਨ....?

# ਸੈਣੀ ਕਮਿਉਨਿਟੀ ਨੂੰ ਪਛੜੀ ਸ਼੍ਰੇਣੀ 'ਚ ਐਲਾਨਣ ਦਾ ਸਖਤ ਵਿਰੋਧ

**ਮਿਸ਼ੀਗਨ (ਹੁਸਨ ਲੜੋਆ ਬੰਗਾ)–** ਅਮਰੀਕਾ ਦੀ ਸੈਣੀ ਬਰਾਦਰੀ ਨੇ ਮੌਜੂਦਾ ਸਰਕਾਰ ਨੂੰ ਲੰਬੇ ਹਾਥੀਂ ਲੈਂਦਿਆਂ ਕਿਹਾ ਕਿ ਪੰਜਾਬ ਦੇ ਮੁੱਖ ਮੰਤਰੀ ਸਰਦਾਰ ਪਰਕਾਸ਼ ਸਿੰਘ ਬਾਦਲ ਨੇ ਆਉਂਦੀਆਂ ਪੰਜਾਬ 'ਚ ਵਿਧਾਨ ਸਭਾ ਚੋਣਾ ਵਿੱਚ ਸਿਆਸੀ ਲਾਹਾ ਲੈਣ ਲਈ ਕੁਝ ਕੁ ਝੋਲੀ ਚੁੱਕ ਲੋਕਾਂ ਦੀ ਗੱਲ ਮੰਨ ਕੇ ਆਪਣੇ ਵੋਟ ਬੈਂਕ ਨੂੰ ਪੱਕਾ ਕਰਨ ਲਈ ਸੈਣੀ ਕਮਿਉਨਿਟੀ ਨੂੰ ਪਛੜੀ ਸ਼੍ਰੇਣੀ ਐਲਾਨਣ ਨਾਲ ਦੁਨੀਆਂ ਭਰ ਦੇ ਚੰਗੇ ਵਿਉਪਾਰੀ, ਨੇਤਾ, ਸਿਆਸੀ ਅਹੁਦਿਓਆਂ ਤੇ ਵਿਰਾਜਮਾਨ ਹੋਣ ਦੇ ਬਾਵਜੂਦ ਸੈਣੀ ਕਮਿਉਨਿਟੀ ਨੂੰ ਨੀਚਾ ਦਿਖਾਉਣ ਦਾ ਜੋ ਕੋਝਾ ਫੈਸਲਾ ਕੀਤਾ ਹੈ ਨਾਲ ਦੁਨੀਆਂ ਭਰ ਵਿੱਚ ਵਸਦੇ ਸੈਣੀਆਂ ਨੂੰ ਬਹੁਤ ਹੀ ਧੱਕਾ ਲੱਗਾ ਹੈ। ਪੰਜਾਬੀ ਕਲਚਰਲ ਸੁਸਾਇਟੀ ਆਫ ਮਿਸ਼ੀਗਨ ਦੇ ਪ੍ਰਧਾਨ, ਜੋ ਕਿ ਖੁਦ ਇੱਕ ਅਮਰੀਕਾ ਵਿੱਚ ਡੈਮੋਕਰੈਟਿਕ ਪਾਰਟੀ ਦੇ ਐਕਟਿਵ ਮੈਂਬਰ, ਇੰਡੀਅਨ ਨੈਸ਼ਨਲ ਕਾਂਗਰਸ ਮਿਸ਼ੀਗਨ ਸਟੇਟ ਦੇ ਪ੍ਰਧਾਨ ਅਤੇ ਇੰਡੀਅਨ ਨੈਸ਼ਨਲ ਕਾਂਗਰਸ ਆਫ ਨਾਰਥ ਅਮੈਰਿਕਾ ਉਪਪ੍ਰਧਾਨ ਹਨ ਅਤੇ ਬਹੁਤ ਵਾਰ ਸਨਮਾਨਿਤ ਹੋ ਚੁੱਕੇ ਹਨ ਤੇ ਹਰ ਤਰ੍ਹਾਂ ਦੀਆਂ ਗਤੀਵਿਧੀਆਂ ਵਿੱਚ ਵੱਧ ਚੜ੍ਹ ਕੇ ਹੱਸਾ ਲੈਂਦੇ ਹਨ ਨੇ ਇਸ ਫੈਸਲੇ ਦਾ ਸਖਤ ਸ਼ਬਦਾਂ ਵਿੱਚ ਵਿਰੋਧ ਕਰਦਿਆਂ ਸਰਕਾਰ ਨੂੰ ਇਹ ਫੈਸਲਾ ਵਾਪਸ ਲੈਣ ਲਈ ਕਿਹਾ ਹੈ। ਇਸ ਮੌਕੇ ਮਿਸ਼ੀਗਨ ਸਟੇਟ ਦੇ ਬਹੁਤ ਵੱਡੀ ਗਿਣਤੀ ਵਿੱਚ ਸੈਣੀ ਕਮਿਉਨਿਟੀ ਦੇ ਲੋਕ ਹਾਜ਼ਰ ਸਨ । ਜਿਨ੍ਹਾਂ ਵਿੱਚ ਪ੍ਰੋਫੈਸਰ ਰੇਸ਼ਮ ਸਿੰਘ ਸੈਣੀ, ਸਰਦਾਰ ਮਨਮੋਹਨ ਸਿੰਘ ਸਾਬਕਾ ਸੀਨੀਅਰ ਰਿਜਨਲ ਮੈਨੇਜਰ ਐਫ ਸੀ ਆਈ, ਉੱਘੇ ਲਿਖਾਰੀ ਸਰਦਾਰ ਅਮਨਦੀਪ ਸਿੰਘ, ਸਰਦਾਰ ਉਪਦੇਸ਼ ਸਿੰਘ, ਸਰਦਾਰ ਕਰਨੈਲ ਸਿੰਘ, ਮਨਦੀਪ ਸਿੰਘ, ਗਗਨਦੀਪ ਸਿੰਘ, ਰਹੁਲ ਸਿੰਘ, ਕਰਨ ਸਿੰਘ, ਤਰਸੇਮ ਸਿੰਘ , ਰਾਜਵਿੰਦਰ ਸਿੰਘ, ਗੁਰਬਚਨ ਸਿਮਘ , ਦਿਆਲ ਸਿੰਘ, ਸਖਬੀਰ ਸਿੰਘ, ਹਰਜਿੰਦਰ ਸਿੰਘ, ਆਦਿ ਹਾਜ਼ਰ ਸਨ।

# ਅਮਰੀਕੀ ਚੋਣ ਨਤੀਜਿਆਂ ’ਤੇ ਸਿੱਖਾਂ ਵਲੋਂ ਚਿੰਤਾ ਤੇ ਸੁਚੇਤ ਰਹਿਣ ਦੀ ਅਪੀਲ

**ਕੈਲੀਫੋਰਨੀਆ (ਹੁਸਨ ਲੜੋਆ ਬੰਗਾ)–** ਅਮਰੀਕੀ ਚੋਣਾਂ ਵਿਚ ਡੋਨਾਲਡ ਟਰੰਪ ਦੀ ਜਿੱਤ ’ਤੇ ਸਿੱਖ ਕੌਂਸਲ ਆਨ ਰਿਲੀਜਨ ਐਂਡ ਐਜੂਕੇਸ਼ਨ ਦੇ ਚੇਅਰਮੈਨ ਡਾ. ਰਾਜਵੰਤ ਸਿੰਘ ਨੇ ਚਿੰਤਾ ਜ਼ਾਹਿਰ ਕਰਦਿਆਂ ਕਿਹਾ ਹੈ ਕਿ ਚੋਣ ਨਤੀਜੇ ਅਣਕਿਆਸੇ ਹਨ ਤੇ ਕਈਆਂ ਲਈ ਹੈਰਾਨ ਕਰਨ ਵਾਲੇ। ਉਨ੍ਹਾਂ ਨੇ ਕਿਹਾ ਕਿ ਇਸ ਨੂੰ ਲੈਕੇ ਘੱਟ ਗਿਣਤੀਆਂ ਵਿਚ ਕਾਫੀ ਚਿੰਤਾ ਹੈ ਖਾਸ ਕਰਕੇ ਰੰਗ ਭੇਦ ਵਾਲੇ ਲੋਕਾਂ ਵਿਚ। ਉਨ੍ਹਾਂ ਨੇ ਕਿਹਾ ਕਿ ਆਪਣੇ ਚੋਣ ਪ੍ਰਚਾਰ ਦੌਰਾਨ ਹੀ ਡੋਨਾਲਡ ਟਰੰਪ ਨੇ ਕਈ ਨਸਲੀ ਤੇ ਘੱਟ ਗਿਣਤੀਆਂ ਵਿਰੁੱਧ ਬਿਆਨ ਦਿੱਤੇ ਹਨ ਜਿਸ ਨਾਲ ਉਹ ਕਾਫੀ ਚਿੰਤਤ ਸਨ ਤੇ ਇਸ ਨਤੀਜੇ ਨੇ ਉਨ੍ਹਾਂ ਨੂੰ ਸੁੰਨ ਕਰ ਦਿੱਤਾ ਹੈ। ਉਨ੍ਹਾਂ ਨੇ ਹੋਰ ਕਿਹਾ ਕਿ 9-11 ਦੀ ਖੌਫਨਾਕ ਘਟਨਾ ਤੋਂ ਬਾਅਦ ਸਿੱਖ ਭਾਈਚਾਰੇ ਨੂੰ ਅਕਸਰ ਨਫਰਤੀ ਅਪਰਾਧ ਦਾ ਨਿਸ਼ਾਨਾ ਬਣਾਇਆ ਜਾਂਦਾ ਰਿਹਾ ਹੈ ਤੇ ਇਸ ਚੋਣ ਪ੍ਰਚਾਰ ਦੌਰਾਨ ਮੁਸਲਿਮ ਵਿਰੋਧੀ ਬਿਆਨਾਂ ਨਾਲ ਤਾਂ ਪਿਛਲੇ 15 ਮਹੀਨਿਆਂ ਵਿਚ ਹੋਰ ਵਾਧਾ ਹੋਇਆ ਹੈ। ਇਸ ਲਈ ਸਿਖ ਭਾਈਚਾਰੇ ਨੂੰ ਸੁਚੇਤ ਰਹਿਣਾ ਪਵੇਗਾ ਤੇ ਆਸ ਕਰਦੇ ਹਾਂ ਕਿ ਦੇਸ਼ ਇਸ ਵੰਡ ਪਾਊ ਮਾਹੌਲ ਤੋਂ ਉਭਰੇ। ਉਨਾਂ ਨੇ ਮੰਨਿਆ ਕਿ ਕਲਿੰਟਨ ਦੇ ਮੁਹਿੰਮ ਪੇਂਡੂ ਇਲਾਕਿਆਂ ਵਿਚ ਟਰੰਪ ਦਾ ਸਾਹਮਣਾ ਕਰਨ ਵਿਚ ਨਾਕਾਮ ਰਹੀ ਹੈ। ਕੁਝ ਲੋਕ ਹਨ ਜੋ ਕਿ 2007 ਦੀ ਮੰਦੀ ਤੋਂ ਬਾਅਦ ਅਰਥਵਿਵਸਥਾ ਦੀ ਧੀਮੀ ਚਾਲ ਤੋਂ ਨਿਰਾਸ਼ ਸਨ ਤੇ ਕਲਿੰਟਨ ਦੀ ਮੁਹਿੰਮ ਉਨ੍ਹਾਂ ਦੀ ਇਸ ਨਿਰਾਸ਼ਤਾ ਨੂੰ ਦੂਰ ਕਰਨ ਵਿਚ ਨਾਕਾਮ ਰਹੀ ਹੈ। ਉਨ੍ਹਾਂ ਨੇ ਕਿਹਾ ਕਿ ਭਾਰਤੀ ਅਮਰੀਕੀਆਂ ਖਾਸ ਕਰਕੇ ਅਮਰੀਕੀ ਸਿੱਖਾਂ ਨੇ ਹਿਲੇਰੀ ਕਲਿੰਟਨ ਦੇ ਜ਼ੋਰਦਾਰ ਸਾਥ ਦਿੱਤਾ ਹੈ। ਮੈ ਖੁਦ ਫਿਲਾਡੈਲਫੀਆ ਵਿਚ ਸਿੱਖ ਵੋਟਰਾਂ ਵਿਚ ਹਿਲੇਰੀ ਦਾ ਜ਼ੋਰਦਾਰ ਚੋਣ ਪ੍ਰਚਾਰ ਕੀਤਾ ਸੀ। ਦੂਜੀ ਪੀੜੀ ਦੇ ਸਿੱਖ ਨੌਜਵਾਨਾਂ ਨੇ ਕਲਿੰਟਨ ਨੂੰ ਜਿਤਾਉਣ ਲਈ ਸਰਗਰਮੀ ਨਾਲ ਕੰਮ ਕੀਤਾ। ਡਾ. ਸਿੰਘ ਨੇ ਕਿਹਾ ਕਿ ਅਸੀ ਮਹਿਸੂਸ ਕਰਦੇ ਹਾਂ ਕਿ ਡੋਨਾਲਡ ਟਰੰਪ ਦੀ ਵੰਡ ਪਾਊ ਗੱਲ ਨੇ ਦੇਸ਼ ’ਤੇ ਨਾਪੱਖੀ ਪ੍ਰਭਾਵ ਪਾਇਆ ਹੈ। ਅਮਰੀਕਾ ਇਸ ਵੇਲੇ ਵੰਡਿਆ ਹੋਇਆ ਹੈ ਤੇ ਨਤੀਜਿਆਂ ਨੇ ਸੰਕੇਤ ਦਿੱਤਾ ਹੈ ਕਿ ਅਮਰੀਕੀ ਲੋਕ ਇਕ ਦੂਜੇ ਤੋਂ ਹੀ ਡਰਨ ਲਗ ਗਏ ਹਨ। ਰਾਸ਼ਟਰਪਤੀ ਟਰੰਪ ਨੂੰ ਦੇਸ਼ ਅਤੇ ਇਸ ਦੇ ਲੋਕਾਂ ਨੂੰ ਇਕੱਠਿਆਂ ਕਰਨਾ ਚਾਹੀਦਾ ਹੈ। ਕਾਫੀ ਮਰਹਮ ਪੱਟੀ ਦੇ ਲੋੜ ਹੈ ਤੇ ਅਸੀ ਆਸ ਕਰਦੇ ਹਾਂ ਕਿ ਉਹ ਇਸ ਤੋਂ ਉਪਰ ਉਠਣਗੇ ਤੇ ਉਨ੍ਹਾਂ ਦੀ ਅਗਵਾਈ ਵਿਚ ਭਰੋਸਾ ਪੈਦਾ ਕਰਨ ਲਈ ਰਾਹ ਤਿਆਰ ਕਰਨਗੇ। ਅਸੀ ਉਨ੍ਹਾਂ ਵਲੋਂ ਸਵਾਗਤੀ ਭਾਸ਼ਣ ਵਿਚ ਦਿੱਤੇ ਗਏ ਏਕਤਾ ਦੇ ਸੱਦੇ ਦਾ ਸਵਾਗਤ ਕਰਦੇ ਹਾਂ। ਉਨ੍ਹਾਂ ਨੇ ਕਿਹਾ ਅਮਰੀਕੀ ਸਿੱਖਾਂ ਨੇ ਇਸ ਦੇਸ਼ ਨੂੰ ਮਜ਼ਬੂਤ ਬਣਾਉਣ ਲਈ ਸਖਤ ਮਿਹਨਤ ਕੀਤੀ ਹੈ ਤੇ ਅਗੋਂ ਵੀ ਕਰਦੇ ਰਹਿਣਗੇ। ਅਸੀ ਇਸ ਦੇਸ਼ ਨੂੰ ਬੇਹੱਦ ਪਿਆਰ ਕਰਦੇ ਹਾਂ ਤੇ ਅਸੀ ਇਹ ਯਕੀਨੀ ਬਣਾਉਣਾ ਚਾਹੁੰਦੇ ਹਾਂ ਕਿ ਅਮਰੀਕਾ ਹਮੇਸ਼ਾ ਇਕ ਇਹੋ ਜਿਹਾ ਆਜ਼ਾਦ ਮੁਲਕ ਰਹੇ ਜਿਥੇ ਸਾਰਿਆਂ ਨੂੰ ਮੌਕੇ ਮਿਲੇ ਤੇ ਪੂਰੀ ਖੁਲ ਹੋਵੇ। ਅਸੀ ਨਵੀਂ ਅਗਵਾਈ ਨਾਲ ਉਸਾਰੂ ਤੇ ਹਾਂ ਪੱਖੀ ਭੂਮਿਕਾ ਨਿਭਾਉਂਦੇ ਰਹਾਂਗੇ।

## ਸ਼ਹੀਦੀ ਕਰਤਾਰ ਸਿੰਘ ਸਰਾਭਾ ਅਤੇ ਉਨਾਂ ਦੇ ਸਾਥੀਆ ਦਾ ਸ਼ਹੀਦੀ ਦਿਨ

# ਗਦਰ ਮੈਮੋਰੀਅਲ ਸਾਨਫਰਾਸਿਸਕੋ ਫਿਰ ਮਨਾਇਆ ਗਿਆ





**ਸਾਨਫਰਾਸਿਸਕੋ (ਬਿਊਰੋ)–** ਮਹਾਨ ਸ਼ਹੀਦ ਸਰਦਾਰ ਕਰਤਾਰ ਸਿੰਘ ਸਰਾਭਾ ਦਾ 101 ਵਾਂ ਸ਼ਹੀਦੀ ਦਿਨ ਗਦਰ ਪਾਰਟੀ ਦੇ ਦਫਤਰ, ਗਦਰ ਮੈਮੋਰੀਅਲ ਸ਼ੈਨਫਰਾਸਿਸਕੋ (ਯੁਗਾਤਰ ਆਸ਼ਰਮ) ਵਿਚ 12 ਨਵੰਬਰ ਨੂੰ ਇਕ ਭਰਪੂਰ ਇਕੱਤਰਤਾ ਕਰਕੇ ਮਨਾਇਆ ਗਿਆ। ਇੰਡੋ ਅਮੈਰੀਕਨ ਹੈਰੀਟੇਜ਼ ਫੋਰਮ ਫਰਿਜ਼ਨੋ, ਗਦਰ ਮੈਮੋਰੀਅਲ ਫਾਉਡੇਸ਼ਨ ਆਫ ਕੈਲੇਫੋਰਨੀਆਂ ਸੈਕਰਾਮੈਂਟੋ ਅਤੇ ਇੰਡੋ ਅਮੈਰੀਕਨ ਦੇਸ਼ ਭਗਤ ਫਾਉਡੇਸ਼ਨ ਬੇ-ਏਰੀਆ ਵਲੋਂ ਕਾਸਲੇਟ ਜਨਰਲ ਆਫ ਇੰਡੀਆ ਦੇ ਸਹਿਯੋਗ ਨਾਲ ਮਨਾਇਆ ਗਿਆ। ਇਸ ਸਮਾਗਮ ਵਿਚ 140 ਦੇ ਕਰੀਬ ਆਦਮੀ ਅਤੇ ਔਰਤਾਂ ਨੇ ਬੜੇ ਉਤਸ਼ਾਹ ਨਾਲ ਭਾਗ ਲਿਆ ਜੋ ਕੇ ਕੈਲੇਫੋਰਨੀਆਂ ਦੇ ਵੱਖ ਵੱਖ ਸ਼ਹਿਰਾਂ ਤੋਂਜਿਵੇਂ ਸੈਕਰੋਮੈਂਟੋ, ਮੋਡੈਸਟੋ, ਮਰਸਿਡ, ਫਰੇਜਨੋ, ਸਟਾਕਟਨ, ਫਰੀਮੌਂਟ, ਵਲੇਹੋ, ਸੈਨਹੋਜੇ ਅਤੇ ਸਾਂਨਫਰਾਸਿਸਕੋ। ਸਰਵ ਸ੍ਰੀ ਦਿਲਬਾਗ ਸਿੰਘ ਸੰਧੂ, ਸੁਰਜੀਤ ਸਿੰਘ ਅਟਵਾਲ ਅਤੇ ਸ੍ਰ ਗਮਦੂਰ ਸਿੰਘ ਗਿੱਲ ਦੀ ਪ੍ਰਧਾਨਗੀ ਵਿਚ ਹੋਏ ਇਸ ਸਮਾਗਮ ਦੀ ਸ਼ੁਰੂਆਤ ਡਿਪਟੀ ਕਾਂਸਲੇਟ ਜਨਰਲ ਸ੍ਰੀ ਰੋਹਿਤ ਰਾਥੀਸ਼ ਨੇ ਆਪਣੀ ਤਕਰੀਰ ਨਾਲ ਕੀਤੀ।ਉਨਾਂ ਸਮਾਗਮ ਵਿਚ ਪਹੁੰਚੇ ਹੋਏ ਸਮੂਹ ਲੋਕਾਂ ਦਾ ਸਵਾਗਤ ਕੀਤਾ ਅਤੇ ਦੇਸ਼ ਭਗਤ ਸੁਹਿਰਦ ਸ਼ਹੀਦਾਂ ਨੂੰ ਆਪਣੀ ਸ਼ਰਧਾਜਲੀ ਅਰਪਣ ਕੀਤੀ। ਰਾਜ ਬਰਾੜ ਦੇ ਦੇਸ਼ ਭਗਤੀ ਭਿੰਨੇ ਗੀਤ ਤੋਂ ਬਾਅਦ ਸ੍ਰ ਗੁਰਦੀਪ ਸਿੰਘ ਅਣਖੀ ਨੇ ਗਦਰ ਪਾਰਟੀ ਦੇ ਆਸ਼ਿਆ ਤੇ ਚਾਨਣ ਪਾਇਆ ਅਤੇ ਉਹਨਾਂ ਨੂੰ ਮਜਹਬੀ ਆਧਾਰ ਤੇ ਵੰਡਣ ਦੀਆਂ ਕੋਸ਼ਿਸ਼ਾ ਦੀ ਪੁਰਜੋਰ ਨਿਖੇਧੀ ਕੀਤੀ।ਉਹਨਾਂ ਨੇ ਨਵੰਬਰ 16, 1915 ਨੂੰ ਲਾਹੌਰ ਜੇਲ ਵਿਚ ਫਾਸ਼ੀ ਤੇ ਚੜਣ ਵਾਲੇ ਸ੍ਰ ਕਰਤਾਰ ਸਿੰਘ ਸਰਾਭਾ ਅਤੇ ਉਹਨਾਂ ਦੇ 6 ਹੋਰ ਸਾਥੀਆ ਸ੍ਰ ਬਖਸ਼ੀਸ ਸਿੰਘ, ਸ੍ਰ ਸਰੈਣ ਸਿੰਘ (ਛੋਟਾ), ਸ੍ਰ ਸਰੈਣ ਸਿੰਘ (ਵੱਡਾ), ਸ੍ਰ ਹਰਨਾਮ ਸਿੰਘ, ਸ੍ਰ ਜਗਤ ਸਿੰਘ ਅਤੇ ਸ੍ਰੀ ਵਿਸ਼ਣੂ ਗਿਣੇਸ਼ ਪਿੰਗਲੇ ਦੀ ਸੋਚ ਤੋ ਰੋਸ਼ਨੀ ਲੈ ਕੇ ਅੱਜ ਦੇ ਸਮਾਜ ਦੀਆ ਸਮੱਸਿਆਵਾਂ ਪ੍ਰਤੀ ਜਾਗਰੂਕ ਹੋਣ ਦੀ ਪਰੇਰਨਾ ਕੀਤੀ।

ਇਸਤਰੀ ਸਭਾ ਪੰਜਾਬ ਦੀ ਆਗੂ ਬੀਬੀ ਨਿਰਮਲਾ ਦੇਵੀ ਨੇ ਸ਼ਹੀਦਾਂ ਪ੍ਰਤੀ ਸ਼ਰਧਾਜਲੀ ਪੇਸ਼ ਕਰਦਿਆ ਭਰਪੂਰ ਇਕੱਠ ਲਈ ਸੰਸਥਾਵਾਂ ਨੂੰ ਵਧਾਈ ਦਿਤੀ। ਡਾ. ਮਲਕੀਤ ਸਿੰਘ ਕਿੰਗਰਾ ਨੇ ਭਾਵਪੂਰਤ ਕਵਿਤਾਵਾ ਦੇ ਹਵਾਲੇ ਕੇ ਕੇ ਸੱਚੇ ਸੁਚੇ ਦੇਸ਼ ਭਗਤ ਪਰਵਾਨਿਆਂ ਨੂੰ ਆਪਣੀ ਸ਼ਰਧਾ ਦੇ ਫੁੱਲ ਭੇਂਟ ਕੀਤੇ। ਸ੍ਰ ਦਵਿੰਦਰ ਸਿੰਘ ਨਾਮਧਾਰੀ ਜੀ ਨੇ ਬਾਬਾ ਰਾਮ ਸਿੰਘ ਪ੍ਰਤੀ ਸ਼ਰਧਾ ਭਰੀ ਕਵਿਤਾ ਪੜੀ।

ਸ੍ਰ ਪਰੀਤਮ ਸਿੰਘ ਗਰੇਵਾਲ ਗਦਰ ਮੈਮੋਰੀਅਲ ਦੀ ਮੁੜ ਉਸਾਰੀ ਪ੍ਰਤੀ ਯਤਨਾ ਵਾਸਤੇ ਸਮੂਹ ਸੰਸਥਾਵਾਂ ਦਾ ਧੰਨਵਾਦ ਕੀਤਾ ਅਤੇ ਇਸ ਨੂੰ ਵੱਡੀ ਪਰਾਪਤੀ ਦੱਸਿਆ ਉਨਾ ਨੇ ਕਾਂਸਲੇਟ ਆਫਸ ਤੋਂ ਮੰਗ ਵੀ ਕੀਤੀ ਕੇ ਸ਼ਹੀਦਾ ਨਾਲ ਸਬੰਧਤ ਹੋਰ ਵੀ ਵਸਤਾਂ ਜੋ ਹੇਠਲੇ ਕਮਰੇ ਵਿਚ ਬੰਦ ਹਨ ਨੂੰ ਲੋਕਾਂ ਦੇ ਦੇਖਣ ਲਈ ਰੱਖਿਆ ਜਾਵੇ।ਅਮਰਜੀਤ ਜੌਹਲ, ਹਰਜੀਤ ਸਿੰਘ ਮਰਸਿਡ ਅਤੇ ਪ੍ਰਿੰ ਹਜੂਰਾ ਸਿੰਘ ਦੇ ਸੁਰੀਲੇ ਗੀਤਾਂ ਅਤੇ ਕਵਿਤਾਵਾਂ ਨੇ ਸਮਾਗਮ ਨੂੰ ਚਾਰ ਚੰਨ ਲਾਏ।ਮਾਸਟਰ ਹਰਮੇਸ਼ ਲਾਲ ਹੁਣਾ ਦੇ ਵੀ ਸ੍ਰ ਕਰਤਾਰ ਸਿੰਘ ਸਰਾਭਾ ਦੀ ਕਵਿਤਾ ਗਾ ਕੇ ਸੁਣਾਈ।ਮਾਸਟਰ ਲਛਮਣ ਸਿੰਘ ਰਾਠੌਰ ਅਤੇ ਸ੍ਰ ਗੁਰਦੇਵ ਸਿੰਘ ਘਣਗਸ ਨੇ ਆਪਣੀ ਸ਼ਰਧ-ਾਜਲੀ ਪ੍ਰਭਾਵਸ਼ਾਲੀ ਕਵਿਤਾਵਾਂ ਰਾਹੀ ਪੇਸ਼ ਕੀਤੀ।

ਸ੍ਰ ਹਰਨੇਕ ਸਿੰਘ ਨੇ ਵੀ ਇਕ ਕਵਿਤਾ ਸੁਣਾ ਕੇ ਆਪਣੀ ਸ਼ਰਧਾਜਲੀ ਪੇਸ਼ ਕੀਤੀ।ਫਰਿਜਨੋ ਜਥੇ ਨਾਲ ਆਈ ਬੀਬੀ ਸੁਰਜੀਤ ਕੋਰ ਨੇ ਵੀ ਦੇਸ਼ ਭਗਤੀ ਨੂੰ ਪਰਣਾਏ ਆਪਣੇ ਪਰਿਵਾਰ ਬਾਰੇ ਸੰਖੇਪ ਵਿਚ ਗਲ ਕੀਤੀ।

ਆਖੀਰ ਵਿਚ ਸੁਰਿੰਦਰ ਸਿੰਘ ਮੰਢਾਲੀ ਨੇ ਦੂਰੋ ਦੂਰੋਂ ਆਈਆ ਸਭ ਸਖਸ਼ੀਅਤਾਂ ਦਾ ਧੰਨਵਾਦ ਕੀਤਾ ਅਤੇ ਕੌਂਸਲੇਟ ਆਫਿਸ ਦੇ ਸਹਿਯੋਗ ਦੀ ਸਰਾਹਨਾ ਕੀਤੀ। ਉਨਾ ਨੇ ਲੋਕਾਂ ਨੂੰ ਸੱਦਾ ਦਿਤਾ ਕੇ ਉਹ ਫੋਰਮ ਵਲੋਂ 20 ਨਵੰਬਰ 2016 ਨੂੰ ਫਰਿਜਨੋ ਵਿਚ ਕਰਵਾਏ ਜਾ ਰਹੇ ਇਕ ਹੋਰ ਸਮਾਗਮ ਵਿਚ ਵੀ ਇਸੇ ਤਰਾਂ ਸ਼ਾਮਲ ਹੋਣ। ਇਹ ਸਾਮਗਮ ਇੰਡੀਆ ਉਵਨ ਦੇ ਹਾਲ ਵਿਚ ਦੁਪਿਹਰ ਬਾਅਦ 2 ਵਜੇ ਤੋਂ 5 ਵਜੇ ਤੱਕ ਹੋਵੇਗਾ।

ਇੰਡੋ ਅਮੈਰੀਕਨ ਦੇਸ਼ ਭਗਤ ਫਾਉਡੇਸ਼ਨ ਵਲੋਂ ਲੰਗਰ ਅਤੇ ਅਟਵਾਲ ਭਰਾਵਾਂ ਵਲੋ ਗੰਨੇ ਦੀ ਰਸ ਦੀ ਸੇਵਾ ਦੀ ਬਹੁਤ ਸਰਾਹਨਾ ਹੋਈ। ਹਰਜਿੰਦਰ ਢੇਸੀ ਵਲੋਂ ਸਟੇਜ ਸਕੱਤਰ ਦੀ ਸੇਵਾ ਖੂਬ ਰਹੀ।

# ਪਾਣੀਆਂ ਦੇ ਵਿਵਾਦ ਵਿਚ ਫਿਰ ਘਿਰੀ ਪੰਜਾਬ ਦੀ ਸਿਆਸਤ

**(ਸਫਾ 1 ਦੀ ਬਾਕੀ)**

ਪਾਰਟੀ ਦਾ ਕਹਿਣਾ ਹੈ ਕਿ ਸੁਪਰੀਮ ਕੋਰਟ ਵੱਲੋਂ ਇਹ ਕਹਿਣਾ ਕਿ ਪੰਜਾਬ ਨੂੰ ਪਹਿਲਾਂ ਟ੍ਰਿਬਿਊਨਲ ਬਣਵਾਉਣ ਲਈ ਕਹਿਣਾ ਚਾਹੀਦਾ ਹੈ, ਬਿਲਕੁਲ ਤਰਕਸੰਗਤ ਨਹੀਂ ਕਿਉਂਕਿ ਪੰਜਾਬ ਨੇ ਇਸ ਸਬੰਧੀ ਅਰਜ਼ੀ ਪਹਿਲਾਂ ਹੀ ਦਾਇਰ ਕੀਤੀ ਹੋਈ ਹੈ। ਅਕਾਲੀ ਦਲ ਨੇ ਦਰਿਆਈ ਪਾਣੀਆਂ ਦੇ ਮਾਮਲੇ ’ਤੇ ਹੋਈ ਬੇਇਨਸਾਫ਼ੀ ਲਈ ਕਾਂਗਰਸੀ ਆਗੂਆਂ ਸਾਬਕਾ ਪ੍ਰਧਾਨ ਮੰਤਰੀ ਇੰਦਰਾ ਗਾਂਧੀ, ਦਰਬਾਰਾ ਸਿੰਘ, ਗਿਆਨੀ ਜ਼ੈਲ ਸਿੰਘ ਦੇ ਨਾਲ-ਨਾਲ ਕੈਪਟਨ ਅਮਰਿੰਦਰ ਸਿੰਘ ਨੂੰ ਦੋਸ਼ੀਠਹਿਰਾਇਆ।

**ਸੁਪਰੀਮ ਕੋਰਟ ’ਚ ਬਾਦਲਾਂ ਵਿਰੁੱਧ ਮਾਣਹਾਨੀ ਪਟੀਸ਼ਨ ਦਾਖ਼ਲ**

ਸੁਪਰੀਮ ਕੋਰਟ ਨੇ ਪੰਜਾਬ ਦੇ ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਤੇ ਉਪ ਮੁੱਖ ਮੰਤਰੀ ਸੁਖਬੀਰ ਸਿੰਘ ਬਾਦਲ ਵਿਰੁੱਧ ਅਦਾਲਤੀ ਮਾਣਹਾਨੀ ਪਟੀਸ਼ਨ ’ਤੇ ਸੁਣਵਾਈ ਲਈ ਅੱਜ ਸਹਿਮਤੀ ਦੇ ਦਿੱਤੀ। ਇਹ ਪਟੀਸ਼ਨ ਗੁਆਂਢੀ ਸੂਬਿਆਂ ਨਾਲ ਦਰਿਆਈ ਪਾਣੀਆਂ ਦੀ ਵੰਡ ਬਾਰੇ ਸੁਪਰੀਮ ਕੋਰਟ ਦੇ ਹੁਕਮ ਦੀ ਉਲੰਘਣਾ ਵਾਲੇ ਬਿਆਨ ਦੇਣ ਉਤੇ ਪਾਈ ਗਈ ਸੀ। ਚੀਫ ਜਸਟਿਸ ਟੀ.ਐਸ. ਠਾਕੁਰ ਦੀ ਅਗਵਾਈ ਹੇਠਲੇ ਬੈਂਚ ਨੇ ਕਿਹਾ ਕਿ ਇਸ ਪਟੀਸ਼ਨ ’ਤੇ ਸੁਣਵਾਈ ਢੁਕਵੀਂ ਪ੍ਰਕਿਰਿਆ ਮੁਤਾਬਕ ਹੋਵੇਗੀ। ਇਹ ਪਟੀਸ਼ਨ ਰੋਹਤਕ ਆਧਾਰਤ ਐਨਜੀਓ ’ਟੂ ਪਲੱਸ ਫਾਈਵ ਮੁਧੇ ਜਨ ਅੰਦੋਲਨ’ ਦੇ ਪ੍ਰਧਾਨ ਸਤਵੀਰ ਸਿੰਘ ਹੁੱਡਾ ਨੇ ਪਾਈ। 10 ਨਵੰਬਰ ਨੂੰ ਸੁਪਰੀਮ ਕੋਰਟ ਦੇ ਸੰਵਿਧਾਨਕ ਬੈਂਚ ਨੇ ’ਪੰਜਾਬ ਟਰਮੀਨੇਸ਼ਨ ਆਫ ਐਗਰੀਮੈਂਟਸ ਐਕਟ 2004’ ਨੂੰ ਗ਼ੈਰ ਸੰਵਿਧਾਨਕ ਐਲਾਨਿਆ ਸੀ।

# ਜੀਤ ਜਗਜੀਤ ਨੇ ਫਰਿਜ਼ਨੋ ਵਿੱਖੇ ਸੱਭਿਆਚਾਰਿਕ ਅਤੇ ਮਿਆਰੀ ਗੀਤਾਂ ਦੀ ਝੜੀ ਲਾਈ

**ਫਰਿਜ਼ਨੋ (ਕੈਲੇਫੋਰਨੀਆਂ) ਨੀਟਾ ਮਾਛੀਕੇ / ਕੁਲਵੰਤ ਧਾਲੀਆਂ–** ਉਘੇ ਲੋਕ ਗਾਇਕ ਜੀਤ ਜਗਜੀਤ ਅੱਜ ਕੱਲ ਪੰਜਾਬੀ-ਫੋਕ-ਲੋਰ ਦੇ ਬੈਂਨਰ ਹੇਠ ਸ਼ੋਅ ਕਰਨ ਲਈ ਅਮਰੀਕਾ ਦੀ ਧਰਤੀ ਤੇ ਪਹੁੰਚੇ ਹੋਏ ਹਨ। ਇਸੇ ਕੜੀ ਤਹਿਤ ਉਹਨਾਂ ਦਾ ਦੂਸਰਾ ਸ਼ੋਅ ਫਰਿਜ਼ਨੋ ਸ਼ਹਿਰ ਦੇ ਸੈਂਟਰਲ ਹਾਈ ਸਕੂਲ ਦੇ ਈਸਟ ਕੈਂਪਸ ਵਿੱਖੇ ਹੋਇਆ। ਜਿਥੇ ਵੱਡੀ ਗਿਣਤੀ ਵਿੱਚ ਪੰਜਾਬੀਆਂ ਨੇ ਪਹੁੰਚਕੇ ਜੀਤ ਜਗਜੀਤ ਦੀ ਮਿਆਰੀ ਗਾਇਕੀ ਦਾ ਅਨੰਦ ਮਾਣਿਆ।

ਤਕਰੀਬਨ ਤਿੰਨ ਘੰਟੇ ਚੱਲੇ ਇਸ ਸ਼ੋਅ ਨੂੰ ਪੰਜਾਬੀ ਸਰੋਤਿਆਂ ਨੇ ਸਾਹ ਰੋਕਕੇ ਸੁਣਿਆ ਅਤੇ ਨਾਨ ਸਟਾਪ ਚੱਲੇ ਇਸ ਸੱਭਿਆਚਾਰਿਕ ਅਤੇ ਪਰਿਵਾਰਕ ਸ਼ੋਅ ਦੌਰਾਨ ਜੀਤ ਜਗਜੀਤ ਨੇ ਆਪਣੇ ਨਵੇਂ ਪੁਰਾਣੇ ਮਿਆਰੀ ਗੀਤਾਂ ਦੀ ਜਿਵੇਂ ਝੜੀ ਲਾ ਦਿੱਤੀ ਹੋਵੇ। ਸ਼ੋਰ ਸ਼ਰਾਬੇ ਵਾਲੇ ਸੰਗੀਤ ਤੋਂ ਹੱਟਕੇ ਅਲੋਪ ਹੋ



ਰਹੇ ਰਵਾਇਤੀ ਸਾਜ ਢੱਡ-ਸਰੰਗੀ ਦੀ ਜੁਗਲਬੰਦੀ ਨੇ ਸਰੋਤਿਆਂ ਨੂੰ ਕੀਲੀ ਰੱਖਿਆ। ਸਾਫ਼ ਸੁਥਰੀ ਸ਼ਾਇਰੀ ਅਤੇ ਸੱਭਿਆਚਾਰਿਕ ਗਾਇਕੀ ਦਾ ਲੋਕਾਂ ਨੇ ਤਾੜੀਆਂ ਦੀ ਗੂੰਜ ਨਾਲ ਸੁਆਗਤ ਕੀਤਾ। ਇਸ ਮੌਕੇ ਰੇਡੀਓ ਪੰਜਾਬ ਦੀ ਟੀਮ ਅਤੇ ਸਪਾਂਸਰ ਸੱਜਣਾ ਨੂੰ ਸਨਮਾਨਿਤ ਵੀ ਕੀਤਾ ਗਿਆ।

ਪੰਜਾਬੀ ਸੰਗੀਤ ਨੂੰ ਵਿਦੇਸ਼ਾਂ ਵਿੱਚ ਪ੍ਰਫੁੱਲਿਤ ਕਰਨ ਵਾਲੇ ਪਾਲ ਮਾਹਿਲ ਖਾਸ ਤੌਰ ਤੇ ਕਨੇਡਾ ਤੋਂ ਇਸ ਸ਼ੋਅ ਵਿੱਚ ਸ਼ਿਰਕਤ ਕਰਨ ਲਈ ਪਹੁੰਚੇ ਹੋਏ ਸਨ। ਸਟੇਜ ਸੰਚਾਲਨ ਰੇਡੀਓ ਹੋਸਟ ਗੁਰਪ੍ਰੀਤ ਧਾਲੀਵਾਲ ਨੇ ਬਾਖੂਬੀ ਕੀਤੀ। ਅਖੀਰ ਨੂੰ ਲੋਕਾਂ ਦੀਆਂ ਆਸਾਂ ਤੇ ਖਰਾ ਉੱਤਰਦਾ ਇਹ ਸ਼ੋਅ ਸੱਭਿਆਚਾਰਿਕ ਰੰਗ ਵਿੱਚ ਗੜੁੱਚ ਕਾਮਯਾਬ ਹੋ ਨਿਬੜਿਆ। ਇਸ ਸ਼ੋਅ ਦੇ ਯਾਦਗਾਰੀ ਪਲਾਂ ਨੂੰ ਕੈਮਰਾਬੱਧ ਮੋਗਾ ਵੀਡੀਓ ਫਾਟ ਕਾਮ ਨੇ ਕੀਤਾ।

# ਆਹ! ਬਲਦੇਵ ਰਾਜ ਪਾਬਲਾ

**ਸੈਨਹੋਜ਼ੇ (ਚਰਨਜੀਤ ਸਿੰਘ ਪੰਨੂ)–** ਪੰਜਾਬੀ ਭਾਈਚਾਰੇ ਵਾਸਤੇ ਇਹ ਦੁਖਦਾਈ ਖਬਰ ਹੈ ਕਿ ਸਮਾਜ ਦੇ ਹਰਮਨ ਪਿਆਰੇ ਸਮਾਜ ਸੁਧਾਰਕ ਬਲਦੇਵ ਰਾਜ ਪਾਬਲਾ ਮਿਤੀ ਦਸ ਨਵੰਬਰ 2016 ਨੂੰ ਕੈਲੇਫੋਰਨੀਆ ਦੇ ਹਸਪਤਾਲ ਸੈਨਹੋਜ਼ੇ ਵਿਖੇ ਦਿਲ ਦੇ ਓਪਰੇਸ਼ਨ ਤੋਂ ਬਾਦ ਵਾਪਸ ਹੋਸ਼ ਵਿਚ ਨਹੀਂ ਪਰਤੇ। ਫਗਵਾੜਾ ਦੇ ਰਹਿਣ ਵਾਲੇ ਪਾਬਲਾ ਜੀ ਬਹੁਤ ਹੀ ਮਿਠਬੋਲੇ ਤੇ ਹਰੇਕ ਦੇ ਕੰਮ ਆਉਣ ਵਾਲੀ ਸ਼ਖਸੀਅਤ ਸਨ। ਹੁਸ਼ਿਆਰਪੁਰ ਵਿਖੇ ਵਿੱਦਿਅਕ ਮਹਿਕਮੇ ਤੋਂ ਸੇਵਾਮੁਕਤੀ ਤੋਂ ਬਾਦ ਉਨ੍ਹਾਂ ਖੇਤੀ ਬਾੜੀ ਨੂੰ ਆਪਣਾ ਰੁਝੇਵਾਂ ਬਣਾ ਲਿਆ। ਕੋਲਡ ਸਟੋਰ ਲਗਾਇਆ ਤੇ ਨਿ-ਪੁੰਨ ਉਦਯੋਗਪਤੀ ਸਾਬਤ ਹੋਏ। ਪਿਛਲੇ ਅੱਠ ਦਸ ਸਾਲ ਤੋਂ ਐਵਰਗਰੀਨ ਲਾਇਬਰੇਰੀ ਸੈਨਹੋਜ਼ੇ ਵਿਖੇ ਉਹ ਮੁਫ਼ਤ



ਸਿਟੀਜ਼ਨ ਕਲਾਸ ਲੈਂਦੇ ਰਹੇ ਜਿੱਥੇ ਉਨ੍ਹਾਂ ਦੇ ਪੜ੍ਹਾਏ ਦੋ ਸੌ ਤੋਂ ਵੱਧ ਉਮੀਦਵਾਰਾਂ ਨੇ ਅਮਰੀਕਾ ਦੀ ਸਿਟੀਜ਼ਨਸ਼ਿਪ ਹਾਸਲ ਕੀਤੀ। ਕੁੱਝ ਦੇਰ ਪਹਿਲਾਂ ਉਹ ਆਪਣੇ ਛੋਟੇ ਬੇਟੇ ਕੋਲ ਪੋਰਟਲੈਂਡ ਓਰੇਗਨ ਚਲੇ ਗਏ ਜਿੱਥੇ ਉਨ੍ਹਾਂ ਆਪਣਾ ਸਿਟੀਜ਼ਨ ਕਲਾਸ ਦਾ ਕੰਮ ਜਾਰੀ ਰੱਖਿਆ। ਉੱਥੇ ਓਰੇਗਨ ਸਟੇਟ ਯੂਨੀਵਰਸਿਟੀ ਤੋਂ ਮਾਸਟਰ ਗਾਰਡਨਰ ਦਾ ਸਰਟੀਫਿਕੇਟ ਹਾਸਲ ਕਰ ਕੇ ਸਿਟੀ ਨਾਲ ਵਲੰਟੀਅਰ ਦੇ ਤੌਰ ਤੇ ਅਖੀਰ ਤੱਕ ਮੁਫ਼ਤ ਸੇਵਾ ਕਰਦੇ ਰਹੇ। ਗੁਰਦੁਆਰੇ ਦੀ ਕਿਚਨ ਗਾਰਡਨ ਵਿਚ ਵੀ ਉਨ੍ਹਾਂ ਚੰਗਾ ਹੱਥ ਵਟਾਇਆ ਤੇ ਬੱਚਿਆਂ ਨੂੰ ਸਿਖਲਾਈ ਦੇ ਕੇ ਇਸ ਵੱਲ ਰੁਚਿਤ ਕੀਤਾ। ਉਹ ਆਪਣੇ ਪਿੱਛੇ ਦੋ ਬੇਟੇ, ਇੱਕ ਬੇਟੀ ਤੇ ਪਤਨੀ ਤੋਂ ਇਲਾਵਾ ਛੇ ਗਰੈਂਡ ਚਿਲਡਰਨ ਛੱਡ ਗਏ ਹਨ। ਉਨ੍ਹਾਂ ਦੇ ਬੇਟੇ ਰਾਕੇਸ਼ ਕੁਮਾਰ ਅਨੁਸਾਰ ਸਸਕਾਰ 'ਚੈਪਲ ਆਫ਼ ਡੀ ਚਾਈਮ, 32992 ਮਿਸ਼ਨ ਬੁਲੇਵਾਰਡ, ਹੇਵਰਡ 94544' ਵਿਖੇ ਮਿਤੀ 18 ਨਵੰਬਰ 2016 ਦੁਪਹਿਰ ਬਾਰਾਂ ਵਜੇ ਤੋਂ ਦੋ ਵਜੇ ਵਿਚਕਾਰ ਪਵੇਗਾ। ਭੋਗ ਤੇ ਅੰਤਿਮ ਅਰਦਾਸ ਮੁਰੀਲੋ ਰੋਡ ਗੁਰਦੁਆਰਾ ਸੈਨਹੋਜ਼ੇ ਵਿਖੇ ਤਿੰਨ ਵਜੇ ਤੋਂ ਪੰਜ ਵਜੇ ਹੋਵੇਗੀ। ਹੋਰ ਜਾਣਕਾਰੀ ਵਾਸਤੇ ਫ਼ੋਨ ਨੰਬਰ 4087280058 ਤੇ ਸੰਪਰਕ ਕੀਤਾ ਜਾ ਸਕਦਾ ਹੈ।

## ਸ੍ਰੀ ਗੁਰੂ ਨਾਨਕ ਦੇਵ ਜੀ ਦਾ ਪ੍ਰਕਾਸ਼ ਦਿਹਾੜਾ 18 ਤੋਂ 20 ਨਵੰਬਰ ਨੂੰ

**ਪਿਟਸਬਰਗ–** ਸ੍ਰੀ ਗੁਰੂ ਰਵਿਦਾਸ ਸਭਾ ਪਿਟਸਬਰਗ (ਕੈਲੇਫੋਰਨੀਆ) ਵੱਲੋਂ ਪਹਿਲੀ ਪਾਤਸ਼ਾਹੀ ਸਤਿਗੁਰੂ ਨਾਨਕ ਦੇਵ ਜੀ ਦਾ ਪ੍ਰਕਾਸ਼ ਦਿਹਾੜਾ 20 ਨਵੰਬਰ ਨੂੰ ਮਨਾਇਆ ਜਾ ਰਿਹਾ ਹੈ। ਇਸ ਸਬੰਧਤ 18 ਨਵੰਬਰ ਨੂੰ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਪ੍ਰਾਰੰਭ ਹੋਣਗੇ। ਇਸ ਮੌਕੇ 20 ਨਵੰਬਰ ਨੂੰ ਭੋਗ ਉਪਰੰਤ ਰਸ ਭਿੰਨਾ ਕੀਰਤਨ ਅਤੇ ਸ਼ਬਦ ਗਾਇਨ ਗਿਆਨੀ ਭੁਪਿੰਦਰ ਸਿੰਘ, ਗਿਆਨੀ ਓਮਪਾਲ ਸਿੰਘ, ਗਿਆਨੀ ਗੁਰਨਾਮ ਸਿੰਘ ਜੀ ਅਤੇ ਗਿਆਨੀ ਪ੍ਰਕਾਸ਼ ਸਿੰਘ ਜੀ ਅਤੇ ਜਥਿਆਂ ਵੱਲੋਂ ਕੀਤਾ ਜਾਵੇਗਾ। ਇਸ ਮੌਕੇ ਪ੍ਰਸਿੱਧ ਗਾਇਕ ਬੀਬ ਜਸਪਿੰਦਰ ਰੇਣਾ ਅਤੇ ਹੋਰ ਕੀਰਤਨਕਾਰ ਸ਼ਬਦ ਕੀਰਤਨ ਅਤੇ ਗੁਰੂ ਦੀ ਮਹਿਮਾ ਗਾਉਣਗੇ। ਹੋਰ ਜਾਣਕਾਰੀ ਲਈ ਸ੍ਰੀ ਗੁਰੂ ਰਵਿਦਾਸ ਸਭਾ ਪਿਟਸਬਰਗ ਦੇ ਚੇਅਰਮੈਨ ਸ੍ਰੀ ਸ਼ਿੰਦਰ ਪਾਲ ਨਰੇਬਟ ਜਾਂ ਹੋਰ ਕਮੇਟੀ ਦੇ ਸੇਵਾਦਾਰਾਂ ਨਾਲ ਸੰਪਰਕ ਕੀਤਾ ਜਾ ਸਕਦਾ ਹੈ।

# ਫਰਿਜ਼ਨੋ ਵਿਖੇ ਨਵੇਂ ਸਪੋਰਟਸ ਕਲੱਬ ਦਾ ਗਠਨ



**ਫਰਿਜ਼ਨੋ (ਕੈਲੇਫੋਰਨੀਆਂ) ਨੀਟਾ ਮਾਛੀਕੇ / ਕੁਲਵੰਤ ਧਾਲੀਆਂ–** ਖੇਡਾਂ ਨੂੰ ਉਤਸ਼ਾਹਿਤ ਕਰਨ ਲਈ ਕੱਲ ਅਮਰੀਕਾ ਦੇ ਸ਼ਹਿਰ ਫਰਿਜਨੋ ਵਿਖੇ ਇੱਕ ਵਿਸ਼ੇਸ਼ ਮੀਟਿੰਗ ਹੋਈ। ਇਹ ਮੀਟਿੰਗ ਸਥਾਨਿਕ ਬੇਬੇ ਬਿਜ਼ਨਸ ਪਾਰਕ ਵਿੱਚ ਰੱਖੀ ਗਈ ਸੀ, ਜਿਸ ਵਿੱਚ ਵੱਖ -ਵੱਖ ਖੇਡਾਂ ਨੂੰ ਪਿਆਰ ਕਰਨ ਵਾਲੇ ਵੀਰ ਵੱਡੀ ਗਿਣਤੀ ਵਿੱਚ ਸ਼ਾਮਲ ਹੋਏ , ਮੀਟਿੰਗ ਦੌਰਾਨ ਖੇਡਾਂ ਦੇ ਸੰਬੰਧੀ ਕਾਫੀ ਖੁੱਲ ਕੇ ਵੀਚਾਰਾ ਕਰਨ ਤੋਂ ਬਾਅਦ ਫਰਿਜਨੋ ਯੂਨਾਈਟਿਡ ਸਪੋਰਟਸ ਕਲੱਬ ਕੈਲੇਫੋਰਨੀਆ ਦੀ ਸਥਾਪਨਾ ਕੀਤੀ ਗਈ। ਮੀਟਿੰਗ ਦੇ ਅੰਤ ਵਿੱਚ ਸਰਬਸੰਮਤੀ ਨਾਲ ਸਤਨਾਮ ਸਿੰਘ ਨੂੰ ਕਲੱਬ ਦਾ ਪਰਧਾਨ, ਸੁਖਜਿੰਦਰ ਸਿੰਘ ਬਬਲੇ ਨੂੰ ਵਾਈਸ ਪਰਧਾਨ, ਰਛਪਾਲ ਸਾਹੋਤਾ ਨੂੰ ਮੀਤ ਪਰਧਾਨ, ਅਮਰਜੀਤ ਸਿੰਘ ਦਾਉਧਰ ਨੂੰ ਜਰਨਲ ਸਕੱਤਰ, ਗੁਰਪਰੀਤ ਸਿੰਘ ਸਿੱਧੂ, ਗੁਰਿੰਦਰ ਸਿੰਘ ਨੂੰ ਖਜਾਨਚੀ, ਮੀਡੀਆ ਸਲਾਹਕਾਰ ਗੁਰਿੰਦਰਜੀਤ ਸਿੰਘ ਨੀਟਾ ਮਾਛੀਕੇ , ਨਾਜਰ ਸਿੰਘ ਸਾਹੋਤਾ ਅਤੇ ਜਮਮੀਤ ਸਿੰਘ ਨੂੰ ਜਿੰਮੇਵਾਰੀ ਸੌਪੀ ਗਈ , ਕਲੱਬ ਦੇ ਅਗਲੇ ਸਾਲ ਦੇ ਪਰੋਗਰਾਮ ਦੀਆਂ ਤਾਰੀਕਾ ਦਾ ਐਲਾਨ ਜਲਦੀ ਕਰ ਦਿੱਤਾ ਜਾਵੇਗਾ। ਇਸ ਮੀਟਿੰਗ ਵਿੱਚ ਸ਼੍ਰੋਮਣੀ ਕਮੇਟੀ ਮੈਂਬਰ ਜਗਰਾਜ ਸਿੰਘ ਦੌਧਰ ਨੇ ਉਚੇਚੇ ਤੌਰ ਤੇ ਹਾਜ਼ਰੀ ਭਰੀ।

## ਸ੍ਰੀ ਗੁਰੂ ਰਵਿਦਾਸ ਟੈਂਪਲ ਯੂਬਾ ਸਿਟੀ ਵਿਖੇ ਗੁਰਤਾ ਗੱਦੀ ਦਿਵਸ 20 ਨਵੰਬਰ ਨੂੰ ਮਨਾਇਆ ਜਾਵੇਗਾ

**ਯੂਬਾ ਸਿਟੀ–** ਸ੍ਰੀ ਗੁਰੂ ਰਵਿਦਾਸ ਟੈਂਪਲ ਯੂਬਾ ਵਿਖੇ 20 ਨਵੰਬਰ ਦਿਨ ਐਤਵਾਰ ਨੂੰ ਧੰਨ ਧੰਨ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਗੁਰਤਾ ਗੱਦੀ ਦਿਵਸ ਮਨਾਇਆ ਜਾ ਰਿਹਾ ਹੈ, ਜਿਸ ਵਿਚ 18 ਨਵੰਬਰ ਦਿਨ ਸ਼ੁੱਕਰਵਾਰ ਨੂੰ ਗੁਰੂ ਘਰ ਵਿਖੇ ਸ੍ਰੀ ਅਖੰਡ ਪਾਠ ਸਾਹਿਬ ਪ੍ਰਾਰੰਭ ਕੀਤੇ ਜਾਣਗੇ ਅਤੇ 20 ਨਵੰਬਰ ਦਿਨ ਐਤਵਾਰ ਨੂੰ ਸ੍ਰੀ ਅਖੰਡ ਪਾਠ ਸਾਹਿਬ ਦੇ ਭੋਗ ਪਾਏ ਜਾਣਗੇ। ਇਸ ਮੌਕੇ ਪੰਥ ਪ੍ਰਸਿੱਧ ਕਥਾ ਵਾਚਕ, ਕੀਰਤਨੀਏ ਗੁਰਬਾਣੀ ਕੀਰਤਨ ਦੁਆਰਾ ਸੰਗਤਾਂ ਨੂੰ ਨਿਹਾਲ ਕਰਨਗੇ। ਗੁਰੂ ਕੇ ਲੰਗਰ ਤਿੰਨੇ ਦਿਨ ਅਤੁੱਟ ਵਰਤਾਏ ਜਾਣਗੇ।

# ਸਰਕਾਰ ਦਾ ਸਾਲ ਪੂਰਾ ਹੋਣ ਤੇ ਕੈਨੇਡਾ ਦੇ ਪ੍ਰਧਾਨ ਮੰਤਰੀ ਨੇ ਵਰ੍ਹੇਗੰਢ ਮਨਾਈ

**ਵੈਨਕੂਵਰ–** ਕੈਨੇਡਾ ਦੇ ਪ੍ਰਧਾਨ ਮੰਤਰੀ ਜਸਟਿਨ ਟਰੂਡੋ ਨੇ ਆਪਣੀ ਸਰਕਾਰ ਦਾ ਇਕ ਸਾਲ ਪੂਰਾ ਹੋਣ ਤੇ ਵੈਨਕੂਵਰ ਵਿਖੇ ਬੀਤੀ 8 ਨਵੰਬਰ ਨੂੰ ਵਰ੍ਹੇਗੰਢ ਮਨਾਈ, ਜਿਸ ਮੌਕੇ ਕਾਫੀ ਸ਼ਖਸੀਅਤਾਂ ਵਧਾਈ ਦੇਣ ਪਹੁੰਚੀਆਂ, ਜਿਹਨਾਂ ਵਿਚ ਸ੍ਰੀ ਗੁਰੂ ਨਾਨਕ ਦੇਵ ਸੇਵਾ ਸੁਸਾਇਟੀ







ਇੰਟਰਨੈਸ਼ਨਲ (ਕੈਲੇਫੋਰਨੀਆ) ਅਮਰੀਕਾ ਦੇ ਮੁੱਖ ਸੇਵਾਦਾਰ ਮਨਜੀਤ ਸਿੰਘ ਖਾਲਸਾ ਵੀ ਸ਼ਾਮਲ ਸਨ। ਇਸ ਖੁਸ਼ੀ ਦੇ ਮੌਕੇ ਤੇ ਮਨਜੀਤ ਸਿੰਘ ਖਾਲਸਾ ਨੇ ਪ੍ਰਧਾਨ ਮੰਤਰੀ ਨੂੰ ਸਿਰੋਪਾਓ, ਲੋਈ ਤੇ ਸਫਲਤਾ ਲਈ ਦੁਆਵਾਂ ਦਿੱਤੀਆਂ ਅਤੇ ਕਿਹਾ ਕਿ ਸਾਡਾ ਉਦੇਸ਼ ਸੰਸਾਰ ਵਿਚ ਸ਼ਾਂਤੀ, ਏਕਤਾ, ਖੁਸ਼ਹਾਲੀ ਅਤੇ ਵਾਤਾਵਰਣ ਨੂੰ ਸਾਫ ਰੱਖਣਾ ਹੈ।

## ਸਤਿਗੁਰੂ ਨਾਨਕ ਦੇਵ ਜੀ ਦਾ ਆਗਮਨ ਪੁਰਬ 27 ਨੂੰ ਮਨਾਇਆ ਜਾਵੇਗਾ

**ਯੂਬਾ ਸਿਟੀ–** ਸ੍ਰੀ ਗੁਰੂ ਰਵਿਦਾਸ ਟੈਂਪਲ ਯੂਬਾ ਸਿਟੀ ਵਿਖੇ ਪਹਿਲੀ ਪਾਤਸ਼ਾਹੀ ਧੰਨ ਧੰਨ ਸਤਿਗੁਰੂ ਨਾਨਕ ਦੇਵ ਜੀ ਦਾ ਆਗਮਨ ਪੁਰਬ 27 ਨਵੰਬਰ ਨੂੰ ਮਨਾਇਆ ਜਾ ਰਿਹਾ ਹੈ, ਜਿਸ ਮੌਕੇ 25 ਨਵੰਬਰ ਦਿਨ ਸ਼ੁੱਕਰਵਾਰ ਨੂੰ ਗੁਰੂ ਘਰ ਵਿਖੇ ਸ੍ਰੀ ਅਖੰਡ ਪਾਠ ਸਾਹਿਬ ਪ੍ਰਾਰੰਭ ਹੋਣਗੇ ਅਤੇ 27 ਨਵੰਬਰ ਦਿਨ ਐਤਵਾਰ ਨੂੰ ਸ੍ਰੀ ਅਖੰਡ ਪਾਠ ਸਾਹਿਬ ਦੇ ਭੋਗ ਪਾਏ ਜਾਣਗੇ। ਇਸ ਮੌਕੇ ਪੰਥ ਪ੍ਰਸਿੱਧ ਕਥਾਵਾਚਕ, ਕੀਰਤਨੀਏ ਗੁਰਬਾਣੀ ਕੀਰਤਨ ਕਥਾ ਦੁਆਰਾ ਸੰਗਤਾਂ ਨੂੰ ਨਿਹਾਲ ਕਰਨਗੇ। ਗੁਰੂ ਕੇ ਲੰਗਰ ਤਿੰਨੇ ਦਿਨ ਅਤੁੱਟ ਵਰਤਾਏ ਜਾਣਗੇ।

# ਸਿੱਖ ਕੌਂਸਲ ਸੈਂਟਰਲ ਕੈਲੀਫੋਰਨੀਆਂ ਵੱਲੋਂ ਗੁਰੂ ਨਾਨਕ ਦੇਵ ਜੀ ਦੇ ਗੁਰਪੁਰਬ ਨੂੰ ਸਮਰਪਤ ਵਿਸ਼ੇਸ਼ ਸਮਾਗਮ

## 'ਡਾ. ਬਲਜਿੰਦਰ ਸਿੰਘ ਨੇ ਕੀਤਾ ਸਿੱਖ ਫਲਸਫਾ ਸਾਂਝਾ'

**ਫਰਿਜ਼ਨੋ, ਕੈਲੀਫੋਰਨੀਆਂ (ਕੁਲਵੰਤ ਧਾਲੀਆਂ / ਨੀਟਾ ਮਾਛੀਕੇ):** ਸਿੱਖ ਕੌਮ ਦੇ ਬਾਨੀ ਧੰਨ ਸ੍ਰੀ ਗੁਰੂ ਨਾਨਕ ਦੇਵ ਜੀ ਦੇ ਪ੍ਰਕਾਸ਼ ਦਿਵਸ ਨੂੰ ਸਮਰਪਤ ਦੋ ਦਿਨਾਂ ਵਿਸ਼ੇਸ਼ ਸਮਾਗਮ ਫਰਿਜ਼ਨੋ ਨਜ਼ਦੀਕੀ ਸ਼ਹਿਰ ਕਰੰਦਰਜ਼ ਦੇ ਗੁਰੂਘਰ ਵਿੱਚ ਕਰਵਾਏ ਗਏ। ਜਿਸ ਵਿੱਚ ਸ੍ਰੀ ਅਖੰਡ ਸਾਹਿਬ ਦੇ ਭੋਗ ਤੋਂ ਇਲਾਵਾ ਗੁਰੂ ਨਾਨਕ ਦੇਵ ਜੀ ਦੇ ਸਿਧਾਤ ਅਤੇ ਸਿੱਖ ਸੰਗਤ ਬਾਰੇ ਦੋ ਦਿਨਾਂ ਸੈਮੀਨਾਰ ਕੀਤਾ ਗਿਆ। ਇਸ ਦੌਰਾਨ ਪਹਿਲੇ ਦਿਨ ਬੱਚਿਆਂ ਲਈ ਸ਼ੈਮੀਨਾਰ ਅਤੇ ਦੂਸਰੇ ਦਿਨ ਸਮੂੰਹ ਸਿੱਖ ਸੰਗਤ ਨਾਲ ਵਿਚਾਰਾ ਹੋਈਆਂ।

ਜਿਸ ਵਿੱਚ ਵਿਸ਼ੇਸ਼ ਤੌਰ 'ਤੇ ਕਨੇਡਾ ਤੋਂ ਉਘੇ ਰੇਡੀਓ ਹੋਸਟ ਡਾ. ਬਲਜਿੰਦਰ ਸਿੰਘ ਚੀਮਾਂ ਨੇ ਹਾਜ਼ਰੀ ਭਰੀ ਅਤੇ ਸਿੱਖ ਸੰਗਤ ਨੂੰ ਸੰਬੋਧਨ ਕੀਤਾ। ਉਨ੍ਹਾਂ ਸਿੱਖਾਂ ਅੰਦਰ ਵੱਧ ਰਹੀਆਂ ਕੁਰੀਤੀਆਂ, ਕਰਮਕਾਂਡ ਅਤੇ ਪਾਖੰਡਵਾਦ 'ਤੇ ਚਿੰਤਾ ਪ੍ਰਗਟ ਕਰਦੇ ਹੋਏ ਵਹਿਮਾਂ-ਭਰਮਾਂ ਵਿੱਚੋ ਨਿਕਲਕੇ ਗੁਰਮਤਿ ਅਪਣਾਉਣ ਦੀ ਅਪੀਲ ਕੀਤੀ। ਇਸ ਸਮੇਂ ਉਨ੍ਹਾਂ ਬਹੁਤ ਸਾਰੀਆਂ ਇਤਿਹਾਸਕ ਘਟਨਾਵਾ ਦਾ ਜ਼ਿਕਰ ਵੀ ਕੀਤਾ। ਇਸੇ ਸਮੇਂ ਇਲਾਕੇ ਦੀ ਸਿੱਖ ਸੰਗਤ ਅਤੇ ਸਿੱਖ ਕੌਂਸ਼ਲ ਕੈਲੀਫੋਰਨੀਆਂ ਨੇ ਫਰਿਜ਼ਨੋ ਸਿਟੀ ਕੌਂਸ਼ਲ ਦੇ ਨਵੇਂ ਬਣੇ ਮੇਅਰ ਅਤੇ ਸਮੁੱਚੇ ਪ੍ਰਬੰਧਕਾ ਦਾ '1984 ਦੀ ਸਿੱਖ ਨਸ਼ਲਕੁਸ਼ੀ' ਦਾ ਮਤਾ ਪਾਸ



ਕਰਨ 'ਤੇ ਧੰਨਵਾਦ ਕਰਦੇ ਹੋਏ ਸਨਮਾਨਤ ਕੀਤਾ ਗਿਆ। ਇਸ ਸਮੇਂ ਗੁਰੂਘਰ ਦੇ ਹਜ਼ੂਰੀ ਕੀਰਤਨੀ ਜੱਥੇ ਵੱਲੋਂ ਕੀਰਤਨ ਦੀ ਹਾਜ਼ਰੀ ਵੀ ਭਰੀ ਗਈ। ਜਦ ਕਿ ਬਾਕੀ ਬੁਲਾਰਿਆ ਵਿੱਚ ਸ. ਸੁਖਦੇਵ ਸਿੰਘ ਚੀਮਾਂ, ਬਿੱਲ ਨਿੱਝਰ, ਮੇਅਰ ਲੀ ਬਰਾਂਡ ਅਤੇ ਬਾਕੀ ਕੌਂਸ਼ਲ ਮੈਂਬਰ, ਡਾ. ਸ਼ਰਨਜੀਤ ਸਿੰਘ ਪੁਰੇਵਾਲ, ਇਕਬਾਲ ਸਿੰਘ ਗਰੇਵਾਲ ਆਦਿਕ ਦੇ ਨਾਂ ਸ਼ਾਮਲ ਹਨ। ਇੰਨਾਂ ਪ੍ਰੋਗਰਾਮਾ ਵਿੱਚ ਬਹੁਤ ਸਾਰੀ ਸਿੱਖ ਸੰਗਤ ਨੇ ਹਾਜ਼ਰੀ ਭਰੀ ਅਤੇ ਗੁਰੂ ਦੇ ਲੰਗਰ ਅਤੁੱਟ ਵਰਤੇ।

## ਪੰਜਾਬੀ ਪਾਇਰੇਟ ਵੱਲੋਂ ਤੀਜੀ ਸਾਲਾਨਾ ਦੀਵਾਲੀ ਨਾਈਟ 19 ਨਵੰਬਰ ਨੂੰ

**ਪਿਟਸਬਰਗ–** ਪੰਜਾਬੀ ਪਾਇਰੇਟਸ ਦੁਆਰਾ ਪਿਟਸਬਰਗ ਦੇ ਹਾਈ ਸਕੂਲ ਵਿਚ ਤੀਜੀ ਸਾਲਾਨਾ ਦੀਵਾਲੀ ਨਾਈਟ 19 ਨਵੰਬਰ ਨੂੰ ਸ਼ਾਮੀ 6.30 ਤੋਂ 10 ਵਜੇ ਰਾਤ ਤੱਕ ਮਨਾਈ ਜਾ ਰਹੀ ਹੈ। ਇਹ ਸਕੂਲ 250 ਸਕੂਲ ਸਟ੍ਰੀਟ ਪਿਟਸਬਰਗਵਿਖੇ ਸਥਿਤ ਹੈ। ਇਸ ਮੌਕੇ ਵੱਖ ਵੱਖ ਭਾਰਤੀ ਖਾਣਿਆਂ ਦੇ ਸਟਾਲਾਂ ਤੋਂ ਇਲਾਵਾ ਪਾਰਕਿੰਗ ਫੀਸ ਮੁਫਤ ਹੋਵੇਗੀ। ਇਸ ਮੌਕੇ ਪੰਜਾਬੀ ਪਾਇਰੇਟਸ, ਪੋਲੀ ਗਰਲਸ, ਕੋਰੀਆ, ਹਿਪ ਹੋਪ, ਨੋਟਮ, ਬਾਲੀਵੁੱਡ ਡਾਂਸ, ਲਾਈਵ ਡੀ. ਜੀ., ਓਪਨ ਡਾਂਸ ਫਲੋਰ ਅਤੇ ਭੰਗੜੇ ਦੀਆਂ ਆਈਟਮਾਂ ਪੇਸ਼ ਕੀਤੀਆਂ ਜਾਣਗੀਆਂ। ਪ੍ਰੋਗਰਾਮ ਸਬੰਧੀ ਹੋਰ ਜਾਣਕਾਰੀ ਲਈ 925-293-6363 ਜਾਂ ਰਾਜੂ ਨਾਲ 925-642-5963 ਤੇ ਸੰਪਰਕ ਕੀਤਾ ਜਾ ਸਕਦਾ ਹੈ।

# ਸ਼੍ਰੋਮਣੀ ਅਕਾਲੀ ਦਲ ਯੂਥ ਵਿੰਗ ਵੈਸਟ ਕੋਸਟ ਅਤੇ ਸੀਨੀਅਰ ਅਕਾਲੀ ਦਲ ਦੀ ਨਵਾਡਾ ਮੀਟਿੰਗ ਨੇ ਧਾਰਿਆ ਕਾਨਫਰੰਸ ਦਾ ਰੂਪ

## ਮਿਸ਼ਨ 2017 ਨੂੰ ਫਤਹਿ ਕਰਨ ਲਈ ਨੌਜਵਾਨ ਹੋਏ ਪੱਬਾ ਭਾਰ-ਸ: ਰਵਿੰਦਰ ਸਿੰਘ ਬੋਇਲ, ਨਵਾਡਾ 'ਚ ਬਣੇਗਾ ਜਲਦ ਹੀ ਸੀਨੀਅਰ ਅਕਾਲੀ ਦਲ ਦਾ ਯੂਨਿਟ-ਖਹਿਰਾ

**ਸੈਕਰਾਮੈਂਟੋ**–ਸ਼੍ਰੋਮਣੀ ਅਕਾਲੀ ਦਲ ਯੂਥ ਵਿੰਗ ਵੈਸਟ ਕੋਸਟ ਅਤੇ ਸੀਨੀਅਰ ਅਕਾਲੀ ਦਲ ਵੈਸਟ ਕੋਸਟ ਅਮਰੀਕਾ ਵਲੋਂ ਨਵਾਡਾ ਸਟੇਟ ਵਿਚ ਬੀਤੇ ਦਿਨ ਇਕ ਮੀਟਿੰਗ ਦਾ ਆਯੋਜਨ ਕੀਤਾ ਗਿਆ। ਜਿਸ ਦੀ ਪ੍ਰਧਾਨਗੀ ਸ: ਰਵਿੰਦਰ ਸਿੰਘ ਬੋਇਲ ਪ੍ਰਧਾਨ ਸ਼੍ਰੋਮਣੀ ਅਕਾਲੀ ਦਲ ਯੂਥ ਵਿੰਗ ਵੈਸਟ ਕੋਸਟ ਨੇ ਕੀਤੀ ਜਦੋਂ ਕਿ ਇਸ ਮੀਟਿੰਗ ਵਿਚ ਮੁੱਖ ਮਹਿਮਾਨ ਵਜੋਂ ਸ: ਕੁਲਵੰਤ ਸਿੰਘ ਖਹਿਰਾ ਪ੍ਰਧਾਨ ਸ਼੍ਰੋਮਣੀ ਅਕਾਲੀ ਦਲ ਵੈਸਟ ਕੋਸਟ ਅਤੇ ਸ: ਅਰਵਿੰਦਰ ਸਿੰਘ ਲਾਖਨ ਚੀਫ਼ ਕੋਆਰਡੀਨੇਟਰ ਸ਼੍ਰੋਮਣੀ ਅਕਾਲੀ ਦਲ ਯੂਥ ਵਿੰਗ ਅਮਰੀਕਾ ਅਤੇ ਮੈਂਬਰ ਕੋਰ ਕਮੇਟੀ ਸ਼ਾਮਿਲ ਹੋਏ। ਇਸ ਮੀਟਿੰਗ ਨੂੰ ਕਾਮਯਾਬ ਕਰਨ ਵਿਚ ਨਵਾਡਾ ਸਟੇਟ ਦੀ ਯੂਨਿਟ ਦੇ ਪ੍ਰਧਾਨ ਨਛੱਤਰ ਸਿੰਘ ਗੋਸਲ, ਨਵਜੀਤ ਸਿੰਘ ਜਨਰਲ ਸਕੱਤਰ, ਬਿਸ਼ਨ ਸਿੰਘ ਪਰਮਾਰ ਚੇਅਰਮੈਨ, ਪਲਵਿੰਦਰ ਸਿੰਘ ਬੁੱਟਰ ਮੀਤ ਪ੍ਰਧਾਨ ਨੇ ਪ੍ਰਮੁੱਖ ਭੂਮਿਕਾ ਨਿਭਾਈ। ਇਸ ਮੀਟਿੰਗ ਵਿਚ ਨਵਾਡਾ ਦੇ ਰੀਨੋ ਸ਼ਹਿਰ ਵਿਚ ਰਹਿੰਦੇ ਪੰਜਾਬੀ ਹੁੰਮ ਹੁੰਮਾ ਕੇ ਪੁੱਜੇ। ਯੂਥ ਅਕਾਲੀ ਦਲ ਦੇ ਨੌਜਵਾਨਾਂ ਨੇ ਜਿਥੇ ਇਸ ਮੀਟਿੰਗ ਨੂੰ ਲੈ ਕੇ ਪੂਰਾ ਉਤਸ਼ਾਹ ਦਿਖਾਇਆ ਉਥੇ ਭਾਰੀ ਗਿਣਤੀ ਵਿਚ ਹਾਜ਼ਰੀ ਵੀ ਭਰੀ। ਇਸ ਮੀਟਿੰਗ ਨੂੰ ਸੰਬੋਧਨ ਕਰਦਿਆਂ ਸ: ਰਵਿੰਦਰ ਸਿੰਘ ਬੋਇਲ ਪ੍ਰਧਾਨ ਯੂਥ ਵਿੰਗ ਵੈਸਟ ਕੋਸਨ ਨੇ ਕਿਹਾ ਕਿ ਸ਼੍ਰੋਮਣੀ ਅਕਾਲੀ ਦਲ ਨੇ ਪਿਛਲੇ 9 ਸਾਲਾਂ ਵਿਚ ਰਿਕਾਰਡ ਤੋੜ ਵਿਕਾਸ ਕਰਵਾਇਆ ਹੈ ਜਿਸ ਸਦਕਾ 2017 ਵਿਚ ਮੁੜ ਸ਼੍ਰੋਮਣੀ ਅਕਾਲੀ ਦਲ ਦੀ ਸਰਕਾਰ ਬਣੇਗੀ। ਉਨਖ਼ਾਂ ਕਿਹਾ ਕਿ ਸ਼੍ਰੋਮਣੀ ਅਕਾਲੀ ਦਲ ਦੀ ਸਰਕਾਰ ਸਮੇਂ ਹੀ ਐਨ.ਆਰ.ਆਈਜ਼ ਵੀਰਾਂ ਨੂੰ ਵਿਸ਼ੇਸ਼ ਸਹੂਲਤਾਂ ਮਿਲ ਮਿਲੀਆਂ ਹਨ, ਜਦੋਂਕਿ ਕਾਂਗਰਸ ਨੇ ਆਪਣੇ 50 ਸਾਲਾਂ ਦੇ ਰਾਜ ਦੌਰਾਨ ਕਿਸੇ ਵੀ ਐਨ.ਆਰ.ਆਈਜ਼ ਨੂੰ ਕੋਈ ਵੀ ਸਹੂਲਤ ਨਹੀਂ ਦਿੱਤੀ।

ਉਹਨਾਂ ਕਿਹਾ ਕਿ ਅੱਜ ਪੰਜਾਬ ਦੇ ਲੋਕ ਸ਼੍ਰੋਮਣੀ ਅਕਾਲੀ ਦਲ-ਭਾਜਪਾ ਗਠਜੋੜ ਦੀ ਸਰਕਾਰ ਤੋਂ ਬਾਗੋਬਾਗ ਹਨ ਕਿਉਂਕਿ ਉਨਖ਼ਾਂ ਦੀਆਂ ਬੁਨਿਆਦੀ ਲੋੜਾਂ ਤੋਂ ਲੈ ਕੇ ਸਿੱਖਿਆ, ਨੌਕਰੀਆਂ, ਸੜਕਾਂ ਅਤੇ ਹੋਰ ਉਚ ਪਾਇਦਾਰ ਦੀਆਂ ਸਹੂਲਤਾਂ ਸਿਰਫ਼ ਤੇ ਸਿਰਫ਼ ਸ਼੍ਰੋਮਣੀ ਅਕਾਲੀ ਦਲ ਦੀ ਸਰਕਾਰ ਨੇ ਹੀ ਦਿੱਤੀਆਂ ਹਨ। ਉਨਖ਼ਾਂ ਕਿਹਾ ਕਿ ਅਮਰੀਕਾ ਵਿਚ ਸ਼੍ਰੋਮਣੀ ਅਕਾਲੀ ਦਲ ਪੂਰੀ ਤਰਖ਼ਾਂ ਮਜਬੂਤ ਹੋ ਕੇ ਅਤੇ ਉਤਸ਼ਾਹ ਨਾਲ ਕੰਮ ਕਰ ਰਿਹਾ ਹੈ। ਇਸ ਮੌਕੇ ਸ: ਕੁਲਵੰਤ ਸਿੰਘ ਖਹਿਰਾ ਪ੍ਰਧਾਨ ਸ਼੍ਰੋਮਣੀ ਅਕਾਲੀ ਦਲ ਵੈਸਟ ਕੋਸਟ, ਹਰਬੰਸ ਸਿੰਘ ਚਾਹਲ ਸੀਨੀਅਰ ਮੀਤ ਪ੍ਰਧਾਨ ਵੈਸਟ



ਕੋਸਟ, ਦਲਬੀਰ ਸਿੰਘ ਸੰਘੇੜਾ ਜਨਰਲ ਸਕੱਤਰ ਵੈਸਟ ਕੋਸਟ, ਪਰਮਜੀਤ ਸਿੰਘ ਦਾਖਾ ਸੀਨੀਅਰ ਮੀਤ ਪ੍ਰਧਾਨ ਵੈਸਟ ਕੋਸਟ, ਜਗਤਾਰ ਸਿੰਘ ਜੌਹਲ, ਗੁਰਮੇਲ ਸਿੰਘ ਉਪਲ, ਉਪਿੰਦਰ ਸਿੰਘ ਢਿੱਲੋਂ ਨੇ ਆਪਣੇ ਸੰਬੋਧਨ 'ਚ ਮਿਸ਼ਨ 2017 ਨੂੰ ਫਤਹਿ ਕਰਨ ਲਈ ਦਿਨ ਰਾਤ ਇਕ ਕਰਨ ਦਾ ਨਿਸਚਾ ਕੀਤਾ। ਇਸ ਮੌਕੇ ਸ: ਅਰਵਿੰਦਰ ਸਿੰਘ ਲਾਖਨ ਚੀਫ਼ ਕੋਆਰਡੀਨੇਟਰ, ਸ੍ਰੀ ਵਿਨੇ ਵੋਹਰਾ ਸੀਨੀਅਰ ਮੀਤ ਪ੍ਰਧਾਨ, ਸਤਵੀਰ ਸਿੰਘ ਹੀਰ ਮੀਡੀਆ ਸਕੱਤਰ, ਸ਼ੇਰ ਸਿੰਘ ਚੌਹਾਨ ਜਨਰਲ ਸਕੱਤਰ, ਭੁਪਿੰਦਰ ਸਿੰਘ ਜਾਡਲਾ ਐਡਵਾਈਜ਼ਰ, ਝਲਮਣ ਸਿੰਘ ਆਦਿ ਨੇ ਪਾਰਟੀ ਪ੍ਰਚਾਰ ਨੂੰ ਹੋਰ ਤੇਜ਼ ਕਰਨ ਅਤੇ ਪਾਰਟੀ ਵਲੋਂ ਕੀਤੇ ਜਾ ਰਹੇ ਕੰਮਾਂ ਨੂੰ ਘਰ ਘਰ ਪਹੁੰਚਾਣ ਲਈ ਕਿਹਾ। ਇਸ ਮੌਕੇ ਹੋਰਨਾਂ ਤੋਂ ਇਲਾਵਾ ਸੁਖਵਿੰਦਰ ਸਿੰਘ ਤੱਖਰ ਪ੍ਰਧਾਨ ਸੈਨਹੋਜ਼ੇ ਕਾਊਂਟੀ, ਗੁਰਸੇਵਕ ਸਿੰਘ ਕੈਲੇਫੋਰਨੀਆਂ, ਜਤਿੰਦਰ ਸਿੰਘ ਜੌਹਲ ਮੀਤ ਪ੍ਰਧਾਨ ਕੈਲੇਫੋਰਨੀਆਂ, ਕਰਨਵੀਰ ਸਿੰਘ, ਸੁੱਖਾ ਅਟਵਾਲ, ਬਲਕਾਰ ਸਿੰਘ ਮਾਨ, ਸੁਪਨਦੀਪ ਸਿੰਘ ਭੁੱਲਰ, ਪੁਨੀਤ ਅਰੋੜਾ, ਵੰਸ਼ਦੀਪ ਸਿੰਘ ਸਿੱਧੂ ਆਦਿ ਤੋਂ ਇਲਾਵਾ ਹੋਰ ਆਗੂ ਤੇ ਵਰਕਰ ਹਾਜ਼ਰ ਸਨ।

ਅੰਤ ਵਿਚ ਇਸ ਮੀਟਿੰਗ ਦੀ ਸਫ਼ਲਤਾ ਲਈ ਸ: ਨਵਜੀਤ ਸਿੰਘ ਜਨਰਲ ਸਕੱਤਰ ਯੂਥ ਵਿੰਗ ਨੇ ਸਾਰਿਆਂ ਦਾ ਧੰਨਵਾਦ ਕੀਤਾ। ਸਟੇਜ ਸਕੱਤਰ ਦੀ ਭੂਮਿਕਾ ਸ: ਪਰਮਿੰਦਰਪਾਲ ਸਿੰਘ ਰਾਠੌਰ ਸਕੱਤਰ ਜਨਰਲ ਵੈਸਟ ਕੋਸਟ ਨੇ ਬਾਖੂਬੀ ਨਾਲ ਨਿਭਾਈ।

# ਪੰਜਾਬੀ ਸਾਹਿਤ ਸਭਾ ਹੁਸ਼ਿਆਰਪੁਰ ਵਲੋਂ ਡਾ.ਤੀਰ ਦੀ ਪੁਸਤਕ ਲੋਕ-ਅਰਪਣ

**ਹੁਸ਼ਿਆਰਪੁਰ–** ਪੰਜਾਬੀ ਸਾਹਿਤ ਸਭਾ ਹੁਸ਼ਿਆਰਪੁਰ ਦੀ ਵਿਸ਼ੇਸ਼ ਮੀਟਿੰਗ ਮੀਤ ਪ੍ਰਧਾਨ ਸੁਰਿੰਦਰ ਸਿੰਘ ਕੰਗਵੀ ਦੀ ਪ੍ਰਧਾਨਗੀ ਹੇਠ ਹੋਈ ਜਿਸ ਵਿਚ ਉਚੇਚੇ ਤੌਰ ਤੇ ਡਾ. ਕਰਮਜੀਤ ਸਿੰਘ ਕੁਰੂਕਸ਼ੇਤਰ ਯੂ-ਨੀਵਰਸਿਟੀ ਸ਼ਾਮਿਲ ਹੋਏ।ਇਸ ਵਿਚ ਡਾ. ਮਨਮੋਹਨ ਸਿੰਘ ਤੀਰ ਦੀ ਆਲੋਚਨਾਤਮਕ ਪੁਸਤਕ 'ਪਾਕਿਸਤਾਨੀ ਪੰਜਾਬੀ ਕਹਾਣੀ ਦਾ ਸੰਖੇਪ ਜਾਇਜ਼ਾ' ਲੋਕ ਅਰਪਣ ਕੀਤੀ ਗਈ। ਜਨਰਲ ਸਕੱਤਰ ਡਾ. ਜਸਵੰਤ ਰਾਏ ਨੇ ਪੁਸਤਕ ਬਾਰੇ ਸੰਖੇਪ ਝਾਤ ਪੁਆਂਦਿਆਂ ਕਿਹਾ ਕਿ ਇਹ ਡਾ. ਤੀਰ ਦਾ ਪਾਕਿਸਤਾਨੀ ਪੰਜਾਬੀ ਕਹਾਣੀ 1947-80 ਤੱਕ ਦਾ ਸਫਲ ਖੋਜ ਕਾਰਜ ਹੈ। ਹੱਦਾਂ ਅਤੇ ਲਿੱਪੀ ਦੀ ਰੁਕਾਵਟ ਨੂੰ ਪਾਰ ਕਰਦਿਆਂ ਉਨ੍ਹਾਂ ਵਾਗਿਓਂ ਪਾਰ ਦੀ ਪੰਜਾਬੀ ਕਹਾਣੀ ਦੇ ਮੁਹਾਂਦਰੇ ਨਾਲ ਅਸਲ ਜਾਣ ਪਛਾਣ ਕਰਾਈ ਹੈ।ਇਸ ਕੰਮ ਲਈ ਉਨ੍ਹਾਂ ਨੂੰ ਪੰਜਾਬੀ ਲੇਖਕਾਂ ਨਾਲ ਸੰਵਾਦ ਰਚਾਉਣ ਲਈ ਪਾਕਿਸਤਾਨ ਵੀ ਜਾਣਾ ਪਿਆ।ਇਸ ਮੌਕੇ ਡਾ. ਕਰਮਜੀਤ ਸਿੰਘ ਨੇ ਪੰਜਾਬੀ ਭਾਸ਼ਾ ਦੀ ਲਿੱਪੀ ਦਾ ਆਰੰਭ ਅਤੇ ਵਿਕਾਸ ਬਾਰੇ ਵਿਸਤਾਰ ਨਾਲ ਚਰਚਾ ਕਰਦਿਆਂ ਬਹੁਤ ਸਾਰੇ ਭਖਵੇਂ ਸਵਾਲਾਂ ਦੇ ਜਵਾਬ ਵੀ ਦਿੱਤੇ।ਪ੍ਰਧਾਨਗੀ ਭਾਸ਼ਣ ਵਿਚ ਕੰਗਵੀਂ ਨੇ ਪੇਸ਼ ਕੀਤੀਆਂ ਰਚਨਾਵਾਂ ਤੇ ਭਾਵਪੂਰਤ ਟਿੱਪਣੀਆਂ ਕੀਤੀਆਂ। ਉਪਰੰਤ ਕਰਵਾਏ ਗਏ ਕਵੀ ਦਰਬਾਰ ਵਿਚ ਕੁਲਤਾਰ ਸਿੰਘ ਕੁਲਤਾਰ, ਗੌਰਵ ਕਾਲੀਆ, ਪ੍ਰਿੰ. ਸਤਵੰਤ ਕਲੋਟੀ, ਸ਼ਾਇਰ ਮਦਨਵੀਰਾ, ਕੇ. ਤ੍ਰਿਪਤਾ ਸਿੰਘ, ਕੁਲਵਿੰਦਰ ਕੌਰ ਰੂਹਾਨੀ, ਡਾ. ਅਜੀਤ ਸਿੰਘ ਜੱਬਲ, ਗੁਰਬਚਨ ਕੌਰ ਹਾਜ਼ਰ ਸਨ।ਪ੍ਰੋਗ੍ਰਾਮ ਦੀ ਕਾਰਵਾਈ ਡਾ. ਜਸਵੰਤ ਰਾਏ ਨੇ ਚਲਾਈ।



**ਰਿਪੋਰਟ: ਡਾ. ਜਸਵੰਤ ਰਾਏ (09815825999)**

# 30 ਲੱਖ ਪ੍ਰਵਾਸੀਆਂ ਨੂੰ ਡਿਪੋਰਟ ਕਰੇਗਾ ਅਮਰੀਕਾ

**ਵਾਸ਼ਿੰਗਟਨ–** ਪ੍ਰਵਾਸੀਆਂ ਬਾਰੇ ਆਪਣੇ ਸਖ਼ਤ ਰੁਖ ਨੂੰ ਦੁਹਰਾਉਂਦਿਆਂ ਅਮਰੀਕਾ ਦੇ ਨਵੇਂ ਚੁਣੇ ਗਏ ਰਾਸ਼ਟਰਪਤੀ ਡੋਨਾਲਡ ਟਰੰਪ ਨੇ ਸਪੱਸ਼ਟ ਕੀਤਾ ਹੈ ਕਿ ਦੇਸ਼ 'ਚ ਬਿਨਾਂ ਕਾਨੂੰਨੀ ਦਸਤੇਵੇਜ਼ਾਂ ਦੇ ਰਹਿਣ ਵਾਲੇ 30 ਲੱਖ ਦੇ ਕਰੀਬ ਪ੍ਰਵਾਸੀਆਂ ਨੂੰ ਹਰ ਹਾਲਤ 'ਚ ਦੇਸ਼ 'ਚੋ ਡਿਪੋਰਟ ਕੀਤਾ ਜਾਵੇਗਾ, ਜਿਸ ਦਾ ਅਸਰ ਭਾਰਤ 'ਤੇ ਵੀ ਲਾਜ਼ਮੀ ਹੋਵੇਗਾ। ਕਿਉਂਕਿ ਇਥੇ ਵਸਦੇ ਪ੍ਰਵਾਸੀਆਂ ਵਿਚ ਵੱਡੀ ਗਿਣਤੀ ਭਾਰਤੀ ਮੂਲ ਦੇ ਲੋਕਾਂ ਦੀ ਹੈ । ਸੀ ਬੀ ਐਸ ਨਿਊਜ਼ ਨਾਲ ਗੱਲਬਾਤ ਦੌਰਾਨ ਟਰੰਪ ਨੇ ਕਿਹਾ ਕਿ ਅਪਰਾਧੀ ਪਿਛੋਕੜ ਵਾਲੇ, ਗੈਂਗ ਮੈਂਬਰ, ਨਸ਼ੇ ਦੇ ਕਾਰੋਬਾਰੀਆਂ ਤੇ ਹੋਰ ਅਪਰਾਧਾਂ 'ਚ ਸ਼ਾਮਿਲ ਪ੍ਰਵਾਸੀਆਂ ਨੂੰ ਉਨ੍ਹਾਂ ਦੀ ਗਿਣਤੀ 20 ਲੱਖ ਹੋਵੇ ਜਾਂ 30 ਲੱਖ ਸਭ ਨੂੰ ਅਮਰੀਕਾ ਤੋਂ ਬਾਹਰ ਭੇਜਿਆ ਜਾਵੇਗਾ । ਅਮਰੀਕਾ 'ਚ 11 ਮਿਲੀਅਨ (1.1 ਕਰੋੜ) ਦੇ ਕਰੀਬ ਪ੍ਰਵਾਸੀ ਰਹਿੰਦੇ ਹਨ, ਜਿਨ੍ਹਾਂ 'ਚ ਲੱਖਾਂ ਦੀ ਗਿਣਤੀ 'ਚ ਭਾਰਤੀ ਮੂਲ ਦੇ ਲੋਕ ਵੀ ਸ਼ਾਮਿਲ ਹਨ । ਟਰੰਪ ਨੇ ਕਿਹਾ ਕਿ ਸਰਹੱਦਾਂ ਨੂੰ ਸੁਰੱਖਿਅਤ ਕਰਨ ਉਪਰੰਤ ਉਹ ਗ਼ੈਰ-ਕਾਨੂੰਨੀ ਪ੍ਰਵਾਸੀਆਂ ਬਾਰੇ ਫ਼ੈਸਲਾ ਲੈਣਗੇ । ਗੱਲਬਾਤ ਦੌਰਾਨ ਟਰੰਪ ਨੇ ਆਪਣੇ ਇਕ ਹੋਰ ਚੋਣ ਵਾਅਦੇ ਨੂੰ ਪੂਰਾ ਕਰਨ ਦਾ ਭਰੋਸਾ ਦਿੰਦਿਆਂ ਕਿਹਾ ਕਿ ਉਹ ਮੈਕਸੀਕੋ ਨਾਲ ਲੱਗਦੀ ਅਮਰੀਕੀ ਸਰਹੱਦ 'ਤੇ ਹਰ ਹਾਲਤ 'ਚ ਕੰਧ ਦੀ ਉਸਾਰੀ ਕਰਵਾਉਣਗੇ । ਪ੍ਰੰਤੂ ਇਹ ਪੂਰੀ ਤਰ੍ਹਾਂ ਨਾਲ ਇੱਟਾਂ ਦੀ ਨਹੀਂ ਹੋਵੇਗੀ, ਕੁਝ ਜਗ੍ਹਾ 'ਤੇ ਫੈਂਸਿੰਗ ਦਾ ਇਸਤਮਾਲ ਕੀਤਾ ਜਾਵੇਗਾ ।

# ਭਾਰਤ ਵਿਚ 500 ਦੇ ਨੋਟ ਦੀ ਕੀਮਤ 350 ਹੋਈ

**ਨਵੀਂ ਦਿੱਲੀ–** ਭਾਰਤੀ ਰਿਜ਼ਰਵ ਬੈਂਕ ਵੱਲੋਂ 500 ਤੇ 1000 ਰੁਪਏ ਦੇ ਨੋਟਾਂ ਨੂੰ ਵਾਪਸ ਲੈਣ ਪਿੱਛੋਂ ਕਾਲੇ ਧਨ ਦੀ ਬਹੁ-ਕਰੋੜੀ ਮਾਰਕਿਟ 'ਚ ਪੂਰਾ ਹੜਕੰਪ ਮਚਿਆ ਹੋਇਆ ਹੈ । ਪੰਜਾਬ 'ਚ ਬੇਸ਼ੱਕ ਹੋਰ ਰਾਜਾਂ ਦੀ ਤਰ੍ਹਾਂ ਨੋਟਾਂ ਨੂੰ ਫੂਕਣ ਜਾਂ ਨਦੀਆਂ 'ਚ ਰੋੜਣ ਦੀਆਂ ਖ਼ਬਰਾਂ ਤਾਂ ਅਜੇ ਨਹੀਂ ਮਿਲ ਰਹੀਆਂ, ਪਰ ਕਾਲੇ ਧਨ ਦੇ ਕੁਬੇਰ ਆਪਣੀ ਕਾਲੀ ਕਮਾਈ ਨੂੰ ਸਮੇਟਣ ਦਾ ਹਰ ਹੀਲਾ ਵਰਤ ਰਹੇ ਹਨ। ਇਕ ਨੌਜਵਾਨ ਵਪਾਰੀ ਨੇ ਆਪਣਾ ਨਾਂਅ ਗੁਪਤ ਰੱਖਣ ਦੀ ਸ਼ਰਤ 'ਤੇ ਦੱਸਿਆ ਕਿ ਮਾਰਕਿਟ 'ਚ ਇਕ ਕਰੋੜ ਦੀ ਵੱਡੇ ਨੋਟਾਂ ਦੀ ਕਰੰਸੀ ਬਦਲੇ 70 ਲੱਖ ਦੀ ਜਾਰੀ ਹੋਣ ਵਾਲੀ ਨਵੀਂ ਕਰੰਸੀ ਦੇ ਸੌਦੇ ਹੋ ਰਹੇ ਹਨ, ਪਰ ਇਹ ਸੌਦੇ ਨਕਦੀ 'ਚ ਨਹੀਂ ਬਲਕਿ ਇਕ-ਦੋ ਮਹੀਨਿਆਂ ਦੀ ਉਧਾਰ 'ਤੇ ਹੋ ਰਹੇ ਹਨ । ਮਾਹਿਰਾਂ ਦਾ ਕਹਿਣਾ ਹੈ ਕਿ ਕਾਲੇ ਧਨ ਦੀ ਇਸ ਮਾਰਕਿਟ 'ਚ 500 ਰੁਪਏ ਦੇ ਨੋਟ ਦੀ ਕੀਮਤ 100 ਰੁਪਏ ਤੱਕ ਜਾ ਸਕਦੀ ਹੈ ਕਿਉਂਕਿ ਜਿਉਂ-ਜਿਉਂ 30 ਦਸੰਬਰ ਦੀ ਤਾਰੀਖ਼ ਨੇੜੇ ਆਵੇਗੀ ਤਿਉਂ-ਤਿਉਂ ਕਾਲੇ ਧਨ ਦੇ ਕੁਬੇਰਾਂ ਦੀਆਂ ਚਿੰਤਾਵਾਂ ਵਿਚ ਵਾਧਾ ਹੋਵੇਗਾ । ਆਮਦਨ ਕਰ ਵਿਭਾਗ ਦੇ ਨਿਯਮਾਂ ਮੁਤਾਬਿਕ ਜੇਕਰ ਹੁਣ ਕੋਈ ਵਿਅਕਤੀ ਆਪਣੇ ਕਾਲੇ ਧਨ ਦੀ ਘੋਸ਼ਣਾ ਕਰਦਾ ਹੈ ਤਾਂ ਉਸ ਉੱਤੇ 30 ਪ੍ਰਤੀਸ਼ਤ ਟੈਕਸ ਤੋਂ ਇਲਾਵਾ 200 ਪ੍ਰਤੀਸ਼ਤ ਜੁਰਮਾਨਾ ਵੀ ਪਵੇਗਾ ਭਾਵ ਜੇਕਰ ਕੋਈ ਇਕ ਲੱਖ ਰੁਪਏ ਦੇ ਕਾਲੇ ਧਨ ਦੀ ਘੋਸ਼ਣਾ ਕਰਦਾ ਹੈ ਤਾਂ ਉਸ ਉੱਤੇ 30 ਹਜ਼ਾਰ ਟੈਕਸ ਤੇ 60 ਹਜ਼ਾਰ ਰੁਪਏ ਜੁਰਮਾਨਾ ਭਰਨਾ ਪਵੇਗਾ, ਇਸ ਤਰ੍ਹਾਂ 1 ਲੱਖ ਰੁਪਏ ਦੇ ਕਾਲੇ ਧਨ ਦੀ ਘੋਸ਼ਣਾ ਕਰਨ ਵਾਲੇ ਵਿਅਕਤੀ ਦੇ ਪੱਲੇ ਸਿਰਫ਼ 10 ਹਜ਼ਾਰ ਰੁਪਏ ਹੀ ਪਵੇਗਾ। ਦੂਜੇ ਪਾਸੇ ਇਹ ਖ਼ਬਰਾਂ ਵੀ ਮਿਲ ਰਹੀਆਂ ਹਨ ਕਈ ਧਨ ਕੁਬੇਰ ਆਪਣੀ ਕਾਲੀ ਕਮਾਈ ਨੂੰ ਕਿਸਾਨਾਂ ਦੀਆਂ ਬੈਂਕ ਲਿਮਟਾਂ ਦੇ ਜਰੀਏ ਵੀ ਚਿੱਟਾ ਕਰਨ ਵਿਚ ਲੱਗੇ ਹੋਏ ਹਨ ।

### ਬੈਂਕਾਂ 'ਚ ਕਰੋੜਾਂ ਦੀ ਲਾਗਤ ਨਾਲ ਖ਼ਰੀਦੀਆਂ ਮਸ਼ੀਨਾਂ ਹੋਈਆਂ ਬੇਕਾਰ

500 ਤੇ 1000 ਰੁਪਏ ਦੇ ਨੋਟਾਂ ਦਾ ਚਲਣ ਬੰਦ ਹੋਣ ਤੋਂ ਬਾਅਦ ਬੈਂਕਾਂ ਵਿਚ ਪਈਆਂ ਨੋਟ ਗਿਣਨ ਤੇ ਜਾਅਲੀ ਨੋਟ ਚੈਕ ਕਰਨ ਵਾਲੀਆਂ ਕਰੋੜਾਂ ਰੁਪਏ ਦੀ ਲਾਗਤ ਨਾਲ ਖ਼ਰੀਦੀਆਂ ਮਸ਼ੀਨਾਂ ਹੁਣ ਬੇਕਾਰ ਹੋ ਕੇ ਰਹਿ ਜਾਣਗੀਆਂ ਕਿਉਂਕਿ ਇਹ ਮਸ਼ੀਨਾਂ ਨਾ ਤਾਂ ਮਾਰਕਿਟ 'ਚ ਆਏ 2000 ਰੁਪਏ ਦੇ ਨਵੇਂ ਨੋਟ ਦੇ ਅਸਲੀ-ਨਕਲੀ ਹੋਣ ਦੀ ਪਛਾਣ ਕਰ ਰਹੀਆਂ ਹਨ ਤੇ ਨਾ ਹੀ ਅਜਿਹੇ ਨੋਟਾਂ ਦੀ ਗਿਣਤੀ ਕਰ ਰਹੀਆਂ ਹਨ, ਜਿਸ ਕਾਰਨ ਬੈਂਕ ਅਧਿਕਾਰੀਆਂ ਨੂੰ ਕਾਫ਼ੀ ਮੁਸ਼ਕਲਾਂ ਦਾ ਸਾਹਮਣਾ ਕਰਨਾ ਪੈ ਰਿਹਾ ਹੈ ।

### ਪੁਰਾਣੇ ਨੋਟ ਤੇ ਨਵੇਂ ਨੋਟ

ਮੋਦੀ ਸਰਕਾਰ ਵੱਲੋਂ 500 ਤੇ 1000 ਰੁਪਏ ਦੇ ਪੁਰਾਣੇ ਨੋਟ ਬੰਦ ਕਰਨ ਦੇ ਫ਼ੈਸਲੇ ਨੇ ਗੋਰੀ ਸਰਕਾਰ ਦਾ 1946 ਦਾ ਫ਼ੈਸਲਾ ਚੇਤੇ ਕਰਵਾ ਦਿੱਤਾ ਹੈ, ਜਦ ਉਨ੍ਹਾਂ ਨੇ ਆਪਣਾ 1938 ਵਾਲਾ ਫ਼ੈਸਲਾ ਪੱਕੇ ਤੌਰ 'ਤੇ ਰੱਦ ਕਰ ਦਿੱਤਾ ਸੀ, ਜਿਸ ਦੇ ਅਧੀਨ 1938 ਤੋਂ 1946 ਤੱਕ ਚਲਦੇ ਆ ਰਹੇ 1000 ਰੁਪਏ ਤੇ 10,000 ਰੁਪਏ ਦੇ ਨੋਟ ਬੰਦ ਕਰਵਾ ਦਿੱਤੇ ਸਨ। ਸੁਤੰਤਰਤਾ ਪ੍ਰਾਪਤੀ ਤੋਂ ਪਿੱਛੋਂ ਭਾਰਤ ਸਰਕਾਰ ਨੇ ਵੀ 1,000 ਰੁਪਏ, 5,000 ਰੁਪਏ ਤੇ 10,000 ਰੁਪਏ ਦੇ ਨੋਟ 1954 ਵਿਚ ਦੁਬਾਰਾ ਮਾਰਕਿਟ ਵਿਚ ਲਿਆਂਦੇ ਤੇ 1978 ਵਿਚ ਰੱਦ ਕੀਤੇ।

ਮੋਦੀ ਸਰਕਾਰ ਵੱਲੋਂ ਰੱਦ ਕੀਤੇ 500 ਦੇ ਨੋਟ 1987 ਵਿਚ ਚਾਲੂ ਹੋਏ ਸਨ ਤੇ 1,000 ਰੁਪਏ ਵਾਲੇ 2000 ਵਿਚ। ਹਾਂ, ਸਰਕਾਰ ਵੱਲੋਂ 2,000 ਰੁਪਏ ਦੇ ਨੋਟ ਮਾਰਕਿਟ ਵਿਚ ਲਿਆਉਣਾ ਨਵੀਂ ਗੱਲ ਹੈ ਤੇ ਇਹ ਵੀ ਕਿ ਇਸ ਦੇ ਪਿਛਲੇ ਪਾਸੇ ਮੰਗਲਯਾਨ ਦੀ ਤਸਵੀਰ ਛਾਪੀ ਗਈ ਹੈ, ਜਿਸ ਰਾਹੀਂ ਵੇਖਣ ਵਾਲਿਆਂ ਨੂੰ ਭਾਰਤ ਦੀ ਪੁਲਾੜ ਵਿਚ ਕੀਤੀ ਪਹਿਲ ਕਦਮੀ ਦਾ ਚੇਤਾ ਆਵੇਗਾ।

ਇਸ ਫ਼ੈਸਲੇ ਨੇ ਮੈਨੂੰ ਆਪਣੀ ਮੁਢਲੀ ਵਿੱਦਿਆ ਦੇ ਦਿਨ ਚੇਤੇ ਕਰਵਾ ਦਿੱਤੇ ਜਦ ਸਰਕਾਰ ਨੇ ਇੱਕ ਰੁਪਏ ਦਾ ਨੋਟ ਭਾਰੀ ਮਾਤਰਾ ਵਿਚ ਮਾਰਕਿਟ ਵਿਚ ਲਿਆਂਦਾ ਸੀ। ਮੇਰੇ ਨਾਲ ਪੜ੍ਹਦਾ ਇਕ ਮੁੰਡਾ ਉਹ ਨੋਟ ਪਾਰਦਰਸ਼ੀ ਕੱਪੜੇ ਵਾਲੀ ਕਮੀਜ਼ ਦੀ ਅਗਲੀ ਜੇਬ ਵਿਚ ਪਾ ਕੇ ਲੋਕਾਂ ਨੂੰ ਦਿਖਾਉਂਦਾ ਫਿਰਦਾ ਸੀ। ਮੈਨੂੰ ਇਹ ਵੀ ਚੇਤੇ ਹੈ ਕਿ ਇਸ ਨੋਟ ਦੇ ਪਿੱਛੇ ਕਣਕ ਦੀ ਬੱਲੀ ਦਾ ਚਿੱਤਰ ਹੁੰਦਾ ਸੀ, ਉਸ ਅਨਾਜ ਦੇ ਚਿੰਨ੍ਹ ਵਜੋਂ ਜਿਹੜਾ ਲੋਕਾਈ ਦਾ ਢਿੱਡ ਭਰਦਾ ਸੀ। ਨਵੀਂ ਸਰਕਾਰ ਦਾ ਨਵਾਂ ਪੈਂਤੜਾ ਲੋਕਾਂ ਨੂੰ ਕੀ ਦੇਵੇਗਾ ਸਮੇਂ ਨੇ ਦੱਸਣਾ ਹੈ।

### ਜਨ ਧਨ ਖਾਤਿਆਂ 'ਚ ਦੋ ਦਿਨਾਂ 'ਚ ਦੋ ਲੱਖ ਕਰੋੜ ਰੁਪਏ ਜਮ੍ਹਾਂ

500 ਤੇ 1000 ਰੁਪਏ ਦੇ ਨੋਟ ਬੰਦ ਕਰਨ ਪਿੱਛੋਂ ਸਿਰਫ ਦੋ ਦਿਨਾ ਵਿਚ ਜ਼ੀਰੋ ਬੈਲੈਂਸ ਵਾਲੇ ਜਨ ਧਨ ਖਾਤਿਆਂ ਵਿਚ ਅਚਨਚੇਤ 2 ਲੱਖ ਕਰੋੜ ਰੁਪਏ ਜਮ੍ਹਾਂ ਹੋਣ ਦੇ ਮਾਮਲੇ ਦੀ ਸਰਕਾਰ ਜਾਂਚ ਕਰ ਰਹੀ ਹੈ।

ਵਿਤ ਮੰਤਰੀ ਅਰੁਣ ਜੇਤਲੀ ਨੇ ਕਿਹਾ ਕਿ ਕਾਨੂੰਨ ਲਾਗੂ ਕਰਨ ਵਾਲੀਆਂ ਏਜੰਸੀਆਂ ਗੈਰਕਾਨੂੰਨੀ ਕਰੰਸੀ ਕਾਰੋਬਾਰ ਕਰਨ ਵਾਲਿਆਂ, 500 ਤੇ 1000 ਰੁਪਏ ਦੇ ਨੋਟ ਬਦਲਣ ਦੀ ਪੇਸ਼ਕਸ਼ ਅਤੇ ਸੋਨੇ ਅਤੇ ਸਰਾਫ਼ਾ ਵਿਚ ਬੇਹਿਸਾਬਾ ਧਨ ਨਿਵੇਸ਼ ਕਰਨ ਵਾਲਿਆਂ 'ਤੇ ਬਾਜ਼ ਅੱਖ ਰੱਖ ਰਹੀਆਂ ਹਨ।

# ਪੰਜਾਬ ਦੇ ਪਾਣੀ 'ਤੇ ਸਾਰੀਆਂ ਸਿਆਸੀ ਪਾਰਟੀਆਂ ਰਣਨੀਤੀ ਘੜਨ ਲੱਗੀਆਂ

**ਨਵੀਂ ਦਿੱਲੀ –** ਭਾਰਤ ਦੀ ਸੁਪਰੀਮ ਕੋਰਟ ਨੇ ਪੰਜਾਬ ਅਤੇ ਹਰਿਆਣਾ ਦਰਮਿਆਨ ਦਰਿਆਈ ਪਾਣੀਆਂ ਦੀ ਵੰਡ ਸਬੰਧੀ ਵਿਵਾਦ ਸਤਲੁਜ ਯਮੁਨਾ ਲਿੰਕ (ਐਸ. ਵਾਈ. ਐਲ.) ਮੁੱਦੇ 'ਤੇ ਪੰਜਾਬ ਸਰਕਾਰ ਨੂੰ ਵੱਡਾ ਝਟਕਾ ਦਿੰਦਿਆਂ 2004 ਦੇ ਪੰਜਾਬ ਐਕਟ ਨੂੰ ਅਸੰਵਿਧਾਨਕ ਕਰਾਰ ਦੇ ਦਿੱਤਾ ਹੈ । ਜਸਟਿਸ ਏ. ਆਰ. ਦਵੇ ਦੀ ਅਗਵਾਈ ਵਿਚ ਪੰਜ ਜੱਜਾਂ ਦੇ ਸੰਵਿਧਾਨ ਬੈਂਚ ਨੇ ਇਹ ਫ਼ੈਸਲਾ ਦਿੰਦਿਆਂ ਕਿਹਾ ਕਿ ਪੰਜਾਬ ਦਾ 2004 ਦਾ ਫ਼ੈਸਲਾ ਸੁਪਰੀਮ ਕੋਰਟ ਵੱਲੋਂ 2003 'ਚ ਇਸ ਤਰ੍ਹਾਂ ਦੇ ਮੁੱਦੇ 'ਤੇ ਦਿੱਤੇ ਗਏ ਫ਼ੈਸਲੇ ਦੇ ਉਲਟ ਹੈ । ਐਕਟ ਤਹਿਤ ਸਾਰੇ ਗੁਆਂਢੀ ਰਾਜਾਂ ਨਾਲ ਪਾਣੀ ਦੀ ਵੰਡ ਸਬੰਧੀ ਸਮਝੌਤਿਆਂ ਨੂੰ ਖ਼ਤਮ ਕਰ ਦਿੱਤਾ ਗਿਆ ਸੀ । ਬੈਂਚ ਜਿਸ ਵਿਚ ਜਸਟਿਸ ਪੀ. ਸੀ. ਘੋਸ਼, ਜਸਟਿਸ ਸ਼ਿਵਾ ਕੀਰਤੀ ਸਿੰਘ, ਜਸਟਿਸ ਏ. ਕੇ. ਗੋਇਲ ਤੇ ਜਸਟਿਸ ਅਮਿਤਵਾ ਰਾਏ ਸ਼ਾਮਿਲ ਹਨ, ਨੇ ਇਸ ਮਾਮਲੇ 'ਚ ਹਰਿਆਣਾ ਸਰਕਾਰ ਨੂੰ ਰਾਹਤ ਦਿੰਦਿਆਂ ਕਿਹਾ ਕਿ ਪੰਜਾਬ ਸਰਕਾਰ, ਦੂਜੇ ਰਾਜਾਂ ਨਾਲ ਜੁੜੇ ਇਸ ਤਰ੍ਹਾਂ ਦੇ ਸਮਝੌਤੇ ਨੂੰ ਇਕਤਰਫ਼ਾ ਢੰਗ ਨਾਲ ਖ਼ਤਮ ਨਹੀਂ ਕਰ ਸਕਦੀ । ਸੁਪਰੀਮ ਕੋਰਟ ਨੇ ਇਹ ਫ਼ੈਸਲਾ ਰਾਸ਼ਟਰਪਤੀ ਵੱਲੋਂ ਪੁੱਛੇ ਚਾਰ ਸਵਾਲਾਂ ਦੇ ਜਵਾਬ 'ਤੇ ਦਿੱਤਾ ਹੈ । ਰਾਸ਼ਟਰਪਤੀ ਨੇ ਸਰਬ ਉੱਚ ਅਦਾਲਤ ਤੋਂ ਚਾਰ ਸਵਾਲਾਂ ਦੇ ਜਵਾਬ ਮੰਗਦਿਆਂ ਪੁੱ ਛਿਆ ਸੀ ਕਿ ਕੀ ਪੰਜਾਬ ਦਾ ਪੰਜਾਬ ਟਰਮੀਨੇਸ਼ਨ ਆਫ ਐਗਰੀਮੈਂਟ ਐਕਟ 2004 ਸੰਵਿਧਾਨਿਕ ਹੈ? ਰਾਸ਼ਟਰਪਤੀ ਨੇ ਇਸੇ 'ਚ ਪੰਜਾਬ ਸਰਕਾਰ ਦੀ ਭੂਮਿਕਾ ਬਾਰੇ ਸੁਆਲ ਪੁੱਛਦਿਆਂ ਕਿਹਾ ਸੀ ਕਿ ਕੀ ਪੰਜਾਬ ਨੇ ਰਾਵੀ ਬਿਆਸ ਬੇਸਿਨ ਨੂੰ ਲੈ ਕੇ 1981 ਦੇ ਸਮਝੌਤੇ ਦੇ ਤਹਿਤ ਨੇਮਾਂ ਮੁਤਾਬਿਕ ਸਮਝੌਤਾ ਰੱਦ ਕੀਤਾ ਹੈ । ਇਸ ਦੇ ਨਾਲ ਹੀ ਕੀ ਇਸ ਕਾਨੂੰਨ ਤਹਿਤ ਪੰਜਾਬ ਸੁਪਰੀਮ ਕੋਰਟ ਫ਼ੈਸਲਾ ਮੰਨਣ ਤੋਂ ਮੁਕਤ ਹੋ ਗਿਆ ਹੈ । ਸੁਪਰੀਮ ਕੋਰਟ ਨੇ ਨਾਂਹ-ਪੱਖੀ ਜਵਾਬ ਦਿੰ ਦਿਆਂ ਕਿਹਾ ਕਿ ਕੇਂਦਰ ਸਰਕਾਰ ਨੂੰ ਨਹਿਰ ਦਾ ਕਬਜ਼ਾ ਲੈ ਕੇ ਲਿੰਕ ਨਹਿਰ ਦੀ ਉਸਾਰੀ ਦਾ ਕੰਮ ਪੂਰਾ ਕਰਨਾ ਚਾਹੀਦਾ ਹੈ ਅਤੇ ਸਬੰਧਿਤ ਰਾਜਾਂ ਨੂੰ ਸਮਝੌਤੇ ਮੁਤਾਬਿਕ ਉਨ੍ਹਾਂ ਦੇ ਹਿੱਸੇ ਦਾ ਪਾਣੀ ਦਿੱਤਾ ਜਾਵੇ ।

### ਸਤਲੁਜ-ਯਮੁਨਾ ਸੰਪਰਕ ਨਹਿਰ ਪਾਣੀ ਸਮਝੌਤਾ ਵਿਵਾਦ ਸਬੰਧੀ ਘਟਨਾਵਾਂ ਦੇ ਵੇਰਵੇ

- 15 ਜਨਵਰੀ 2002 ਨੂੰ ਸੁਪਰੀਮ ਕੋਰਟ ਨੇ ਪੰਜਾਬ ਨੂੰ ਇਕ ਸਾਲ ਦੇ ਅੰਦਰ ਅੰਦਰ ਸਤਲੁਜ-ਯਮੁਨਾ ਸੰਪਰਕ ਨਹਿਰ ਮੁਕੰਮਲ ਕਰਨ ਦੀ ਹਦਾਇਤ ।
- ਪੰਜਾਬ ਵੱਲੋਂ 15 ਜਨਵਰੀ ਦੇ ਹੁਕਮ 'ਤੇ ਮੁੜ ਨਜ਼ਰਸਾਨੀ ਲਈ ਸੁਪਰੀਮ ਕੋਰਟ ਵਿਚ ਅਰਜ਼ੀ ।
- 5 ਮਾਰਚ ਨੂੰ ਸੁਪਰੀਮ ਕੋਰਟ ਵੱਲੋਂ ਪੰਜਾਬ ਦੀ ਅਰਜ਼ੀ ਖਾਰਜ।
- 18 ਦਸੰਬਰ ਨੂੰ ਹਰਿਆਣਾ ਵਲੋਂ ਫ਼ੈਸਲਾ ਲਾਗੂ ਕਰਵਾਉਣ ਲਈ ਸੁਪਰੀਮ ਕੋਰਟ ਵਿਚ ਅਰਜ਼ੀ ।
- 13 ਜਨਵਰੀ 2003 ਨੂੰ ਪੰਜਾਬ ਵਲੋਂ ਨਹਿਰ ਦੀ ਉਸਾਰੀ ਦੀ ਸ਼ਰਤ ਖ਼ਤਮ ਕਰਨ ਲਈ ਕੇਸ ਦਾਇਰ ।
- 4 ਜੁਲਾਈ 2004 ਨੂੰ ਸੁਪਰੀਮ ਕੋਰਟ ਵੱਲੋਂ ਪੰਜਾਬ ਦਾ ਕੇਸ ਖਾਰਜ ਅਤੇ ਨਹਿਰ ਦਾ ਕੰਮ ਕੇਂਦਰੀ ਏਜੰਸੀ ਹਵਾਲੇ ਕਰਨ ਦੀ ਹਦਾਇਤ ।
- ਹਰਿਆਣਾ ਤੇ ਰਾਜਸਥਾਨ ਨਾਲ 1981 ਵਿਚ ਰਾਵੀ-ਬਿਆਸ ਦਰਿਆਵਾਂ ਦੇ ਪਾਣੀ ਸਬੰਧੀ ਤੇ ਹੋਰ ਸਮਝੌਤਿਆਂ ਤਹਿਤ ਪੰਜਾਬ 'ਤੇ ਲਾਈਆਂ ਸ਼ਰਤਾਂ ਨੂੰ ਖ਼ਤਮ ਕਰਨ ਲਈ ਪੰਜਾਬ ਵੱਲੋਂ ਸਮਝੌਤਿਆਂ ਨੂੰ ਰੱਦ ਕਰਨ ਸਬੰਧੀ ਐਕਟ 2004 ਪਾਸ ।
- 22 ਜੁਲਾਈ 2004 ਨੂੰ ਰਾਸ਼ਟਰਪਤੀ ਏ. ਪੀ. ਜੇ. ਅਬਦੁਲ ਕਲਾਮ ਨੇ ਪੰਜਾਬ ਵਲੋਂ ਬਣਾਏ ਐਕਟ ਸਬੰਧੀ ਮੁੱਦੇ 'ਤੇ ਸੁਪਰੀਮ ਕੋਰਟ ਤੋਂ ਸਲਾਹ ਮੰਗੀ ।
- 2 ਅਗਸਤ 2004 ਨੂੰ ਸੁਪਰੀਮ ਕੋਰਟ ਵਲੋਂ ਕੇਂਦਰ, ਪੰਜਾਬ, ਹਰਿਆਣਾ, ਰਾਜਸਥਾਨ, ਹਿਮਾਚਲ ਪ੍ਰਦੇਸ਼, ਜੰਮੂ ਤੇ ਕਸ਼ਮੀਰ ਅਤੇ ਦਿੱਲੀ ਨੂੰ ਉਨ੍ਹਾਂ ਦੇ ਮੁੱਖ ਸਕੱਤਰਾਂ ਰਾਹੀਂ ਨੋਟਿਸ ਜਾਰੀ ।
- 2016 ਵਿਚ ਪੰਜਾਬ ਵੱਲੋਂ ਸਤਲੁਜ ਯਮੁਨਾ ਸੰਪਰਕ ਨਹਿਰ ਜ਼ਮੀਨ (ਜਾਇਦਾਦ ਤਬਦੀਲ ਕਰਨ ਦੇ ਹੱਕ) ਬਿੱਲ 2016 ਪੇਸ਼ ਕੀਤਾ । ਬਾਅਦ ਵਿਚ ਹਰਿਆਣਾ ਨੇ ਬਿੱਲ ਮੁਅੱਤਲ ਕਰਨ ਲਈ ਅਰਜ਼ੀ ਦਾਇਰ ਕੀਤੀ ।

ਦੇਸ਼ ਦੁਆਬਾ

# ਨੋਟਾਂ ਦੀ ਦੌੜ ਵਿਚ ਗੁਆਚੇ ਭਾਰਤੀ

ਕਿਸੇ ਨੇ ਕਲਪਨਾ ਵੀ ਨਹੀਂ ਕੀਤੀ ਸੀ ਕਿ ਘਰ ਵਿਚ ਰੱਖੇ ਵੱਡੇ ਨੋਟ ਬੇਕਾਰ ਹੋ ਜਾਣਗੇ। ਅਚਾਨਕ ਸਭ ਕੁਝ ਬਦਲ ਗਿਆ। ਸਭ ਤੋਂ ਜ਼ਿਆਦਾ ਦਿੱਕਤ ਪਿੰਡਾਂ ਦੇ ਲੋਕਾਂ ਨੂੰ ਹੋਈ, ਜਿਹਨਾਂ ਦੇ ਕੋਲ ਨਾ ਬੈਂਕ ਹਨ ਅਤੇ ਨਾ ਹੀ ਏ. ਟੀ. ਐਮ.। ਭਾਰਤ ਦੇ ਹਰੇਕ ਬੈਂਕ ਅਤੇ ਏ. ਟੀ. ਐਮ. ਦੇ ਮੂਹਰੇ ਲੰਮੀਆਂ ਕਤਾਰਾਂ ਲੱਗੀਆਂ ਹੋਈਆਂ ਹਨ। 500 ਅਤੇ 1000 ਦੇ ਨੋਟਾਂ ਵਿਚ ਭਾਰਤ ਵਰਗੇ ਕੈਸ਼ ਬੇਸਡ ਅਰਥਚਾਰੇ ਦਾ 85 ਫੀਸਦੀ ਹਿੱਸਾ ਕੰਮ ਵਿਚ ਆਉਂਦਾ ਰਿਹਾ ਹੈ। 100, 500 ਜਾਂ ਇਸ ਤੋਂ ਘੱਟ ਦੀ ਰਕਮ ਭਾਰਤ ਵਿਚ ਬਹੁਤ ਘੱਟ ਵਰਤੀ ਜਾਂਦੀ ਹੈ, ਕਿਉਂਕਿ ਮਹਿੰਗਾਈ ਵਧਣ ਦੇ ਕਾਰਨ ਇੰਨੀ ਛੋਟੀ ਕਰੰਸੀ ਦੀ ਅਹਿਮੀਅਤ ਨਹੀਂ ਰਹਿ ਗਈ ਹੈ। ਪਰ ਅਚਾਨਕ ਜਦੋਂ ਅੱਧੀ ਰਾਤ ਨੂੰ ਮੋਦੀ ਸਰਕਾਰ ਨੇ ਇਹ ਫੈਸਲਾ ਲਿਆ ਤਾਂ ਸਾਰੇ ਭਾਰਤ ਦਾ ਅਰਥਚਾਰਾ ਇਕ ਵਾਰ ਚਰਮਰਾ ਕੇ ਰਹਿ ਗਿਆ। ਦੁਕਾਨਦਾਰ ਵਿਹਲਾ ਹੋ ਗਿਆ, ਦਫਤਰਾਂ ਵਿਚ ਕੰਮ ਨਹੀਂ, ਕੰਮ ਹੈ ਤਾਂ ਸਿਰਫ ਬੈਂਕਾਂ ਵਾਲਿਆਂ ਕੋਲ ਅਤੇ ਲੋਕਾਂ ਕੋਲ ਕੰਮ ਹੈ ਕੈਸ਼ ਲਈ ਲੰਮੀਆਂ ਕਤਾਰਾਂ ਲਗਾਉਣ ਦਾ। ਨੋਟਾਂ ਦੇ ਬੰਡਲ ਦੇ ਬੰਡਲ ਇੱਧਰ ਉਧਰ ਸੁੱਟੇ ਜਾ ਰਹੇ ਹਨ। ਜਿਹਨਾਂ ਕੋਲ ਪਏ ਹਨ, ਉਹ ਨੂੰ ਚਿੰਤਾ ਹੋ ਰਹੀ ਹੈ। ਜਿਹਨਾਂ ਕੋਲ ਥੋੜ੍ਹੇ-ਬਹੁਤੇ ਸਨ, ਉਹਨਾਂ ਨੇ ਬੈਂਕਾਂ ਕੋਲ ਜਮ੍ਹਾ ਕਰਵਾ ਦਿੱਤੇ ਅਤੇ ਉਸ ਦੇ ਬਦਲੇ ਨਵੇਂ ਨੋਟ ਬਹੁਤ ਘੱਟ ਮਾਤਰਾ ਵਿਚ ਅਤੇ ਲੰਮੀਆਂ ਕਤਾਰਾਂ ਵਿਚ ਖੜ੍ਹ ਕੇ ਮਿਲ ਰਹੇ ਹਨ। ਬੈਂਕਾਂ ਵਿਚ ਕੈਸ਼ 2 ਘੰਟੇ ਤੋਂ ਜ਼ਿਆਦਾ ਨਹੀਂ ਟਿਕਦਾ, ਫਿਰ ਨਵਾਂ ਕੈਸ਼ ਆਉਂਦਾ ਹੈ, ਫਿਰ ਕਤਾਰ ਲੱਗਦੀ ਹੈ। ਲੋਕੀ ਰਾਤ ਨੂੰ ਹੀ ਬੈਂਕਾਂ ਦੇ ਮੂਹਰੇ ਕਤਾਰ ਲਗਾ ਕੇ ਖੜ੍ਹੇ ਹੋ ਜਾਂਦੇ ਹਨ, ਜਦਕਿ ਬੈਂਕ 8 ਵਜੇ ਤੋਂ ਪਹਿਲਾਂ ਕੰਮ ਆਰੰਭ ਨਹੀਂ ਕਰਦੇ। ਮੋਦੀ ਸਰਕਾਰ ਨੇ ਜੋ ਫੈਸਲਾ ਲਿਆ ਹੈ, ਹਾਲਾਂਕਿ ਦੇਸ਼ ਹਿੱਤ ਵਿਚ ਉਹ ਗਲਤ ਨਹੀਂ ਹੈ ਪਰ ਇਸ ਲਈ ਪੂਰੀ ਤਿਆਰੀ ਕਰਨੀ ਜ਼ਰੂਰੀ ਸੀ। 140 ਕਰੋੜ ਦੀ ਆਬਾਦੀ ਵਿਚੋਂ ਅੱਧੇ ਤੋਂ ਜ਼ਿਆਦਾ ਲੋਕਾਂ ਦੇ ਕੋਲ ਫਿਲਹਾਲ ਬੈਂਕ ਅਕਾਊਂਟ ਨਹੀਂ ਹਨ। ਭਾਰਤ ਵਿਚ ਰਿਟੇਲ ਕਾਰੋਬਾਰ ਕੈਸ਼ ਵਿਚ ਹੁੰਦਾ ਹੈ। ਛੋਟੇ ਦੁਕਾਨਦਾਰ ਤੋਂ ਲੈ ਕੇ ਰੇਹੜੀ-ਫੜੇ, ਸਬਜ਼ੀ ਵਾਲੇ ਸਭ ਕੈਸ਼ ਵਿਚ ਵਪਾਰ ਕਰਦੇ ਹਨ। 500 ਅਤੇ 1000 ਦੇ ਪੁਰਾਣੇ ਨੋਟ ਕੋਈ ਲੈਂਦਾ ਨਹੀਂ ਅਤੇ ਛੋਟੀ ਕਰੰਸੀ ਕਿਸੇ ਕੋਲ ਹੈ ਨਹੀਂ, ਇਸ ਕਰਕੇ ਪਿਛਲੇ ਕੁਝ ਦਿਨਾਂ ਤੋਂ ਭਾਰਤ ਵਿਚ ਅਰਾਜਕਤਾ ਵਾਲਾ ਮਾਹੌਲ ਫੈਲਿਆ ਹੋਇਆ ਹੈ।

ਮੋਦੀ ਸਰਕਾਰ ਦਾ ਇਹ ਤਰਕ ਸਹੀ ਹੈ ਕਿ ਭਾਰਤ ਵਿਚ ਜਾਅਲੀ ਕਰੰਸੀ ਅਤੇ ਬਲੈਕ ਮਨੀ ਬਹੁਤ ਜ਼ਿਆਦਾ ਜਮ੍ਹਾ ਹੋ ਗਈ ਹੈ। ਇਸ ਕਰਕੇ ਉਸ ਨੇ ਇੰਨਾ ਵੱਡਾ ਕਦਮ ਚੁੱਕਿਆ ਹੈ ਪਰ ਇਸ ਦੇ ਲਈ ਪਹਿਲਾਂ ਹੀ ਪੂਰੀ ਤਿਆਰੀ ਕਰਨੀ ਜ਼ਰੂਰੀ ਸੀ। ਪੁਰਾਣੇ ਨੋਟ ਬੇਸ਼ੱਕ ਬੰਦ ਕਰ ਦਿੱਤੇ ਜਾਂਦੇ, ਪਰ ਨਵੀਂ ਕਰੰਸੀ ਵੀ ਨਾਲ ਦੀ ਨਾਲ ਉਪਲਬਧ ਹੋਣੀ ਜ਼ਰੂਰੀ ਸੀ। ਭਾਰਤ ਵਿਚ ਦੋ ਦਿਨ ਏ. ਟੀ. ਐਮ. ਬੰਦ ਰੱਖੇ ਗਏ, ਇਸ ਤੋਂ ਬਾਅਦ 2500 ਰੁਪਏ ਦੀ ਨਿਗੂਣੀ ਰਕਮ ਏ. ਟੀ. ਐਮ. ਤੋਂ ਮਿਲਣੀ ਆਰੰਭ ਹੋਈ। 2500 ਰੁਪਏ ਪ੍ਰਾਪਤ ਕਰਨ ਲਈ ਵੀ ਲੋਕਾਂ ਨੂੰ ਹਰ ਰੋਜ਼ ਕਤਾਰਾਂ ਵਿਚ ਖੜ੍ਹਾ ਹੋਣਾ ਪੈ ਰਿਹਾ ਹੈ, ਜਦਕਿ ਇੰਨੀ ਰਕਮ ਨਾਲ ਭਾਰਤ ਵਿਚ ਕੋਈ ਬਹੁਤੀ ਖਰੀਦਦਾਰੀ ਨਹੀਂ ਕੀਤੀ ਜਾ ਸਕਦੀ। ਰਿਜ਼ਰਵ ਬੈਂਕ ਨੇ ਦੋ ਹਜ਼ਾਰ ਦਾ ਜੋ ਨੋਟ ਜਾਰੀ ਕੀਤਾ ਹੈ, ਉਸ ਵਿਚ ਨੋਟ ਦੇ ਰੰਗ, ਇਲੈਕਟ੍ਰੋ ਟਾਈਪ ਵਾਟਰ ਮਾਰਕ ਦੇ ਨਾਲ ਮਹਾਤਮਾ ਗਾਂਧੀ ਦੀ ਫੋਟੋ, ਵਿਚਕਾਰ ਆਰ. ਬੀ. ਆਈ. ਲਿਖਤ ਰੰਗ ਬਦਲਣ ਵਾਲੀ ਸੁਰੱਖਿਆ ਲਾਈਨ ਸਮੇਤ 21 ਚੈਕ ਪੁਆਇੰਟ ਦਿੱਤੇ ਹਨ। ਹਾਲਾਂਕਿ ਖੁਦ ਰਿਜ਼ਰਵ ਬੈਂਕ ਨੇ ਵੀ ਇਸ ਬਾਰੇ ਬਹੁਤ ਸਾਰੀਆਂ ਹਦਾਇਤਾਂ ਜਾਰੀ ਕਰ ਦਿੱਤੀਆਂ ਹਨ।

ਬੇਸ਼ੱਕ ਸਰਕਾਰ ਆਪਣੀ ਪਿੱਠ ਥਾਪੜ ਰਹੀ ਹੈ ਕਿ ਉਸ ਨੇ ਇੰਨਾ ਵੱਡਾ ਸਖਤ ਕਦਮ ਚੁੱਕ ਕੇ ਇਕੋ ਝਟਕੇ ਵਿਚ ਭਾਰਤ ਵਿਚੋਂ ਬਲੈਕ ਮਨੀ ਅਤੇ ਜਾਅਲੀ ਕਰੰਸੀ ਹਟਾ ਦਿੱਤੀ ਹੈ, ਪਰ ਇਸ ਦੇ ਅਰਥਵਿਵਸਥਾ ਤੇ ਪੈਣ ਵਾਲੇ ਅਸਰਾਂ ਨੂੰ ਨਜ਼ਰਅੰਦਾਜ਼ ਕੀਤਾ ਗਿਆ ਹੈ। ਭਾਰਤ ਦੇ ਜ਼ਿਆਦਾਤਰ ਲੋਕ ਇਸ ਨੂੰ ਚੋਣ ਸਟੰਟ ਦੱਸ ਰਹੇ ਹਨ, ਜਦਕਿ ਸਿਆਸੀ ਪਾਰਟੀਆਂ ਮੋਦੀ ਸਰਕਾਰ ਦੇ ਇਸ ਫੈਸਲੇ ਤੇ ਔਖੀ-ਭਾਰੀ ਹੋ ਰਹੀਆਂ ਹਨ। ਸਰਕਾਰ ਆਪਣੀ ਕਰੰਸੀ ਨੂੰ ਸੁਰੱਖਿਅਤ ਤਰੀਕੇ ਨਾਲ ਚਲਾਉਣ ਲਈ ਜੋ ਮਰਜ਼ੀ ਕਦਮ ਚੁੱਕੇ ਪਰ ਇਸ ਦੇ ਦੂਰਗਾਮੀ ਨਤੀਜਿਆਂ ਬਾਰੇ ਵੀ ਵਿਚਾਰ ਕਰਨਾ ਜ਼ਰੂਰੀ ਹੈ ਕਿਉਂਕਿ ਭਾਰਤ ਵਰਗੇ ਮੁਲਕ ਵਿਚ, ਜਿੱਥੇ 80 ਫੀਸਦੀ ਲੋਕ ਆਪਣਾ ਲੈਣ-ਦੇਣ ਕਰੰਸੀ ਵਿਚ ਹੀ ਕਰਦੇ ਹਨ, ਉਹਨਾਂ ਲਈ ਆਰਥਿਕ ਗੱਡੀ ਪਟੜੀ ਤੇ ਲਿਆਉਣਾ ਬਹੁਤ ਮੁਸ਼ਕਿਲ ਹੋ ਜਾਂਦਾ ਹੈ। ਇਹ ਹੋ ਵੀ ਰਿਹਾ ਹੈ। ਭਾਰਤ ਵਿਚ ਆਮ ਲੋਕਾਂ ਨੂੰ ਕੰਮ-ਧੰਦਿਆਂ ਦੀ ਘੱਟ, ਬਲਕਿ ਨਵੀਂ ਕਰੰਸੀ ਬਦਲਾਉਣ ਦੀ ਅੱਜਕਲ੍ਹ ਜ਼ਿਆਦਾ ਚਿੰਤਾ ਸਤਾ ਰਹੀ ਹੈ।

ਸਾਰੇ ਲੇਖਕ/ ਪੱਤਰਕਾਰ ਵੀਰਾਂ ਨੂੰ ਬੇਨਤੀ ਹੈ ਕਿ ਆਪਣੇ ਲੇਖ ਜਾਂ ਖ਼ਬਰ ਦੇ ਨਾਲ ਆਪਣਾ ਨਾਂ, ਫੋਨ ਨੰਬਰ ਅਤੇ ਐਡਰੈਸ ਤੇ ਤਸਵੀਰ ਭੇਜਿਆ ਕਰਨ। ਅਸੀਂ ਉਹਨਾਂ ਦੀ ਤਸਵੀਰ ਲੇਖ ਦੇ ਨਾਲ ਲਗਾਵਾਂਗੇ। ਸਾਰੇ ਲੇਖਕ/ ਪੱਤਰਕਾਰ ਆਨਰੇਰੀ ਹਨ, ਉਹਨਾਂ ਨੂੰ ਲਿਖਤ ਬਦਲੇ ਕੋਈ ਅਦਾਇਗੀ ਨਹੀਂ ਕੀਤੀ ਜਾਂਦੀ। ਲੇਖਕ ਆਪਣੇ ਲੇਖ ਅਤੇ ਪੱਤਰਕਾਰ ਆਪਣੀਆਂ ਖ਼ਬਰਾਂ ਲਈ ਖੁਦ ਜ਼ਿੰਮੇਵਾਰ ਹੋਣਗੇ। -ਸੰਪਾਦਕ

# ਮਾਦੇ ਤੋਂ ਮਨੁੱਖ ਤੱਕ (ਜੀਵ ਵਿਕਾਸ ਦੀ ਕਹਾਣੀ)



ਮੇਘ ਰਾਜ ਮਿੱਤਰ
+91-98887-87440

(ਨੌਵੀਂ ਕਿਸ਼ਤ)

**ਮਰੇ ਜੀਵਾਂ ਦੀ ਉਮਰ ਦਾ ਕਿਵੇਂ ਪਤਾ ਲੱਗਦਾ ਹੈ?**

ਅੱਜ ਸੰਸਾਰ ਦੇ ਸਾਰੇ ਸਾਇੰਸਦਾਨ ਇਸ ਗੱਲ ਉੱਤੇ ਇੱਕਮੱਤ ਹਨ ਕਿ ਜੀਵਾਂ ਵਿੱਚ ਵਿਕਾਸ ਹੀ ਹੋਇਆ ਹੈ। ਜੀਵਾਂ ਤੇ ਪੌਦਿਆਂ ਵਿੱਚ ਕਰੋੜਾਂ ਸਾਲਾਂ ਵਿੱਚ ਹੋਏ ਇਸ ਵਿਕਾਸ ਨੂੰ ਕਿਸੇ ਸਾਇੰਸ ਦੀ ਪ੍ਰਯੋਗਸ਼ਾਲਾ ਵਿੱਚ ਕੁਝ ਮਿੰਟਾਂ ਦੇ ਪ੍ਰਯੋਗ ਰਾਹੀਂ ਸਿੱਧ ਨਹੀਂ ਕੀਤਾ ਜਾ ਸਕਦਾ ਹੈ। ਜੀਵ ਵਿਕਾਸ ਬਹੁਤ ਹੌਲੀ ਹੌਲੀ ਹੁੰਦਾ ਹੈ। ਬੀਤੇ ਸਮੇਂ ਵਿੱਚ ਧਰਤੀ ਤੇ ਰਹਿਣ ਵਾਲੇ ਪੌਦੇ ਤੇ ਪ੍ਰਾਣੀਆਂ ਨੇ ਚਟਾਨਾਂ ਦੀਆਂ ਪਰਤਾਂ ਵਿੱਚ ਆਪਣੀ ਹੋਂਦ ਦੇ ਸਬੂਤ ਛੱਡੇ ਹਨ। ਚਟਾਨਾਂ ਦੀਆਂ ਪਰਤਾਂ ਵਿੱਚੋਂ ਮਿਲਣ ਵਾਲੇ ਜੀਵਾਂ ਦੇ ਮਿਰਤਕ ਸਰੀਰਾਂ ਨੂੰ ਹੀ ਫਾਸਿਲ ਜਾਂ ਪਥਰਾਟ ਕਿਹਾ ਜਾਂਦਾ ਹੈ। ਇਸ ਤੋਂ ਪਹਿਲਾਂ ਕਿ ਅਸੀਂ ਇਹਨਾਂ ਜੀਵ ਵਿਕਾਸ ਦੇ ਸਭ ਤੋਂ ਵੱਡੇ ਸਬੂਤ ਫਾਸਿਲਾਂ ਬਾਰੇ ਕੁਝ ਵਿਚਾਰ ਵਟਾਂਦਰਾ ਕਰੀਏ ਸਾਨੂੰ ਚਟਾਨਾਂ ਤੇ ਫਾਸਿਲਾਂ ਦੀ ਉਮਰ ਲੱਭਣ ਦੇ ਢੰਗ ਬਾਰੇ ਕੁਝ ਜਾਣਕਾਰੀ ਹੋਣੀ ਚਾਹੀਦੀ ਹੈ।

**ਸਾਧਾਰਣ ਢੰਗ–** ਅਸੀਂ ਜਾਣਦੇ ਹਾਂ ਕਿ ਧਰਤੀ ਤੇ ਇੱਕ ਸਾਲ ਵਿਚ ਗਰਮੀ ਤੇ ਸਰਦੀ ਦੇ ਦੋ ਮੌਸਮ ਆਉਂਦੇ ਹਨ। ਧਰਤੀ ਤੇ ਕੁਝ ਸਥਾਨ ਅਜਿਹੇ ਹਨ ਜਿੱਥੇ ਸਰਦੀਆਂ ਵਿੱਚ ਬਰਫ ਪੈਂਦੀ ਹੈ ਭਾਵੇਂ ਗਰਮੀਆਂ ਵਿੱਚ ਇਹਨਾਂ ਸਥਾਨਾਂ ਤੇ ਨਵੀਂ ਬਰਫ ਤਾਂ ਨਹੀਂ ਪੈਂਦੀ ਪਰ ਪਹਿਲਾ ਪਈ ਬਰਫ ਵੀ ਪਿਘਲਦੀ ਨਹੀਂ। ਇਸ ਤਰਖਾਂ ਗਰਮੀ ਦੇ ਮੌਸਮ ਵਿੱਚ ਇਸ ਤੇ ਕੁਝ ਮਿੱਟੀ ਦੇ ਕਣ ਤੇ ਪਤਝੜ ਦੇ ਮੌਸਮ ਵਿੱਚ ਕੁਝ ਪੱਤੇ ਡਿੱਗ ਪੈਂਦੇ ਹਨ। ਇਸ ਤਰਖਾਂ ਬਰਫ ਦੀਆਂ ਪਰਤਾਂ ਬਣ ਜਾਂਦੀਆਂ ਹਨ। ਸਧਾਰਣ ਵਿਅਕਤੀ ਲਈ ਬਰਫ ਦੀਆਂ ਇਹ ਪਰਤਾਂ ਮਹੱਤਵਪੂਰਣ ਨਹੀਂ ਹਨ ਪਰ ਇੱਕ ਸਾਇੰਸਦਾਨ ਲਈ ਇਹ ਬਹੁਤ ਹੀ ਮਹੱਤਤਾ ਰੱਖਦੀਆਂ ਹਨ। ਮੰਨ ਲਓ ਕੁਝ ਹਜ਼ਾਰ ਸਾਲ ਪਹਿਲਾ ਇੱਕ ਚੂਹਾ ਬਰਫ ਪੈਣ ਕਾਰਨ ਮਰ ਗਿਆ ਸੀ। ਹੁਣ ਪੁਟਾਈ ਸਮੇਂ ਜਦੋਂ ਇਹ ਕਿਸੇ ਵਿਗਿਆਨਕ ਨੂੰ ਮਿਲੇਗਾ ਤਾਂ ਉਹ ਉਸ ਦੇ ਸਰੀਰ ਤੋਂ ਉਪਰਲੀਆਂ ਬਰਫ ਦੀਆਂ ਪਰਤਾਂ ਨੂੰ ਗਿਣ ਕੇ ਇਹ ਦੱਸ ਸਕੇਗਾ ਕਿ ਉਸ ਚੂਹੇ ਦੀ ਮੌਤ ਕਿੰਨੇ ਸਾਲ ਪਹਿਲਾਂ ਹੋਈ ਸੀ। ਬਰਫ ਦੀਆਂ ਇਹ ਪਰਤਾਂ ਧਰਤੀ ਤੇ ਪੁਰਾਣੇ ਸਮਿਆਂ ਵਿੱਚ ਉਪਲਬਧ ਮੌਸਮ ਦੀਆਂ ਵੀ ਸੂਚਕ ਹੁੰਦੀਆਂ ਹਨ। ਜਿਹੜੀ ਪਰਤ ਸਭ ਤੋਂ ਮੋਟੀ ਹੋਵੇਗੀ ਉਸ ਸਾਲ ਬਰਫ ਸਭ ਤੋਂ ਵੱਧ ਪਈ ਹੋਵੇਗੀ। ਜਿਸ ਪਰਤ ਵਿੱਚ ਪੱਤਿਆਂ ਦੀ ਤੈਅ ਸਭ ਤੋਂ ਮੋਟੀ ਹੋਵੇਗੀ ਉਸ ਸਾਲ ਖੁਸ਼ਕ ਮੌਸਮ ਵਧੇਰੇ ਰਿਹਾ ਹੋਵੇਗਾ। ਇਸ ਤਰਖਾਂ ਬਰਫ ਦੀਆ ਇਹ ਪਰਤਾਂ ਅਨੇਕਾਂ ਘਟਨਾਵਾਂ ਦੀ ਜਾਣਕਾਰੀ ਲਕੋਈ ਬੈਠੀਆਂ ਹਨ। ਜਿਵੇਂ ਅਸੀਂ ਜਾਣਦੇ ਹਾਂ ਕਿ ਮਕਾਨ ਨੂੰ ਉਸਾਰਨ ਦੇ ਲਈ ਸਭ ਤੋਂ ਹੇਠਲੀ ਇੱਟ ਹੀ ਸਭ ਤੋਂ ਪਹਿਲਾਂ ਲਾਈ ਜਾਂਦੀ ਹੈ ਇਸ ਤਰਖਾਂ ਬਰਫ ਜਾਂ ਚਟਾਨ ਦੀ ਸਭ ਤੋਂ ਹੇਠਲੀ ਪਰਤ ਹੀ ਸਭ ਤੋਂ ਪਹਿਲਾਂ ਬਣਦੀ ਹੈ।

**ਰਸਾਇਣਕ ਢੰਗ–** ਉਪਰੋਕਤ ਢੰਗ ਨਾਲ ਕੁਝ ਸਦੀਆਂ ਪਹਿਲਾਂ ਵਾਪਰੀਆਂ ਘਟਨਾਵਾਂ ਦਾ ਪਤਾ ਤਾਂ ਸੁਖਾਲੇ ਹੀ ਲੱਗ ਸਕਦਾ ਹੈ ਪਰ ਹਜ਼ਾਰਾਂ ਜਾਂ ਲੱਖਾਂ ਸਾਲਾਂ ਪਹਿਲਾਂ ਵਾਪਰੀਆਂ ਘਟਨਾਵਾਂ ਲਈ ਇਹ ਢੰਗ ਵਰਤੋਂ ਵਿੱਚ ਨਹੀਂ ਲਿਆਂਦਾ ਜਾ ਸਕਦਾ ਹੈ। ਵਿਗਿਆਨੀ ਹਜ਼ਾਰਾਂ ਜਾਂ ਲੱਖਾਂ ਸਾਲ ਪਹਿਲਾਂ ਵਾਪਰੀਆਂ ਘਟਨਾਵਾਂ ਨੂੰ ਇੱਕ ਹੋਰ ਢੰਗ ਰਾਹੀਂ ਘੋਖਦੇ ਹਨ ਇਸ ਢੰਗ ਨੂੰ ਵਿਗਿਆਨ ਦੀਆਂ ਸ਼ਬਦਾਵਲੀ ਵਿੱਚ "ਕਾਰਬਨ ਡੇਟਿੰਗ ਪ੍ਰੋਸੈਸ'' ਕਿਹਾ ਜਾਂਦਾ ਹੈ। ਅਸੀਂ ਜਾਣਦੇ ਹਾਂ ਕਿ ਸਭ ਪੌਦੇ ਅਸਮਾਨ ਵਿੱਚੋਂ ਕਾਰਬਨ ਡਾਈਆਕਸਾਈਡ ਗੈਸ ਲੈ ਕੇ ਆਪਣੀ ਖੁਰਾਕ ਬਣਾਉਂਦੇ ਹਨ ਤੇ ਸਾਰੇ ਜੀਵ ਪੌਦਿਆਂ ਨੂੰ ਖਾਂਦੇ ਹਨ। ਪੌਦਿਆਂ ਵਿੱਚ ਕਾਰਬਨ ਵੀ ਦੋ ਤਰਖਾਂ ਦੀ ਹੁੰਦੀ ਹੈ। ਇਸ ਨੂੰ ਕਾਰਬਨ-12 ਤੇ ਕਾਰਬਨ-14 ਆਖਿਆ ਜਾਂਦਾ ਹੈ। ਜਿਉਂਦੇ ਸਰੀਰ ਵਿੱਚ ਇਹਨਾਂ ਦਾ ਅਨੁਪਾਤ ਸਾਰੀ ਜ਼ਿੰਦਗੀ ਸਥਿਰ ਰਹਿੰਦਾ ਹੈ। ਪੌਦਿਆਂ ਤੇ ਪ੍ਰਾਣੀਆਂ ਦੇ ਮਰਨ ਤੋਂ ਬਾਅਦ ਕਾਰਬਨ-12 ਦੀ ਮਾਤਰਾ ਵਿੱਚ ਕੋਈ ਫਰਕ ਨਹੀਂ ਪੈਂਦਾ ਪਰ ਕਾਰਬਨ-14 ਕਿਰਨਾਂ ਛੱਡਦੀ ਰਹਿੰਦੀ ਹੈ। ਇਸ ਲਈ ਹਰ 5800 ਸਾਲ ਮਗਰੋਂ ਇਹ ਪਹਿਲਾਂ ਨਾਲੋਂ ਅੱਧੀ ਰਹਿ ਜਾਂਦੀ ਹੈ। ਇਸ ਤਰਖਾਂ ਸਾਇੰਸਦਾਨ ਇੱਕ ਕਲੈਂਡਰ ਤਿਆਰ ਕਰ ਲੈਂਦੇ ਹਨ ਹੁਣ ਜਦੋਂ ਕੋਈ ਮਰਿਆ ਹੋਇਆ ਜੀਵ ਉਹਨਾਂ ਨੂੰ ਮਿਲ ਜਾਂਦਾ ਹੈ ਤਾਂ ਉਹ ਉਸ ਵਿੱਚੋਂ ਕਾਰਬਨ-12 ਤੇ ਕਾਰਬਨ-14 ਦੀ ਮਾਤਰਾ ਦੇ ਅਨੁਪਾਤ ਦਾ ਪਤਾ ਲਾ ਲੈਂਦੇ ਹਨ। ਇਸ ਤਰਖਾਂ ਕਾਰਬਨ ਦੇ ਇਸ ਕਲੈਂਡਰ ਤੋਂ ਉਹਨਾਂ ਨੂੰ ਇਹ ਪਤਾ ਲੱਗ ਜਾਂਦਾ ਹੈ ਕਿ ਇਸ ਜੀਵ ਦੀ ਮ੍ਰਿਤੂ ਕਿੰਨਾ ਸਮਾਂ ਪਹਿਲਾਂ ਹੋਈ ਸੀ। ਜਿਸ ਚਟਾਨ ਵਿੱਚੋਂ ਇਹ ਜੀਵ ਮਿਲਦਾ ਹੈ ਉਸਦੀ ਉਮਰ ਦਾ ਵੀ ਪਤਾ ਲੱਗ ਜਾਂਦਾ ਹੈ। ਯੂਰੇਨੀਅਮ ਦਾ ਢੰਗ

ਮਨੁੱਖ ਦੇ ਮਨ ਵਿਚ ਪੁਰਾਣੇ ਸਮਿਆਂ ਤੋਂ ਹੀ ਇਹ ਵਿਚਾਰ ਪੈਦਾ ਹੁੰਦੇ ਰਹੇ ਕਿ ਧਰਤੀ ਕਿੰਨੀ ਪੁਰਾਣੀ ਹੈ। ਇਸ ਲਈ ਉਹਨਾਂ ਨੇ ਇਸ ਪ੍ਰਸ਼ਨ ਦੇ ਹੱਲ ਲਈ ਬਹੁਤ ਸਾਰੇ ਯਤਨ ਵੀ ਕੀਤੇ ਪਰ ਸਫਲ ਨਾ ਹੋਏ। ਉਪਰੋਕਤ ਵਿਧੀਆਂ ਨਾਲ ਪੌਦੇ ਪ੍ਰਾਣੀਆਂ ਤੇ ਫਾਸਿਲਾਂ ਦੀਆਂ ਉਮਰਾਂ ਤਾਂ ਪਤਾ ਕੀਤੀਆਂ ਜਾ ਸਕਦੀਆਂ ਹਨ ਪਰ ਧਰਤੀ ਤੇ ਚਟਾਨਾਂ ਦੀ ਉਮਰ ਪਤਾ ਕਰਨ ਲਈ ਇੱਕ ਹੋਰ ਢੰਗ ਦੀ ਵਰਤੋਂ ਕੀਤੀ ਜਾਂਦੀ ਹੈ ਇਸ ਨੂੰ ਯੂਰੇਨੀਅਮ ਕਲੈਂਡਰ ਕਿਹਾ ਜਾਂਦਾ ਹੈ। ਇਸ ਤਰੀਕੇ ਵਿੱਚ ਪੁਰਾਣੀਆਂ ਚਟਾਨਾਂ ਦੇ ਟੁਕੜੇ ਲਏ ਜਾਂਦੇ ਹਨ ਅਤੇ ਉਹਨਾਂ ਵਿੱਚ ਯੂਰੇਨੀਅਮ ਅਤੇ ਸਿੱਕੇ ਦਾ ਅਨੁਪਾਤ ਪਤਾ ਕੀਤਾ ਜਾਂਦਾ ਹੈ। ਯੂਰੇਨੀਅਮ ਵਿੱਚ ਵੀ ਗੁਣ ਹੈ ਕਿ ਇਹ ਆਪਣੇ ਆਪ ਕਿਰਨਾਂ ਛੱਡਦਾ ਰਹਿੰਦਾ ਹੈ। ਇਸ ਲਈ ਇਹ ਪਿਆ ਪਿਆ ਸਿੱਕੇ ਵਿੱਚ ਬਦਲ ਜਾਂਦਾ ਹੈ।

(ਚਲਦਾ)

# ਮੋਦੀ ਸਰਕਾਰ ਵੱਲੋਂ ਕਾਲੇ ਧਨ ਦੀ ਸਿਆਸਤ



ਫਰੈਡੀ ਜੋਜ਼ਫ

ਸਭ ਨੂੰ ਯਾਦ ਹੋਵੇਗਾ ਕਿ ਸ੍ਰੀ ਨਰਿੰਦਰ ਮੋਦੀ ਨੇ 2014 ਦੀਆਂ ਲੋਕ ਸਭਾ ਚੋਣਾਂ ਦੌਰਾਨ ਇਹ ਨਾਅਰਾ ਦਿੱਤਾਸੀ ਕਿ ਸਵਿਟਜ਼ਰਲੈਂਡ ਅਤੇ ਹੋਰ ਦੇਸ਼ਾਂ ਵਿਚ ਪਿਆ ਭਾਰਤ ਦਾ ਕਾਲਾ ਧਨ ਵਾਪਸ ਲਿਆਂਦਾ ਜਾਵੇਗਾ। ਇਹ ਪੈਸਾ ਇੰਨਾ ਹੈ ਕਿ ਵਾਪਸ ਆਉਂਦਿਆਂ ਹੀ ਹਰ ਭਾਰਤੀ ਦੇ ਬੈਂਕ ਖਾਤੇ ਵਿਚ ਆਟੋਮੈਟਿਕਲੀ 15-15 ਲੱਖ ਰੁਪਏ ਜਮ੍ਹਾ ਹੋ ਜਾਣਗੇ। ਭਾਰਤ ਵਿਚਇਸ ਸਮੇਂ 30 ਫੀਸਦੀ ਲੋਕ ਅਜਿਹੇ ਹਨ ਜੋ ਕਈ ਪੀੜ੍ਹੀਆਂ ਤੋਂ ਫੁੱਟਪਾਥਾਂ 'ਤੇ ਗੰਦੀਆਂ ਝੌਂਪੜੀਆਂ ਵਿਚ ਰਹਿ ਰਹੇ ਹਨ। ਇੱਥੇ ਹੀ ਉਹ ਪੈਦਾ ਹੁੰਦੇ ਹਨ ਅਤੇ ਸਾਰਾ ਜੀਵਨ ਇੱਥੇ ਹੀ ਗੁਜ਼ਾਰ ਕੇ ਇਸ ਸੰਸਾਰ ਤੋਂ ਚਲੇ ਜਾਂਦੇ ਹਨ। ਉਹ ਕਦੀ ਆਪਣੇ ਘਰ ਦਾ ਸੁਪਨਾ ਨਹੀਂ ਲੈ ਸਕਦੇ। ਭਾਰਤ ਵਿਚ 25 ਫੀਸਦੀ ਲੋਕ ਰਾਤ ਨੂੰ ਭੁੱਖੇ ਸੌਂਦੇ ਹਨ ਅਤੇ ਅਜਿਹੇ ਲੋਕਾਂ ਦੀ ਗਿਣਤੀ ਵੀ ਲੱਖਾਂ ਵਿਚ ਹੀ ਹੈ ਜੋ ਸਵੇਰੇ ਉਠ ਕੇ ਰੂੜੀਆਂ ਤੋਂ ਲੋਕਾਂ ਦੀਆਂ ਸੁੱਟੀਆਂ ਗਈਆਂ ਜੂਠੀਆਂ ਖੁਰਾਕੀ ਵਸਤਾਂ ਲੱਭ ਲੱਭ ਕੇ ਖਾ ਕੇ ਪੇਟ ਪਾਲ ਰਹੇ ਹਨ। ਭਾਰਤ ਦਾ ਹਰ ਤੀਜਾ ਵਿਅਕਤੀ ਗਰੀਬੀ ਰੇਖਾ ਤੋਂ ਹੇਠਾਂ ਦਾ ਜੀਵਨ ਜੀਅ ਰਿਹਾ ਹੈ। ਅਜਿਹੇ ਪਰਿਵਾਰਾਂ ਦੇ 2-2 ਜੀਆਂ ਨੂੰ ਵੀ ਜੇਕਰ 15-15 ਲੱਖ ਰੁਪਏ ਮਿਲ ਜਾਣ ਤਾਂ ਉਹ ਇਸ ਪੈਸੇ ਨਾਲ ਆਪਣਾ ਛੋਟਾ-ਮੋਟਾ ਘਰ ਵੀ ਬਣਾ ਲੈਂਦੇ ਅਤੇ ਆਪਣੇ ਮਾੜੇ ਮੋਟੇ ਧੰਦੇ ਵੀ ਸ਼ੁਰੂ ਕਰ ਲੈਂਦੇ ਅਤੇ ਉਹ ਭਿਆਨਕ ਗਰੀਬੀ ਤੋਂ ਛੁਟਕਾਰਾ ਪਾ ਲੈਂਦੇ।

ਸਵਿਟਜ਼ਰਲੈਂਡ ਵਿਚ ਜਿਹਨਾਂ ਦੇਸ਼ਾਂ ਦਾ ਕਾਲਾ ਧਨ ਪਿਆ ਹੈ। ਭਾਰਤ ਉਹਨਾਂ ਵਿਚ ਸਭ ਤੋਂ ਉਪਰ ਹੈ। ਸਵਿਟਜ਼ਰਲੈਂਡ ਦੀਆਂ ਬੈਂਕਾਂ ਵਿਚ ਭਾਰਤ ਦਾ 1456 ਬਿਲੀਅਨ ਪੌਂਡ, ਰੂਸ ਦਾ 470 ਬਿਲੀਅਨ ਪੌਂਡ, ਇੰਗਲੈਂਡ ਦਾ 390 ਬਿਲੀਅਨ ਪੌਂਡ, ਯੂਕਰੇਨ ਦਾ 100 ਬਿਲੀਅਨ ਪੌਂਡ ਅਤੇ ਚੀਨ ਦਾ 90 ਬਿਲੀਅਨ ਪੌਂਡ ਧਨ ਪਿਆ ਹੈ। ਇਸ ਪੈਸੇ ਦੀ ਵਾਪਸੀ ਵਿਚ ਸਭ ਤੋਂ ਵੱਡਾ ਅੜਿੱਕਾ ਇਹ ਸੀ ਕਿ ਇਹ ਬੈਂਕ ਖਾਤੇਧਾਰਕਾਂ ਦੀ ਸੂਚਨਾ ਦੇਣ ਲਈ ਕਾਨੂੰਨੀ ਤੌਰ 'ਤੇ ਪਾਬੰਦ ਨਹੀਂ ਸਨ। ਇਹ ਅੜਿੱਕਾ ਖਤਮ ਕਰਨ ਲਈ ਅੰਤਰ ਰਾਸ਼ਟਰੀ ਦਬਾਅ ਬਣਾਉਣ ਲਈ ਮੋਦੀ ਸਰਕਾਰ ਨੇ ਹੋਂਦ ਵਿਚ ਆਉਂਦਿਆਂ ਹੀ ਤੁਰੰਤ ਐਸ. ਆਈ. ਟੀ. ਦਾ ਗਠਨ ਕੀਤਾ ਜਿਸਨੇ ਕਈ ਦੇਸ਼ਾਂ ਨਾਲ ਗੱਲਬਾਤ ਕਰਕੇ ਸਵਿਟਜ਼ਰਲੈਂਡ ਦੀਆਂ ਬੈਂਕਾਂ 'ਤੇ ਇਹ ਦਬਾਅ ਬਣਾਇਆ ਕਿ ਉਹ ਇਹ ਸੂਚਨਾ ਜਾਰੀ ਕਰੇ ਕਿ ਇਹਨਾਂ ਬੈਂਕਾਂ ਵਿਚ ਕਿਹੜੇ ਕਿਹੜੇ ਭਾਰਤੀਆਂ ਦਾ ਕਿੰਨਾ ਕਿੰਨਾ ਪੈਸਾ ਹੈ। ਹੁਣ ਇਹ ਬੈਂਕ ਸੂਚਨਾ ਦੇਣ ਲਈ ਤਿਆਰ ਹਨ। ਪਰ ਮੋਦੀ ਸਰਕਾਰ ਹੁਣ ਇਹਨਾਂ ਬੈਂਕਾਂ ਤੋਂ ਸੂਚਨਾ ਲੈਣ ਵਿਚ ਕੋਈ ਦਿਲਚਸਪੀ ਨਹੀਂ ਲੈ ਰਹੀ। ਲੱਗਦਾ ਹੈ ਕਿ ਉਸ ਨੇ ਇਸ ਪੈਸੇ ਦਾ ਲਾਲਚ ਦੇ ਕੇ ਲੋਕਾਂ ਕੋਲੋਂ ਵੋਟਾਂ ਲਈਆਂ ਸਨ, ਸੋ ਲੈ ਲਈਆਂ ਅਤੇ ਇਹ ਸਮਝ ਲਿਆ ਹੈ ਕਿ ਉਸਦਾ ਮਸਲਾ ਹੱਲ ਹੋ ਗਿਆ ਹੈ।

ਹੁਣ ਉਸਨੇ ਦੇਸ਼ ਦੇ ਅੰਦਰੋਂ ਕਾਲਾ ਧੰਨ ਕਢਵਾਉਣ ਦੀ ਮੁਹਿੰਮ ਇਸ ਸਾਲ ਦੇ ਆਰੰਭ ਤੋਂ ਸ਼ੁਰੂ ਕੀਤੀ। ਕਾਲੇ ਧੰਨ ਨੂੰ ਕਢਵਾਉਣ ਲਈ ਉਸਨੇ ਐਲਾਨ ਕੀਤਾ ਸੀ ਕਿ 30 ਸਤੰਬਰ 2016 ਤੱਕ ਜੋ ਲੋਕ ਆਪਣਾ ਕਾਲਾ ਧੰਨ ਚਿੱਟਾ ਕਰਨਾ ਚਾਹੁੰਦੇ ਹਨ, ਉਹ ਨਿਸ਼ਚਿਤ ਜੁਰਮਾਨਾ ਭਰ ਕੇ ਬਾਕੀ ਦੇ ਧੰਨ ਨੂੰ ਚਿੱਟਾ ਕਰ ਸਕਦੇ ਹਨ। ਇਸ ਮੁਹਿੰਮ ਤਹਿਤ ਉਸਨੇ ਹੁਣ ਤੱਕ ਸਵਾ ਲੱਖ ਕਰੋੜ ਰੁਪਿਆ ਇਕੱਠਾ ਕੀਤਾ ਹੈ। ਇਹ ਪੈਸਾ ਵੀ ਉਹ ਗਰੀਬਾਂ ਨੂੰ ਦੇਣ ਦੀ ਗੱਲ ਨਹੀਂ ਕਰ ਰਹੀ।

ਹੁਣ ਮੋਦੀ ਸਰਕਾਰ ਨੇ 9 ਨਵੰਬਰ ਨੂੰ ਐਲਾਨ ਕਰਕੇ ਦੇਸ਼ ਵਿਚ ਚੱਲ ਰਹੇ 500-500 ਅਤੇ 1000 ਰੁਪਏ ਦੇ ਨੋਟਾਂ 'ਤੇ ਪਾਬੰਦੀ ਲਾ ਦਿੱਤੀ ਹੈ। ਇਸਦਾ ਕਾਰਨ ਵੀ ਇਹੋ ਦੱਸਿਆ ਗਿਆ ਹੈ ਕਿ ਕਾਲੇ ਧੰਨ ਦਾ ਧੰਦਾ ਬੰਦ ਕਰਨਾ ਹੈ। ਇਸ ਨਾਲ ਅੱਤਵਾਦ ਉਤੇ ਕੰਟਰੋਲ ਕੀਤਾ ਜਾ ਸਕੇਗਾ ਕਿਉਂਕਿ ਅੱਤਵਾਦੀ ਕਰੋੜਾਂ ਰੁਪਏ ਦੇ ਕਾਲੇ ਧੰਨ ਨਾਲ ਹੀ ਆਪਣੀਆਂ ਸਰਗਰਮੀਆਂ ਜਾਰੀ ਰੱਖ ਰਹੇ ਹਨ। ਇਸ ਨਾਲ ਭ੍ਰਿਸ਼ਟਾਚਾਰ ਵੀ ਖਤਮ ਹੋਵੇਗਾ। ਡਰੱਗ ਮਾਫੀਆ ਅਤੇ ਲੈਂਡ ਮਾਫੀਆ ਉਤੇ ਵੀ ਕੰਟਰੋਲ ਕੀਤਾ ਜਾ ਸਕੇਗਾ।

ਭਾਰਤ ਦੇ ਸਿਆਸੀ ਖੇਤਰਾਂ ਵਿਚ ਇਹ ਆਵਾਜ਼ਾਂ ਉਠ ਰਹੀਆਂ ਹਨ ਕਿ ਇਹ ਐਲਾਨ ਦੇਸ਼ ਦੇ 5 ਸੂਬਿਆਂ ਵਿਚ ਆ ਰਹੀਆਂ ਵਿਧਾਨ ਸਭਾ ਚੋਣਾਂ ਕਰਕੇ ਕੀਤਾ ਗਿਆ ਹੈ। ਇਸ ਨਾਲ ਮੋਦੀ ਸਰਕਾਰ ਦੀ ਦੇਸ਼ ਭਰ ਵਿਚ ਵਾਹ-ਵਾਹ ਹੋਵੇਗੀ। ਦੂਸਰਾ ਚੋਣਾਂ ਵਿਚ ਸਿਆਸੀ ਪਾਰਟੀਆਂ ਕੋਲ ਕਾਲਾ ਧੰਨ ਨਹੀਂ ਹੋਵੇਗਾ ਤਾਂ ਉਨ੍ਹਾਂ ਨੂੰ ਚੋਣਾਂ ਵਿਚ ਕਾਫੀ ਦਿੱਕਤ ਆਵੇਗੀ। ਜਦਕਿ ਭਾਜਪਾ ਨੇ ਆਪਣਾ ਕਾਲਾ ਧੰਨ ਪਹਿਲਾਂ ਹੀ ਸੈੱਤ ਲਿਆ ਹੈ। ਕੇਵਲ ਉਹ ਹੀ ਚੋਣਾਂ ਵਿਚ ਕਾਲੇ ਧੰਨ ਦੀ ਵਰਤੋਂ ਕਰ ਸਕੇਗੀ। ਹੋਰ ਕੋਈ ਪਾਰਟੀ ਨਹੀਂ। 1978 ਵਿਚ ਵੀ 500-100 ਅਤੇ 10 ਹਜ਼ਾਰ ਦੇ ਨੋਟਾਂ ਤੇ ਪਾਬੰਦੀ ਲਗਾਈ ਗਈ ਸੀ। ਰਿਜ਼ਰਵ ਬੈਂਕ ਦੇ ਉਸ ਸਮੇਂ ਦੇ ਗਵਰਨਰ ਆਈ. ਜੇ. ਪਟੇਲ ਨੇ ਰਿਟਾਇਰਮੈਂਟ ਪਿੱਛੋਂ ਲਿਖੀ ਆਪਣੀ ਪੁਸਤਕ ਵਿਚ ਲਿਖਿਆ ਸੀ ਕਿ ਸਰਕਾਰ ਨੇ ਪਿਛਲੀ ਸਰਕਾਰ ਦੇ ਭ੍ਰਿਸ਼ਟ ਨੇਤਾਵਾਂ ਨੂੰ ਸਬਕ ਸਿਖਾਉਣ ਲਈ ਇਹ ਕਦਮ ਚੁੱਕਿਆ ਸੀ ਪਰ ਨਾਲ ਹੀ ਉਹਨਾਂ ਨੇ ਲਿਖਿਆ ਸੀ ਕਿ ਇਸ ਨਾਲ ਸਰਕਾਰ ਨੂੰ ਉਸ ਨੂੰ ਚਾਹੀਦੇ ਨਤੀਜੇ ਪੂਰੇ ਨਹੀਂ ਮਿਲ ਸਕਦੇ।

ਅਸਲ ਵਿਚ ਕੇਂਦਰ ਵਿਚ ਭਾਜਪਾ ਦੀ ਸਰਕਾਰ ਬਣਨ ਤੋਂ ਬਾਅਦ ਦਿੱਲੀਅਤੇ ਬਿਹਾਰ ਦੀਆਂ ਚੋਣਾਂ ਦੇ ਨਤੀਜਿਆਂ ਕਾਰਨ ਭਾਜਪਾ ਵਿਚ ਬਹੁਤ ਦਹਿਸ਼ਤ ਹੈ। ਜੇਕਰ ਉਸਦਾ ਹਾਲ ਇਨ੍ਹਾਂ ਪੰਜਾਂ ਰਾਜਾਂ ਵਿਚ ਵੀ ਦਿੱਲੀ ਅਤੇ ਬਿਹਾਰ ਵਰਗਾ ਹੋ ਗਿਆ ਤਾਂ ਲੋਕ ਕੇਂਦਰੀ ਸਰਕਾਰ ਤੋਂ ਅਸਤੀਫੇ ਦੀ ਮੰਗ ਸ਼ੁਰੂ ਕਰ ਦੇਣਗੇ। ਇਹ ਸੰਕੇਤ ਜਾਵੇਗਾ ਕਿ ਮੋਦੀ ਸਰਕਾਰ ਤੋਂ ਲੋਕਾਂ ਦਾ ਵਿਸ਼ਵਾਸ ਉਠ ਗਿਆ ਹੈ।

ਮੋਦੀ ਸਰਕਾਰ ਨੇ ਕਾਲਾ ਧੰਨ ਕਢਵਾਉਣ ਲਈ ਜੋ ਵੱਡੇ ਨੋਟ ਬਦਲਣ ਦਾ ਫੈਸਲਾ ਲਿਆ ਹੈ, ਉਸਦੀ ਲੋਕ ਪ੍ਰਸੰਸਾ ਕਰ ਰਹੇ ਹਨ ਪਰ ਜਿਹਨਾਂ ਨੂੰ ਹੁਣ 500-1000 ਦੇ ਨੋਟ ਨਾ ਚੱਲਣ ਕਾਰਨ ਭਾਰੀ ਦਿੱਕਤਾਂ ਦਾ ਸਾਹਮਣਾ ਕਰਨਾ ਪਿਆ ਹੈ, ਉਹ ਮੋਦੀ ਸਰਕਾਰ ਨੂੰ ਇਸ ਲਈ ਕਦੀ ਮੁਆਫ ਨਹੀਂ ਕਰਨਗੇ ਕਿ ਉਸ ਨੇ ਆਮ ਜਨਤਾ ਦੀ ਸਹੂਲਤ ਲਈ ਬੈਂਕਾਂ ਅਤੇ ਡਾਕਖਾਨਿਆਂ ਵਿਚ ਨੋਟ ਬਦਲਣ ਦਾ ਕੋਈ ਠੋਸ ਪ੍ਰਬੰਧ ਨਹੀਂ ਕੀਤਾ। ਹਸਪਤਾਲਾਂ, ਕੈਮਿਸਟਾਂ ਵੱਲੋਂ ਪੁਰਾਣੇ ਨੋਟ ਨਾ ਲੈਣ ਕਾਰਨ ਅਨੇਕਾਂ ਮਰੀਜ਼ਾਂ ਨੂੰ ਇਲਾਜ ਨਹੀਂ ਮਿਲ ਸਕਿਆ, ਦਵਾਈ ਨਹੀਂ ਮਿਲ ਸਕੀ। ਉਹਨਾਂ ਦੀ ਮੌਤ ਹੋ ਗਈ। ਬੈਂਕਾਂ ਵਿਚ ਲੱਗੀਆਂ ਲੰਮੀਆਂ ਲਾਈਨਾਂ ਵਿਚ ਖੜ੍ਹੇ ਕਈ ਲੋਕ ਹਾਰਟ ਅਟੈਕ ਕਾਰਨ ਦਮ ਤੋੜ ਗਏ। ਦੁਕਾਨਦਾਰਾਂ, ਰੇਹੜੀਆਂ, ਫੜ੍ਹੀਆਂ ਵਾਲਿਆਂ ਦੀ ਦੁਕਾਨਦਾਰੀ ਕਈ ਦਿਨ ਬੰਦ ਰਹਿਣ ਕਾਰਨ ਆਮ ਲੋਕਾਂ ਅਤੇ ਇਹਨਾਂ ਛੋਟੇ ਦੁਕਾਨਦਾਰਾਂ ਨੂੰ ਜਿਹਨਾਂ ਪ੍ਰੇਸ਼ਾਨੀਆਂ ਦਾ ਸਾਹਮਣਾ ਕਰਨਾ ਪਿਆ, ਉਹਨਾਂ ਨੂੰ ਲੋਕ ਸਾਰਾ ਜੀਵਨ ਭੁੱਲ ਨਹੀਂ ਸਕਣਗੇ।

ਨਿਝਬਦੀ ਗੱਲ ਇਹ ਹੈ ਕਿ ਪਿਛਲੇ ਢਾਈ ਸਾਲ ਦੀ ਮੋਦੀ ਸਰਕਾਰ ਵੱਲੋਂ ਕਾਲਾ ਧੰਨ ਕਢਵਾਉਣ ਦੀ ਕਾਰਗੁਜ਼ਾਰੀ ਦਾ ਹਾਲੇ ਤੱਕ ਆਮ ਜਨਤਾ ਨੂੰ ਕੋਈ ਲਾਭ ਨਹੀਂ ਹੋਇਆ। ਉਸਦੇ ਇਹ ਸਾਰੇ ਨਾਅਰੇ ਫੋਕੇ ਸਾਬਤ ਹੋਏ ਕਿ ਇਹ ਪੈਸਾ ਲੋਕਾਂ ਦੇ ਬੈਂਕ ਖਾਤਿਆਂ ਵਿਚ ਜਮ੍ਹਾ ਕਰਵਾ ਦਿੱਤਾ ਜਾਵੇਗਾ। ਇਹ ਸਾਰੇ ਵਰਤਾਰੇ ਤੋਂ ਇਹੀ ਜਾਪਦਾ ਹੈ ਕਿ ਭਾਰਤੀ ਜਨਤਾ ਪਾਰਟੀ ਕਾਲੇ ਧੰਨ ਦੀ ਸਿਆਸਤ ਕਰ ਰਹੀ ਹੈ। ਉਸਨੂੰ ਦੇਸ਼ ਦੀ ਗਰੀਬ ਜਨਤਾ ਦੀ ਕੋਈ ਚਿੰਤਾ ਨਹੀਂ ਹੈ।



The opinions expressed in this newspaper do not necessarily represent the views or opinions of the staff or employees of "Desh Doaba". All disputes subjected to Sacramento (California) jurisdiction.
'ਦੇਸ਼ ਦੁਆਬਾ' ਵਿਚ ਛਪੇ ਲੇਖਾਂ, ਖ਼ਬਰਾਂ ਅਤੇ ਇਸ਼ਤਿਹਾਰਾਂ ਆਦਿ ਵਿਚਲੇ ਵਿਚਾਰਾਂ/ਦਾਅਵਿਆਂ ਨਾਲ ਅਦਾਰਾ ਦੇਸ਼ ਦੁਆਬਾ ਅਤੇ ਸੰਪਾਦਕ ਦਾ ਸਹਿਮਤ ਹੋਣਾ ਜ਼ਰੂਰੀ ਨਹੀਂ

# ਸੂਬੇ 'ਚ ਨਸ਼ੇ ਦਾ ਕਾਰੋਬਾਰ ਬਾਦਲਾਂ ਦੀ ਸ਼ੈਅ ਤੇ ਹੋ ਰਿਹਾ : ਕਰੀਮਪੁਰੀ

**ਗੁਰਾਇਆ (ਨਿਰਮਲ ਗੁੜਾ)–** ਬਹੁਜਨ ਸਮਾਜ ਪਾਰਟੀ ਵਲੋਂ ਵਿਧਾਨ ਸਭਾ ਹਲਕਾ ਫਿਲੌਰ ਦੇ ਕਸਬਾ ਅੱਪਰਾ ਵਿਖੇ ਵਿਸ਼ਾਲ 'ਸੱਤਾ ਪ੍ਰਾਪਤ ਕਰੋ ਰੈਲੀ' ਦਾ ਆਯੋਜਨ ਕੀਤਾ ਗਿਆ, ਜਿਸ ਵਿਚ ਸਾਬਕਾ ਰਾਜ ਸਭਾ ਮੈਂਬਰ, ਬਸਪਾ ਪੰਜਾਬ ਦੇ ਇੰਚਾਰਜ ਤੇ ਫਿਲੌਰ ਤੋਂ ਉਮੀਦਵਾਰ ਐਡਵੋਕੇਟ ਸ. ਅਵਤਾਰ ਸਿੰਘ ਕਰੀਮਪੁਰੀ, ਡਾ. ਮੇਘਰਾਜ ਇੰਚਾਰਜ ਬਸਪਾ ਪੰਜਾਬ, ਪ੍ਰਕਾਸ਼ ਭਾਰਤੀ ਇੰਚਾਰਜ ਬਸਪਾ ਪੰਜਾਬ, ਰਛਪਾਲ ਰਾਜੂ ਸੂਬਾ ਪ੍ਰਧਾਨ ਨੇ ਮੁੱਖ ਮਹਿਮਾਨ ਵਜੋਂ ਸ਼ਿਰਕਤ ਕੀਤੀ। ਰੈਲੀ ਦੌਰਾਨ ਹਲਕੇ ਭਰ ਤੋਂ ਹਾਜਰਾ ਦੀ ਤੈਦਾਦ ਵਿਚ ਇਕੱਠੇ ਹੋਏ ਬਸਪਾ ਸਮਰਥਕਾਂ ਨੇ ਭਾਰੀ ਉਤਸ਼ਾਹ 'ਚ ਬਸਪਾ ਦਾ ਪ੍ਰਚਮ ਲਹਿਰਾ ਕੇ ਸਰਕਾਰ ਵਿਰੁੱਧ ਆਪਣਾ ਰੋਸ ਜ਼ਾਹਰ ਕੀਤਾ। ਰੈਲੀ ਦੌਰਾਨ ਲਾਮਿਸ਼ਾਲ ਠਾਠਾ ਮਾਰਦੇ ਇਕੱਠ ਨੂੰ ਸੰ-ਬੋਧਨ ਕਰਦਿਆ ਸ. ਅਵਤਾਰ ਸਿੰਘ ਕਰੀਮਪੁਰੀ ਨੇ ਕਿਹਾ ਕਿ ਅਕਾਲੀ ਭਾਜਪਾ ਦੇ ਰਾਜ ਅੰਦਰ ਪੰਜਾਬ 'ਚ ਸ਼ਰੇਆਮ ਗੁੰਡਾਗਰਦੀ ਦਾ ਨੰਗਾ ਨਾਚ ਹੋ ਰਿਹਾ ਹੈ, ਸੂਬੇ ਅੰਦਰ ਆਏ ਦਿਨ ਧਾਰਮਿਕ ਗ੍ਰੰਥਾਂ ਦੀ ਬੇਅਦਬੀ ਹੋ ਰਹੀ ਹੈ। ਸੂਬਾ ਸਰਕਾਰ ਕੋਲੋਂ ਨਾ ਤਾ ਬੇਅਦਬੀਆਂ ਦੀਆਂ ਘਟਨਾਵਾਂ ਰੋਕ ਹੋਈਆਂ ਤੇ ਨਾ ਹੀ ਪੰਜਾਬ ਦਾ ਵਿਕਾਸ ਹੋ ਸਕਿਆ, ਸੂਬੇ ਭਰ ਅੰਦਰ ਆਏ ਦਿਨ ਔਰਤਾ ਤੇ ਹਮਲੇ ਹੋ ਰਹੇ ਹਨ ਅਤੇ ਜਾਣ ਬੁੱਝ ਕੇ ਵੱਖ ਵੱਖ ਮਾਮਲਿਆਂ 'ਚ ਦਲਿਤਾ ਨੂੰ ਨਿਸ਼ਾਨਾ ਬਣਾਇਆ ਜਾ ਰਿਹਾ ਹੈ। ਉਨ੍ਹਾਂ ਅੱਗੇ ਕਿਹਾ ਕਿ ਸੂਬੇ ਦੀ ਅਕਾਲੀ ਭਾਜਪਾ ਸਰਕਾਰ ਹਰ ਫਰੰਟ ਤੇ ਫ਼ੇਲ੍ਹ ਹੋ ਚੁੱਕੀ ਹੈ ਸੂਬੇ ਦੀ ਜਵਾਨੀ ਨੂੰ ਜਾਣ ਬੁੱਝ ਕੇ ਨਸੇੜੀ ਬਣਾਇਆ ਜਾ ਰਿਹਾ ਜਿਸ ਕਾਰਨ ਹੱਸਦੇ ਵੱਸਦੇ ਪੰਜਾਬ ਦੀ ਸਥਿਤੀ ਅੱਜ ਜੰਗਲ ਰਾਜ ਵਾਲੀ ਬਣ ਚੁੱਕੀ ਹੈ। ਉਨ੍ਹਾਂ ਅੱਗੇ ਕਿਹਾ ਕਿ ਬਹੁਜਨ ਸਮਾਜ ਪਾਰਟੀ ਦਾ ਇੱਕੋ ਇਕ ਮਕਸਦ ਹਲਕੇ ਦੇ ਹਰ ਵਰਗ ਨੂੰ ਨਾਲ ਲੈਂਦੇ ਹੋਏ ਹਲਕੇ ਵਿੱਚੋਂ ਡਰੱਗ ਮਾਫ਼ੀਆਂ, ਰੇਤ ਮਾਫ਼ੀਆਂ ਤੇ ਸਰਕਾਰੀ ਸ਼ੈਅ ਤੇ ਹੋ ਰਹੀ ਗੁੰਡਾਗਰਦੀ ਨੂੰ ਨੱਥ ਪਾ ਕੇ ਹਲਕਾ ਅੰਦਰ ਚੰਗੀਆ ਸਿਹਤ ਸੇਵਾਵਾਂ, ਉੱਚ ਪੱਧਰੀ ਵਿੱਦਿਆ ਦੇ ਨਾਲ ਨਾਲ ਹਲਕੇ ਦਾ ਸੰਪੂਰਨ ਵਿਕਾਸ ਕਰਨਾ ਹੈ। ਸ. ਕਰੀਮਪੁਰੀ ਨੇ ਕਿਹਾ ਕਿ ਬਸਪਾ ਦੀ ਇਹ ਸੱਤਾ ਪ੍ਰਾਪਤ ਕਰੋ ਰੈਲੀ ਫਿਲੌਰ ਤੋਂ ਅਕਾਲੀ ਦਲ, ਕਾਂਗਰਸ ਦੇ ਅੰਤ ਦੀ ਸ਼ੁਰੂਆਤ ਕਰੇਗੀ। ਉਨ੍ਹਾਂ ਅੱਗੇ ਕਿਹਾ ਕਿ ਬਸਪਾ ਦੀ ਸਰਕਾਰ ਆਉਣ ਤੇ ਕਿਸਾਨਾਂ ਤੇ ਮਜ਼ਦੂਰਾ ਦੇ ਕਰਜ਼ੇ ਮਾਫ਼ ਕੀਤੇ ਜਾਣਗੇ ਸੂਬੇ ਨੂੰ ਖੁਸ਼ਹਾਲ ਤੇ ਨਸ਼ਾ ਮੁਕਤ ਕੀਤਾ ਜਾਵੇਗਾ, ਪੋਸਟ ਮੈਟ੍ਰਿਕ ਸਕਾਲਰਸ਼ਿਪ ਬਿਨ੍ਹਾਂ ਕਿਸੇ ਭੇਦ ਭਾਵ ਦੇ ਲਾਗੂ ਕੀਤੀ ਜਾਵੇਗੀ, ਇਕ ਸਾਲ ਦੇ ਅੰਦਰ ਇਕ ਲੱਖ ਨੌਜਵਾਨਾ ਨੂੰ ਰੁਜ਼ਗਾਰ ਦਿੱਤਾ ਜਾਵੇਗਾ। ਇਸ ਮੌਕੇ ਐਸ.ਵਾਈ ਐਲ ਨਹਿਰ ਦੇ ਮੁੱਦੇ ਤੇ ਬੋਲਦਿਆਂ ਸ. ਕਰੀਮਪੁਰੀ ਨੇ ਕਿਹਾ ਕਿ ਅਕਾਲੀ ਭਾਜਪਾ, ਕਾਂਗਰਸ ਤੇ ਆਮ ਆਦਮੀ ਪਾਰਟੀ ਇਸ ਮੁੱਦੇ ਤੇ ਰਾਜਨੀਤੀ ਕਰ ਰਹੇ ਹਨ ਜੋ ਪੰਜਾਬ ਦੇ ਲੋਕਾ ਦੀਆ ਵੋਟਾਂ ਲੈਣ ਖਾਤਰ ਚੋਣਾ ਨੇੜੇ ਵੇਖ ਕੇ ਜਾਣ ਬੁੱਝ ਕੇ ਇਸ ਮਸਲੇ ਨੂੰ ਭੜਕਾ ਰਹੇ ਹਨ, ਉਨ੍ਹਾਂ ਕਿਹਾ ਕਿ ਕੇਂਦਰ ਦੀ ਕਾਂਗਰਸ ਸਰਕਾਰ ਸਭ ਤੋਂ ਪਹਿਲਾ ਐਸ.ਵਾਈ.ਐਲ ਨਹਿਰ ਦਾ ਪ੍ਰਸਤਾਵ ਲੈ ਕੇ ਆਈ ਸੀ ਤੇ ਬਾਦਲਾ ਨੇ ਚੌਧਰੀ ਦੇਵੀ ਲਾਲ ਨਾਲ ਯਾਰੀ ਪੁਗਾਉਂਦਿਆਂ ਇਸ ਲਈ ਜਮੀਨ ਐਕਵਾਇਰ ਕਰਨੀ ਸ਼ੁਰੂ ਕੀਤੀ ਸੀ, ਜਦ ਕਿ ਕੇਜਰੀਵਾਲ ਪੰਜਾਬ ਵਿਚ ਆ ਕੇ ਪੰਜਾਬ ਦਾ ਸਮਰਥਨ ਕਰਦੇ ਹਨ ਤੇ ਦਿੱਲੀ ਜਾ ਕੇ ਹਰਿਆਣੇ ਦਾ। ਉਨ੍ਹਾਂ ਸੂਬੇ ਭਰ ਦੇ ਲੋਕਾ ਨੂੰ ਇਨ੍ਹ ਅਜਿਹੀਆਂ ਪਾਰਟੀਆਂ ਦੀਆ ਲੂੰਬੜ ਚਾਲਾ ਤੋਂ ਸੁਚੇਤ ਰਹਿਣ ਦੀ ਅਪੀਲ ਕੀਤੀ। ਇਸ ਮੌਕੇ ਡਾ. ਮੇਘ ਰਾਜ ਇੰਚਾਰਜ ਬਸਪਾ ਪੰਜਾਬ ਅਤੇ ਸ੍ਰੀ ਪ੍ਰਕਾਸ਼ ਭਾਰਤੀ ਇੰਚਾਰਜ ਬਸਪਾ ਪੰਜਾਬ, ਰਛਪਾਲ ਰਾਜੂ ਸੂਬਾ ਪ੍ਰਧਾਨ ਨੇ ਕਿਹਾ ਕਿ ਸੱਤਾ ਪ੍ਰਾਪਤ ਕਰੋ ਰੈਲੀ ਵਿਚ ਉਮੜਿਆ ਜਨ ਸੈਲਾਬ ਇਹ ਦੱਸਦਾ ਹੈ ਕਿ ਪੰਜਾਬ ਦੀ ਸੱਤਾ ਹੁਣ ਬਸਪਾ ਤੋਂ ਜਿਆਦਾ ਦੂਰ ਨਹੀ, ਕ੍ਰਾਂਤੀ ਦਾ ਬਿਗਲ ਵੱਜ ਚੁੱਕਾ ਹੈ ਅਤੇ ਹਰ ਵਰਗ ਦੇ ਸਹਿਯੋਗ ਨਾਲ ਫਿਲੌਰ ਤੋਂ ਬਸਪਾ ਇਕ ਇਤਿਹਾਸਿਕ ਜਿੱਤ ਦਰਜ ਕਰਨ ਵੱਲ ਬੜੀ ਤੇਜੀ ਨਾਲ ਵੱਧ ਰਹੀ ਹੈ। ਇਸ ਮੌਕੇ ਸੁਖਵਿੰਦਰ ਕੋਟਲੀ, ਅੰਮ੍ਰਿਤਪਾਲ ਭੌਂਸਲੇ, ਬਲਵਿੰਦਰ ਕੁਮਾਰ, ਲਾਲ ਚੰਦ ਔਜਲਾ, ਚੌਧਰੀ ਗੁਰਨਾਮ, ਗੁਰਮੇਲ ਚੁੰਬਰ, ਰਾਮ ਸਰੂਪ ਸਰੋਏ, ਸੁਸ਼ੀਲ ਬਿਰਦੀ, ਸੁਖਵਿੰਦਰ ਬਿੱਟੂ, ਹਰਮੇਸ਼ ਗੜਾ, ਖੁਸ਼ੀ ਰਾਮ ਸਰਪੰਚ, ਰਾਜਕੁਮਾਰ ਧੁੰਨਾ, ਸੱਤਪਾਲ, ਬਲਵਿੰਦਰ ਅੱਪਰਾ, ਬਾਬੂ ਸੁੰਦਰ ਪਾਲ, ਪ੍ਰਸੋਤਮ ਸੀਤਾ, ਬਲਵਿੰਦਰ ਸੀਰਾ, ਜਗਦੀਸ ਸੇਰਪੁਰੀ, ਕਾਂਤੀ ਮੋਹਣ ਸਰਪੰਚ, ਕੁਲਵੰਤ ਤੱਖਰ, ਰਾਮ ਸਰੂਪ ਚੰਬਾ, ਸੁਰਜੀਤ ਨਗਰ, ਅਵਤਾਰ ਮਸਾਣੀ, ਰਵੀ ਫਿਲੌਰੀਆ ਤੇ ਵੱਡੀ ਗਿਣਤੀ ਵਿਚ ਬਸਪਾ ਵਰਕਰ ਹਾਜਰ ਸਨ।



# ਪੰਜਾਬ ਸਰਕਾਰ ਦੀ ਵੱਡੀ ਗਲਤੀ
## 6ਵੇਂ ਵਰਲਡ ਕੱਪ ਕਬੱਡੀ ਪੰਜਾਬ-2016 'ਚ ਨਿਊਜ਼ੀਲੈਂਡ ਦੇ ਨਿਸ਼ਾਨ ਵਜੋਂ ਵਰਤਿਆ ਜਾ ਰਿਹੈ ਗਲਤ ਰਾਸ਼ਟਰੀ ਝੰਡਾ




**ਆਕਲੈਂਡ (ਹਰਜਿੰਦਰ ਸਿੰਘ ਬਸਿਆਲਾ)–** ਪੰਜਾਬ ਸਰਕਾਰ ਵੱਲੋਂ 3 ਨਵੰਬਰ ਤੋਂ 17 ਨਵੰਬਰ ਤੱਕ 6ਵਾਂ ਵਰਲਡ ਕੱਪ ਕਬੱਡੀ ਪੰਜਾਬ-2016 ਦੇ ਮੁਕਾਬਲੇ ਜਾਰੀ ਹਨ। ਪੰਜਾਬ ਸਰਕਾਰ ਵੱਲੋਂ ਵੱਖ-ਵੱਖ ਅਖਬਾਰਾਂ ਦੇ ਵਿਚ ਦਿੱਤੇ ਜਾ ਰਹੇ ਇਸ਼ਤਿਹਾਰਾਂ ਦੇ ਵਿਚ ਨਿਊਜ਼ੀਲੈਂਡ ਦਾ ਵਰਤਿਆ ਜਾ ਰਿਹਾ ਝੰਡਾ ਗਲਤ ਹੀ ਵਰਤਿਆ ਜਾ ਰਿਹਾ ਹੈ। ਦਰਅਸਲ ਵਰਤਿਆ ਜਾ ਰਿਹਾ ਝੰਡੇ ਦਾ ਨਿਸ਼ਾਨ ਉਹ ਹੈ ਜਿਹੜਾ ਕਿ ਝੰਡਾ ਬਦਲਣ ਲਈ 20 ਨਵੰਬਰ ਤੋਂ 11 ਦਸੰਬਰ 2015 ਦਰਮਿਆਨ ਹੋਏ ਜਨਮੱਤ ਦੇ ਵਿਚ ਪਹਿਲੇ ਪੰਜਾਂ ਦੇ ਵਿਚ ਬਦਲਵੇਂ ਝੰਡੇ ਵਜੋਂ ਹੋ ਰਹੇ ਮੁਕਾਬਲੇਬਾਜ਼ੀ ਵਿਚ ਸ਼ਾਮਿਲ ਸੀ। ਇਹ ਝੰਡਾ ਪਹਿਲੇ ਜਨਮੱਤ ਦੇ ਵਿਚ ਹੀ ਲੋਕਾਂ ਵੱਲੋਂ ਨਕਾਰ ਦਿੱਤਾ ਗਿਆ ਸੀ। ਇਸ ਤੋਂ ਬਾਅਦ ਝੰਡਾ ਬਦਲਣ ਲਈ ਦੂਜਾ ਜਨਮੱਤ 3 ਤੋਂ 24 ਮਾਰਚ 2016 ਦੇ ਵਿਚ ਹੋਇਆ ਸੀ ਪਰ ਲੋਕਾਂ ਨੇ ਵੋਟਾਂ ਦੇ ਰਾਹੀਂ ਇਹ ਨਤੀਜਾ ਦਿੱਤਾ ਕਿ ਪਹਿਲਾਂ ਵਾਲਾ ਪੁਰਾਣਾ ਝੰਡਾ ਹੀ ਰੱਖਿਆ ਜਾਵੇ। ਇਸ ਤਰ੍ਹਾਂ ਜੋ ਪੰਜਾਬ ਸਰਕਾਰ ਨਿਊਜ਼ੀਲੈਂਡ ਦੇ ਝੰਡੇ ਦਾ ਨਿਸ਼ਾਨ ਵਰਤ ਰਹੀ ਹੈ ਉਹ ਕਿਸੇ ਤਰ੍ਹਾਂ ਵੀ ਸਰਕਾਰੀ ਝੰਡੇ ਦਾ ਨਿਸ਼ਾਨ ਨਹੀਂ ਹੈ।

# ਸੈਕਰਾਮੈਂਟੋ ਦੇ ਡਿਪਟੀ ਸ਼ੈਰਿਫ ਦੀ ਗੋਲੀ ਮਾਰ ਕੇ ਹੱਤਿਆ, ਦੋਸ਼ੀ ਗ੍ਰਿਫਤਾਰ

**ਸੈਕਰਾਮੈਂਟੋ (ਬਿਊਰੋ)–** ਇੱਥੋਂ ਦੇ ਡਿਪਟੀ ਸ਼ੈਰਿਫ ਦੀ ਇਕ ਵਿਅਕਤੀ ਨੇ ਗੋਲੀ ਮਾਰ ਕੇ ਹੱਤਿਆ ਕਰ ਦਿੱਤੀ ਹੈ। ਦੋਸ਼ੀ ਨੂੰ ਪਕੜ ਲਿਆ ਹੈ। ਡੇਵਿਡ ਮਕੈਡੋ ਨਾਂ ਦੇ ਇਸ ਵਿਅਕਤੀ ਨੂੰ ਸਟੇਨਸਲਾਸ ਸੁਪੀਰੀਅਰ ਕੋਰਟ ਵਿਚ ਪੇਸ਼ ਕੀਤਾ ਗਿਆ। ਉਸ ਨੂੰ ਐਤਵਾਰ ਨੂੰ ਗ੍ਰਿਫਤਾਰ ਕੀਤਾ ਗਿਆ ਸੀ। ਡਿਪਟੀ ਡੈਨਿਸ ਵਲਾਂਸ ਉਸ ਵਕਤ ਫਾਕਸ ਗਰੋਵ ਪਾਰਕ ਵਿਚ ਕਿਸੇ ਕੇਸ ਦੀ ਜਾਂਚ ਦਰਮਿਆਨ ਜਾ ਰਹੇ ਸਨ। ਸ਼ੈਰਿਫ ਨੇ ਉਸ


ਡਿਪਟੀ ਡੈਨਿਸ ਵਲਾਂਸ

ਵਿਅਕਤੀ ਤੋਂ ਜਾਂਚ ਵਿਚ ਕੁਝ ਮਦਦ ਵੀ ਮੰਗੀ ਸੀ। ਉਸ ਦੇ ਸਿਰ ਵਿਚ ਦੋ ਗੋਲੀਆਂ ਮਾਰ ਦਿੱਤੀਆਂ ਗਈਆਂ ਸਨ। ਇਸ ਇਲਾਕੇ ਦੀ ਜਾਂਚ ਜਾਰੀ ਹੈ। ਪਕੜਿ ਗਿਆ ਵਿਅਕਤੀ ਪਹਿਲਾਂ ਵੀ ਲੁੱਟਮਾਰ ਅਤੇ ਪਰਸ ਸਟੈਚਿੰਗ ਦੇ ਕੇਸਾਂ ਵਿਚ ਨਾਮਜ਼ਦ ਹੋ ਚੁੱਕਾ ਹੈ। ਗਵਰਨਰ ਅਤੇ ਸੀ. ਏ. ਅਟਾਰਨੀ ਜਨਰਲ ਬੀਬੀ ਕਮਲਾ ਹੈਰਿਸ ਨੇ ਸ੍ਰੀ ਵਲਾਂਸ ਦੀ ਮੌਤ ਤੇ ਦੁੱਖ ਦਾ ਪ੍ਰਗਟਾਵਾ ਕੀਤਾ ਹੈ। ਉਹਨਾਂ ਕਿਹਾ ਕਿ ਸ੍ਰੀ ਵਲਾਂਸ ਦੀਆਂ ਸਮਾਜ ਲਈ ਅਹਿਮ ਸੇਵਾਵਾਂ ਸਨ ਅਤੇ ਉਹਨਾਂ ਦੀਆਂ ਸੇਵਾਵਾਂ ਅਤੇ ਉਹਨਾਂ ਦੀ ਕੁਰਬਾਨੀ ਨੂੰ ਅਸੀਂ ਕਦੀ ਵੀ ਨਹੀਂ ਭੁੱਲ ਸਕਾਂਗੇ।


ਕਮਲਾ ਹੈਰਿਸ


# MAJESTIC HOMES



**SALE PENDING**
**$338,888**
**3314 Canim Ct**
**Antioch**

**3 Bedrooms and 2 Bathrooms - Best Deal in Antioch**
Cozy 3 Bedrooms, 2 bath and 2 car garage in a court location on a 6600 sqft lot. Granite counter tops in kitchen. Fresh paint inside. Dual pane windows. Fire place in living room. Central heating and air conditioning. Storage shed in the backyard, new fence. Possible RV parking. Single story home. Court location.



**SOLD $ 348,888**
**59 E. Lake Drive Antioch**
**4 Bedrooms and 2 bath Home in Antioch**
4 Bedrooms, 2 bath and 2 car garage. Upgraded kitchen, bath and Carpet about 8 years ago. 2 bedrooms and a bath down stairs. Very convenient location.



**COMING SOON**
**3201 Magicwoods Ct Sacramento**
**$278,888**
**3 Bedrooms and 2 Bathrooms - Home in Sacramento**
Seller got tired of leasing 3 Bedrooms, 2 bath and 2 car garage. Over 10,000 sqft lot, big enough to add a pool. Central heating and air conditioning. Needs some TLC. Single story home. Court location.

ਤੁਸੀਂ ਸਾਡੇ ਨਾਲ ਹਿੰਦੀ ਅਤੇ ਪੰਜਾਬੀ ਭਾਸ਼ਾ ਵਿਚ ਵੀ ਗੱਲ ਕਰ ਸਕਦੇ ਹੋ।


**Ramesh Suman, Broker**
BRE - 00871752 GRI, CDPE, RCS-D
RES.NET AMP REO Certified
HAFA Short Sale Sepcialist
Director - East Bay Regional Data, Inc.
925) 779-1234


**Deo Raj "Dave" Singh, Realtor**
BRE License - 01789784
Direct: (925)766-3280
E-mail: Dave@MajesticHomes.us


**Rajbir S. Sarkaria, Realtor**
BRE License - 01499991
Direct: (925)766-5784
E-mail: Raj@MajesticHomes.us

**2006 A Street, Suite 219, Antioch, CA 94509**
**Service Excellence - Experience the Difference**
WWW.MajesticHomes.US Email: Ramesh@RameshSuman.com

# ਗੁਰਬਾਣੀ ਇਸੁ ਜਗ ਮਹਿ ਚਾਨਣੁ॥ (ਗੁਰੂ ਗ੍ਰੰਥ ਸਾਹਿਬ)-8

## ਕਿਵ ਸਚਿਆਰਾ ਹੋਈਐ ਕਿਵ ਕੂੜੈ ਤੁਟੈ ਪਾਲਿ॥?



ਅਵਤਾਰ ਸਿੰਘ ਮਿਸ਼ਨਰੀ
510-432-5827

ਅੰਮ੍ਰਿਤ ਵੇਲੇ ਬਾਰੇ ਵਿਚਾਰ-ਅੰਮ੍ਰਿਤ ਲਫਜ ਦੇ ਕਈ ਅਰਥ ਹਨ ਪਰ ਅੰਮ੍ਰਿਤ ਵੇਲੇ ਦੇ ਪ੍ਰਕਰਣ ਅਨੁਸਾਰ ਅੰਮ੍ਰਿਤ ਸੰਸਕ੍ਰਿਤ ਦਾ ਸ਼ਬਦ ਤੇ ਅਰਥ ਪ੍ਰਮਾਤਮਾਂ, ਸੱਚ, ਸਚਾਈ, ਮੌਤ ਰਹਿਤ, ਅਮਰ, ਸੁੰਦਰ, ਪਿਅਰਾ, ਰੋਗ ਨਾਸ਼ਕ, ਰਸਦਾਇਕ, ਸ਼ੁਭ ਗੁਣ, ਹਰ ਉਤਮ ਚੰਗੀ ਅਤੇ ਸਦੀਵ ਦਿਸ ਅਣਦਿਸ ਵਸਤੂ ਆਦਿਕ ਅੰਮ੍ਰਿਤ ਹੈ। ਵੇਲਾ-ਵੀ ਸੰਸਕ੍ਰਿਤ ਦਾ ਸ਼ਬਦ ਤੇ ਅਰਥ ਸਮਾਂ, ਵਕਤ, ਘੜੀ ਆਦਿ ਹਨ।

ਗੁਰੂ ਨਾਨਕ ਸਾਹਿਬ ਜੀ ਨੇ ਜਪੁਜੀ ਸਾਹਿਬ ਦੀ ਚਉਥੀ ਪਉੜੀ ਵਿਖੇ ਇਸ ਦਾ ਜਿਕਰ ਕੀਤਾ ਹੈ-ਅੰਮ੍ਰਿਤ ਵੇਲਾ ਸਚੁ ਨਾਉ ਵਡਿਆਈ ਵੀਚਾਰੁ॥(ਜਪੁਜੀ) ਉਹ ਸੁਭਾਗਾ ਸਮਾਂ ਜਦ ਸਦੀਵੀ ਸਚਿਆਰ ਪ੍ਰਭੂ ਦੇ ਨਾਮ ਭਾਵ ਰੱਬੀ ਨਿਯਮ ਦੀ ਇਕਾਗਰਤਾ ਨਾਲ ਵਿਚਾਰ ਕੀਤੀ ਜਾਵੇ। ਹੋਰ ਵੀ ਪ੍ਰਮਾਨ ਹਨ-ਧੰਨੁ ਸੁ ਵੇਲਾ ਜਿਤੁ ਮੈ ਸਤਿਗੁਰੁ ਮਿਲਿਆ (੯੯) ਉਹ ਹੀ ਘੜੀ, ਮਹੂਤ ਵੇਲਾ ਸਫਲਾ ਹੈ ਜਦ ਜਦ ਪ੍ਰਮਾਤਮਾਂ ਚੇਤੇ ਆਉਂਦਾ ਹੈ-ਸਾ ਵੇਲਾ ਸੋ ਮੂਰਤੁ ਸਾ ਘੜੀ ਸਘ ਮੁਹਤ ਸਫਲੁ ਹੈ ਮੇਰੀ ਜਿੰਦੜੀਏ ਜਿਤੁ ਹਰਿ ਮੇਰਾ ਚਿਤਿ ਆਵੈ ਰਾਮ॥ (੫੪੧) ਹਰ ਵੇਲੇ ਹੀ ਪ੍ਰਭੂ ਭਗਤੀ (ਉਸ ਦੇ ਨਿਯਮ ਵਿੱਚ ਚਲਦੇ ਸ਼ੁਭ ਗੁਣਧਾਰੀ ਹੋ) ਕੀਤੀ ਜਾ ਸਕਦੀ ਹੈ-ਜੇ ਵੇਲਾ ਵਖਤੁ ਵੀਚਾਰੀਐ ਤਾ ਕਿਤੁ ਵੇਲਾ ਭਗਤਿ ਹੋਇ॥ ਅਨਦਿਨੁ (ਹਰ ਵੇਲੇ) ਨਾਮੇ ਰਤਿਆ (ਪ੍ਰਭੂ ਦੇ ਓਟੱਲ ਨਿਯਮਾਂ ਦੀ ਪਾਲਣਾ ਕਰਦਿਆਂ) ਸਚੇ ਸਚੀ ਸੋਇ॥ (੫੫) ਭਾਈ ਗੁਰਦਾਸ ਜੀ ਵੀ ਅੰਮ੍ਰਿਤ ਵੇਲੇ ਬਾਰ ਦਸਰਸਾਂਦੇ ਹਨ-ਸਿਫਤਿ ਸਲਾਹਣੁ ਅੰਮ੍ਰਿਤ ਵੇਲਾ॥ (ਵਾਰ-੭, ਪਾਉੜੀ ੨੦) ਭਾਵ ਜਦ ਵੀ ਉਸ ਪ੍ਰਭੂ ਦੀ ਸਿਫਤ ਸਲਾਹ ਕੀਤੀ ਜਾਵੇ ਉਹ ਹੀ ਅੰਮ੍ਰਿਤ ਵੇਲਾ ਹੈ।

ਸ਼ੁਭਾ ਸ਼ਾਮ ਦਾ ਇਕਾਂਤ ਤੇ ਇਕਾਗਤਾ ਦਾ ਸਮਾਂ ਵੀ ਅੰਮ੍ਰਤ ਵੇਲਾ ਹੈ। ਦੁਨੀਆਂ ਭਰ ਵਿੱਚ ਵੇਲਾ (ਸਮਾਂ) ਇਕਸਾਰ ਨਹੀਂ।

ਨਾਲੇ ਹਰ ਇਨਸਾਨ ਦਾ ਖਾਣ, ਪੀਣ, ਸ਼ੌਣ, ਖੇਡਣ ਅਤੇ ਕੰਮ ਕਰਨ ਦਾ ਸਮਾਂ ਵੱਖਰਾ ਹੈ। ਕੀ ਦਿਨੇ ਕੰਮ ਕਰਦਾ ਅਤੇ ਕੋਈ ਰਾਤ ਨੂੰ ਕਰਦਾ ਹੈ। ਇਸ ਕਰਕੇ ਅੰਮ੍ਰਿਤ ਵੇਲੇ ਬਾਰੇ ਪੰਡਿਤਾਂ, ਸਾਧਾਂ-ਸੰਤਾ ਅਤੇ ਕਥਾਚਾਚਕਾਂ ਵੱਲੋਂ ਪਾਏ ਪਾਏ ਭੁਲੇਖੇ ਅਤੇ ਦਿੱਤੇ ਡਰਾਇਆਂ ਤੋਂ ਡਰਨ ਦੀ ਲੋੜ ਨਹੀਂ, ਇਹ ਲੋਕ ਗੁਰੂ ਗ੍ਰੰਥ ਸਾਹਿਬ ਦੀ ਬਾਣੀ ਤੋਂ ਉੱਪਰ ਨਹੀਂ ਹਨ।

ਮਨੁੱਖਾ ਜਨਮ ਅੰਮ੍ਰਿਤ ਵੇਲਾ ਜਿਸ ਵਿੱਚ ਰੱਬ ਨੂੰ ਯਾਦ ਕੀਤਾ ਜਾਂਦਾ ਹੈ। ਸੋ ਹਰ ਵੇਲੇ ਪ੍ਰਭੂ ਨੂੰ ਯਾਦ ਰੱਖਣਾ ਅੰਮ੍ਰਿਤ ਵੇਲਾ ਅਤੇ ਭੁੱਲਣਾ ਹੀ ਜ਼ਹਿਰ ਵੇਲਾ ਭਾਵ ਮਾੜਾ ਸਮਾ ਹੈ। ਗੁਰਬਾਣੀ ਕਿਸੇ ਵੇਲੇ ਵੀ ਪੜ੍ਹੀ, ਸੁਣੀ, ਗਾਈ, ਵਿਚਾਰੀ ਅਤੇ ਧਾਰੀ ਜਾ ਸਕਦੀ ਹੈ। ਆਓ ਗੁਰਬਾਣੀ ਦਾ ਓਟ ਆਸਰਾ ਲੈ ਕੇ ਡੇਰੇਦਾਰ ਪਾਖੰਡੀ ਅਤੇ ਸੰਪ੍ਰਦਾਈ ਸਾਧਾਂ ਦੇ ਭਰਮਜਾਲ ਤੋੜ ਕੇ, ਥੋਥੇ ਕਰਮਕਾਂਡਾਂ ਦੇ ਪਿੰਜਰੇ ਤੋਂ ਬਾਹਰ ਨਿਕਲੀਏ ਅਤੇ ਮਨੁੱਖਾ ਜੀਵਨ ਨੂੰ ਪ੍ਰਭੂ ਭਾਣੇ ਅੰਦਰ ਖੁਸ਼ੀ, ਤੇ ਅਜ਼ਾਦੀ ਨਾਲ ਬਤੀਤ ਕਰੀਏ। ਹਰ ਵੇਲੇ ਉਦਮੀ ਹੋਈਏ ਨਾ ਕਿ ਕੇਵਲ ਸ਼ੁਭਾ ਸ਼ਾਮ ਗਿਣਤੀ ਦੇ ਪਾਠਾਂ ਵੇਲੇ।

# ਚੋਣਾਂ ਸਮੇਂ ਫਿਰ ਯਾਦ ਆਇਆ ਰਾਮ ਮੰਦਰ



ਦਰਸ਼ਨ ਸਿੰਘ ਬਾਜਵਾ
98783-83053

2014 ਦੀਆਂ ਆਮ ਲੋਕ ਸਭਾ ਚੋਣਾਂ ਸਮੇਂ ਭਾਰਤੀ ਜਨਤਾ ਪਾਰਟੀ ਨੇ ਰਾਮ ਮੰਦਰ ਦੀ ਗੱਲ ਨਹੀਂ ਕੀਤੀ ਸਗੋਂ ਪ੍ਰਧਾਨ ਮੰਤਰੀ ਅਹੁਦੇ ਦੇ ਉਮੀਦਵਾਰ ਨਰੇਂਦਰ ਮੋਦੀ ਰਾਹੀਂ 'ਸਭ ਕਾ ਸਾਥ ਸਭ ਕਾ ਵਿਕਾਸ' ਦਾ ਨਾਅਰਾ ਦੇ ਕੇ ਜਨਤਾ ਤੋਂ ਸਹਿਯੋਗ ਦੀ ਮੰਗ ਕੀਤੀ ਸੀ। ਉਸ ਸਮੇਂ ਯੂ.ਪੀ.ਏ. ਦੌਰਾਨ ਹੋਏ ਕਈ ਵੱਡੇ ਘੁਟਾਲ਼ਿਆਂ ਤੋਂ ਪ੍ਰੇਸ਼ਾਨ ਤੇ ਦੁਖੀ ਜਨਤਾ ਨੇ ਆਸ ਦੀ ਕਿਰਨ ਵਜੋਂ 'ਸਭ ਦੇ ਵਿਕਾਸ' ਦਾ ਨਾਅਰਾ ਲਾਉਣ ਵਾਲ਼ੇ ਨਰੇਂਦਰ ਮੋਦੀ ਨੂੰ ਪ੍ਰਧਾਨ ਮੰਤਰੀ ਦੇ ਰੂਪ ਵਿੱਚ ਸਵਿਕਾਰ ਕਰਕੇ ਭਾਜਪਾ ਦੀ ਜਿੱਤ 'ਤੇ ਮੋਹਰ ਲਗਾਈ ਸੀ। ਲੋਕਾਂ ਨੂੰ ਆਸ ਸੀ ਕਿ ਭਾਰਤੀ ਜਨਤਾ ਪਾਰਟੀ ਇਸ ਵਾਰ ਸ਼ਾਇਦ ਦੇਸ਼ ਦੇ ਵਿਕਾਸ ਦੀ ਗੱਲ ਕਰੇਗੀ ਅਤੇ ਮੰਦਰ, ਸਿਵਲ ਕੋਡ ਤੇ ਧਾਰਾ 370 ਵਗੈਰਾ ਦੀ ਗੱਲ ਨਹੀਂ ਕਰੇਗੀ। ਭਾਜਪਾ ਨੂੰ ਪੂਰਨ ਬਹੁਮਤ ਮਿਲਿਆ ਅਤੇ ਮੋਦੀ ਪ੍ਰਧਾਨ ਮੰਤਰੀ ਬਣ ਗਏ। ਇਸ ਸਮੇਂ ਦੌਰਾਨ ਹੀ ਕੁੱਝ ਰਾਜਾਂ ਵਿੱਚ ਵਿਧਾਨ ਸਭਾ ਦੀਆਂ ਚੋਣਾਂ ਆਈਆਂ ਤਦ ਵੀ ਭਾਰਤੀ ਜਨਤਾ ਪਾਰਟੀ ਨੇ ਰਾਮ ਮੰਦਰ ਦੀ ਗੱਲ ਨਹੀਂ ਕੀਤੀ ਸਗੋਂ ਸਥਾਨਕ ਮੁੱਦਿਆਂ ਨੂੰ ਪਹਿਲ ਦਿੱਤੀ। ਭਾਵੇਂ ਕਿ ਭਾਜਪਾ ਨੇ ਹਿੰਦੂਤਵ ਨੂੰ ਹੁਲਾਰਾ ਦੇਣ ਵਾਲ਼ੇ ਕੰਮ ਹੀ ਕੀਤੇ ਹਨ। ਸ਼ਾਇਦ ਭਾਰਤੀ ਜਨਤਾ ਪਾਰਟੀ ਤੋਂ ਅਜਿਹੀ ਆਸ ਰੱਖਣਾ ਮੂਰਖਤਾ ਹੈ। ਉਹਨਾਂ ਦਾ ਏਜੰਡਾ ਤਾਂ ਲੋਕਾਂ ਦੀ ਧਾਰਮਿਕ ਆਸਥਾ ਦਾ ਲਾਹਾ ਲੈਣਾ ਹੈ। ਹੁਣ ਜਦ 2017 ਵਿੱਚ ਉੱਤਰ ਪ੍ਰਦੇਸ਼ ਦੀਆਂ ਚੋਣਾਂ ਹੋਣ ਜਾ ਰਹੀਆਂ ਹਨ ਤਾਂ ਰਾਮ ਮੰਦਰ ਦਾ ਮੁੱਦਾ ਇੱਕ ਵਾਰ ਫਿਰ ਉੱਛਲ ਰਿਹਾ ਹੈ। ਪਹਿਲਾਂ ਪ੍ਰਧਾਨ ਮੰਤਰੀ ਨਰੇਂਦਰ ਮੋਦੀ ਨੇ ਲਖਨਊ ਵਿੱਚ ਰਾਮ ਲੀਲਾ ਗਰਾਊਂਡ ਵਿੱਚ ਦੁਸਹਿਰੇ ਦੇ ਪ੍ਰੋਗਰਾਮ ਵਿੱਚ ਸ਼ਾਮਲ ਹੋ ਕੇ ਆਪਣਾ ਭਾਸ਼ਣ ਸ਼ੁਰੂ ਕਰਨ ਤੋਂ ਪਹਿਲਾਂ 'ਜੈ ਸ਼੍ਰੀ ਰਾਮ' ਦਾ ਨਾਅਰਾ ਲਾਇਆ। ਸੂਝਵਾਨ ਲੋਕ ਇਸ ਤੋਂ ਹੀ ਅੰਦਾਜ਼ਾ ਲਗਾਉਣ ਲੱਗ ਪਏ ਸਨ ਕਿ ਹੁਣ ਫਿਰ ਰਾਮ ਮੰਦਰ ਦਾ ਮੁੱਦਾ ਉਛਾਲ਼ਿਆ ਜਾਵੇਗਾ। ਮੋਦੀ ਨੇ ਲਖਨਊ ਦੇ ਦੁਸਹਿਰੇ ਵਿੱਚ ਸ਼ਾਮਲ ਹੋਣ ਦਾ ਫ਼ੈਸਲਾ ਹੀ ਇਸ ਲਈ ਕੀਤਾ ਸੀ। ਇਸ ਤੋਂ ਪਹਿਲਾਂ ਪ੍ਰਧਾਨ ਮੰਤਰੀ ਹਮੇਸ਼ਾ ਹੀ ਦਿੱਲੀ ਦੇ ਦੁਸਹਿਰੇ ਦੇ ਸਮਾਗਮਾਂ ਵਿੱਚ ਸ਼ਾਮਲ ਹੁੰਦੇ ਰਹੇ ਹਨ। ਜਦੋਂ ਮੋਦੀ ਜੀ ਨੇ ਲਖਨਊ ਦੇ ਸਮਾਗਮ ਵਿੱਚ ਸ਼ਾਮਲ ਹੋਣ ਦਾ ਐਲਾਨ ਕੀਤਾ ਸੀ ਤਦ ਹੀ ਕੁੱਝ ਲੋਕਾਂ ਨੇ ਅੰਦਾਜ਼ਾ ਲਾ ਲਿਆ ਸੀ ਕਿ ਮੋਦੀ ਜੀ ਉੱਤਰ ਪ੍ਰਦੇਸ਼ ਵਿੱਚ ਕੀ ਗੁਲ ਖਿਲਾਉਣ ਆ ਰਹੇ ਹਨ। ਇਸ ਤੋਂ ਬਾਅਦ ਪਰਿਵਾਰਕ ਕਲ਼ੇਸ਼ ਵਿੱਚ ਉਲ਼ਝੇ ਮੁੱਖ ਮੰਤਰੀ ਅਖਿਲੇਸ਼ ਯਾਦਵ ਨੇ ਵੀ ਰਾਮ ਦੇ ਨਾਂਅ ਨੂੰ ਕੈਸ਼ ਕਰਨ ਲਈ ਅਯੁੱਧਿਆ ਵਿੱਚ ਰਾਮ ਲੀਲਾ ਥੀਮ ਪਾਰਕ ਬਣਾਉਣ ਦਾ ਐਲਾਨ ਕਰ ਦਿੱਤਾ। ਕੇਂਦਰ ਸਰਕਾਰ ਦੀ ਵੀ ਅਜਿਹੀ ਹੀ ਯੋਜਨਾ ਸੀ। ਉਹ ਅਯੁੱਧਿਆ ਤੋਂ 15 ਕਿਲੋਮੀਟਰ ਦੂਰ ਰਾਮਾਇਣ ਮਿਊਜ਼ੀਅਮ ਬਣਾਉਣਾ ਚਾਹੁੰਦੀ ਸੀ। ਉੱਤਰ ਪ੍ਰਦੇਸ਼ ਸਰਕਾਰ ਨੇ ਇਸ ਕੰਮ ਲਈ ਜ਼ਮੀਨ ਦੇ ਵੀ ਦਿੱਤੀ ਸੀ।

ਇਸ ਦੌਰਾਨ ਹੀ ਭਾਜਪਾ ਨਾ਼ਲ ਸੰਬੰਧਤ ਉੱਤਰ ਪ੍ਰਦੇਸ਼ ਦੇ ਹੀ ਸੰਸਦ ਮੈਂਬਰ ਵਿਨੈ ਕਟਿਆਰ ਨੇ ਬਿਆਨ ਦਾਗ ਦਿੱਤਾ ਕਿ ਹਿੰਦੂਆਂ ਨੂੰ ਰਾਮਾਇਣ ਮਿਊਜ਼ੀਅਮ ਜਾਂ ਰਾਮ ਲੀਲਾ ਥੀਮ ਪਾਰਕ ਦੇ ਲਾਲੀਪਾਪ ਨਾ਼ਲ ਵਡਿਆਇਆ ਨਹੀਂ ਜਾ ਸਕੇਗਾ। ਲੋਕਾਂ ਦੀ ਮੰਗ ਤਾਂ ਰਾਮ ਮੰਦਰ ਦੀ ਹੈ। ਉਸ ਨੇ ਕਿਹਾ ਕਿ ਜਦੋਂ ਅਸੀਂ ਅਯੁੱਧਿਆ ਵਿੱਚ ਜਾਂਦੇ ਹਾਂ ਤਾਂ ਸੰਤ ਪੁੱਛਦੇ ਹਨ ਕਿ ਰਾਮ ਮੰਦਰ ਕਦੋਂ ਬਣੇਗਾ? ਇਸ ਬਿਆਨ ਨਾ਼ਲ ਹੀ ਇੱਕ ਵਾਰ ਫਿਰ ਰਾਮ ਮੰਦਰ ਦੀ ਚਰਚਾ ਛਿੜ ਪਈ। ਹਿੰਦੂ ਸਾਧੂਆਂ ਨੇ ਵੀ ਉਸ ਸਮੇਂ ਹੀ ਮੰਦਰ ਦੀ ਮੰਗ ਰੱਖ ਦਿੱਤੀ। ਇਸ ਤੋਂ ਬਾਅਦ ਹਮੇਸ਼ਾ ਸੁਰਖੀਆਂ ਵਿੱਚ ਰਹਿਣ ਵਾ਼ਲੇ ਭਾਜਪਾ ਦੇ ਇੱਕ ਹੋਰ ਨੇਤਾ ਸੁਬਰਾਮਨੀਅਮ ਸਵਾਮੀ ਨੇ ਵੀ ਵਿਨੈ ਕਟਿਆਰ ਦੀ ਮੰਗ ਦੀ ਹਮਾਇਤ ਕਰ ਦਿੱਤੀ। ਉਸਨੇ ਕਿਹਾ ਕਿ ਮੈਂ ਰਾਮ ਮੰਦਰ ਬਣਾਏ ਜਾਣ ਲਈ ਅਦਾਲਤ ਵਿੱਚ ਪਟੀਸ਼ਨ ਦਾਖਲ ਕਰਾਂਗਾ। ਸਰਕਾਰ ਦਾ ਫਰਜ ਬਣਦਾ ਹੈ ਕਿ ਉਹ ਕੋਰਟ ਵਿੱਚ ਇਸ ਸੰਬੰਧੀ ਹਰ ਰੋਜ਼ ਸੁਣਵਾਈ ਕੀਤੇ ਜਾਣ ਲਈ ਅਰਜੀ ਦਾਖ਼ਲ ਕਰੇ।

ਖੁਦ ਨੂੰ ਸੈਕੂਲਰ ਕਹਾਉਣ ਵਾ਼ਲੀਆਂ ਪਾਰਟੀਆਂ ਵੀ ਕਦੇ ਖੁੱਲ੍ਹ ਕੇ ਰਾਮ ਮੰਦਰ ਬਣਾਏ ਜਾਣ ਦੇ ਖ਼ਿਲਾਫ਼ ਨਹੀਂ ਬੋਲਦੀਆਂ। ਧਾਰਮਿਕ ਭਾਵਨਾਵਾਂ ਭੜਕਾ ਕੇ ਰਾਮ ਮੰਦਰ ਦੇ ਮੁੱਦੇ ਨੂੰ ਹਵਾ ਦੇਣ ਵਾ਼ਲੀ ਅਸਲ ਵਿੱਚ ਕਾਂਗਰਸ ਹੈ। ਕਾਂਗਰਸ ਦੀ ਸੱਤਾ ਦੇ ਸਮੇਂ ਹੀ ਬਾਬਰੀ ਮਸਜਿਦ ਅੰਦਰ ਮੂਰਤੀਆਂ ਰਖਵਾਈਆਂ ਗਈਆਂ। ਫਿਰ ਰਾਜੀਵ ਗਾਂਧੀ ਨੇ ਪੂਜਾ ਦੀ ਇਜਾਜ਼ਤ ਦਿਵਾਈ। ਫਿਰ ਇਹ ਮੁੱਦਾ ਭਾਰਤੀ ਜਨਤਾ ਪਾਰਟੀ ਦੇ ਹੱਥਾਂ ਵਿੱਚ ਆ ਗਿਆ। ਕਾਂਗਰਸ ਦੀ ਸਰਕਾਰ ਸਮੇਂ ਹੀ ਪੀ.ਵੀ. ਨਰਸਿਮਹਾ ਰਾਓ ਦੀ ਅੰਦਰੂਨੀ ਸਹਿਮਤੀ ਕਾਰਨ ਹੀ ਬਾਬਰੀ ਮਸਜਿਦ ਨੂੰ ਗਿਰਾਇਆ ਗਿਆ। ਭਾਵੇਂ ਮੁਲਾਇਮ ਸਿੰਘ ਦੀ ਸਰਕਾਰ ਸਮੇਂ ਕਾਰ ਸੇਵਕਾਂ 'ਤੇ ਗੋ਼ਲੀ ਚੱਲੀ ਸੀ। ਪਰ ਬਾਅਦ ਵਿੱਚ ਮੁਲਾਇਮ ਸਿੰਘ ਨੇ ਇਸ ਨੂੰ ਗਲਤੀ ਵਜੋਂ ਸਵਿਕਾਰ ਲਿਆ ਸੀ। ਉਸਦਾ ਕਾਰ ਸੇਵਕਾਂ 'ਤੇ ਗੋ਼ਲੀ ਚਲਾਉਣ ਦੀ ਗਲਤੀ ਮੰਨਣਾ ਵੀ ਇੱਕ ਤਰ੍ਹਾਂ ਵਧਦੇ ਜਾ ਰਹੇ ਹਿੰਦੂਵਾਦ ਅੱਗੇ ਗੋਡੇ ਟੇਕਣਾ ਹੀ ਸੀ।

ਅੱਜ ਅਖਿਲੇਸ਼ ਯਾਦਵ ਇਸ ਤੋਂ ਅਗਲਾ ਕਦਮ ਚੁੱਕਦਿਆਂ ਰਾਮ ਲੀਲਾ ਥੀਮ ਪਾਰਕ ਦੀ ਸ਼ੁਰੂਆਤ ਕਰ ਰਿਹਾ ਹੈ। ਅਖਿਲੇਸ਼ ਦਾ ਇਹ ਕਦਮ ਭਾਵੇਂ ਪਾਰਟੀ ਦੀ ਅੰਦਰੂਨੀ ਕਲ੍ਹਾ ਤੇ ਗੁੱਟਬਾਜ਼ੀ ਕਾਰਨ ਹੁੰਦੇ ਨੁਕਸਾਨ ਦੀ ਪੂਰਤੀ ਕਰਨਾ ਹੋ ਸਕਦਾ ਹੈ। ਪਰ ਇੱਕ ਗੱਲ ਸਾਫ਼ ਹੈ ਕਿ ਜੇਕਰ ਰਾਮ ਦੇ ਨਾਂਅ 'ਤੇ ਵੋਟ ਮਿਲਦੇ ਹਨ ਤਾਂ ਹਰ ਕੋਈ ਵਹਿੰਦੀ ਗੰਗਾ ਵਿੱਚ ਹੱਥ ਧੋ ਲੈਣ ਦੀ ਕੋਸ਼ਿਸ਼ ਵਿੱਚ ਹੈ। ਭਾਵੇਂ ਰਾਮ ਮੰਦਰ ਬਣਾਉਣਾ ਕਿਸੇ ਪਾਰਟੀ ਦੀ ਵੀ ਪ੍ਰਾਥਮਿਕਤਾ ਨਾ ਹੋਵੇ। ਅਸਲ ਵਿੱਚ ਰਾਮ ਮੰਦਰ ਦੇ ਨਾਂਅ 'ਤੇ ਹਿੰਦੂ ਲੋਕ ਜੁੜਦੇ ਹਨ। ਇਸ ਲਈ ਕੋਈ ਵੀ ਪਾਰਟੀ ਇਸ ਮੁੱਦੇ ਨੂੰ ਹੱਥ 'ਚੋਂ ਨਹੀਂ ਛੱਡਣਾ ਚਾਹੁੰਦੀ।

ਮੁੱਠੀ ਭਰ ਲੋਕਾਂ ਨੂੰ ਛੱਡ ਕੇ ਸਾਰਾ ਭਾਰਤ ਰਾਮ ਰਾਮ ਕਰਦਾ ਫਿਰ ਰਿਹਾ ਹੈ। ਇਸ ਦਾ ਲਾਹਾ ਲੈਂਦਿਆਂ ਸਾਰੀਆਂ ਰਾਜਨੀਤਕ ਪਾਰਟੀਆਂ ਇਸ ਆਸਥਾ ਨੂੰ ਹੋਰ ਹਵਾ ਦਿੰਦੀਆਂ ਹਨ। ਹਿੰਦੂਆਂ ਦੀ ਤਾਂ ਗੱਲ ਹੀ ਛੱਡੋ ਸਿੱਖਾਂ ਦੇ ਮਨਾਂ ਵਿੱਚ ਵੀ ਰਾਮ ਵਸਿਆ ਹੋਇਆ ਹੈ।

ਇਹ ਰਾਮ ਅਯੁੱਧਿਆ ਪਤੀ ਰਾਮ ਹੈ ਜਾਂ ਰਸਾਇਣੀ ਰਾਮ, ਇਸਦੇ ਫ਼ਰਕ ਦਾ ਵੀ ਸਿੱਖਾਂ ਨੂੰ ਕੋਈ ਪਤਾ ਨਹੀਂ। ਬਸ ਰਾਮ ਰਾਮ ਹੋ ਰਿਹਾ ਹੈ। ਅਯੁੱਧਿਆ ਦੇ ਦਸ਼ਰਥ ਦੇ ਪੁੱਤਰ ਰਾਮ ਚੰਦਰ ਨੂੰ ਗੁਰਮਤਿ ਨਹੀਂ ਮੰਨਦੀ। ਗੁਰਮਤਿ ਤਾਂ ਰਸਾਇਣੀ ਰਾਮ ਨੂੰ ਮੰਨਦੀ ਹੈ ਜਿਸਦਾ ਜ਼ਿਕਰ ਰਾਮ ਚੰਦਰ ਤੋਂ ਵੀ ਪਹਿਲਾਂ ਹੁੰਦਾ ਆਇਆ ਹੈ।

ਸਿੱਖਾਂ ਦੇ ਧਾਰਮਿਕ ਗ੍ਰੰਥ ਸ਼੍ਰੀ ਗੁਰੂ ਗ੍ਰੰਥ ਸਾਹਿਬ ਵਿੱਚ ਦੋਵੇਂ ਤਰ੍ਹਾਂ ਦੇ ਰਾਮ ਆਉਂਦੇ ਹਨ। ਇੱਥੇ ਜਦੋਂ ਰਸਾਇਣੀ ਰਾਮ ਦਾ ਜ਼ਿਕਰ ਹੈ ਤਾਂ ਸ਼ਰਧਾ ਵਸ ਜ਼ਿਕਰ ਹੈ ਅਤੇ ਜਦੋਂ ਦਸਰਥ ਦੇ ਪੁੱਤਰ ਰਾਮ ਚੰਦਰ ਦਾ ਜ਼ਿਕਰ ਆਉਂਦਾ ਤਾਂ ਉਸਨੂੰ ਆਮ ਇਨਸਾਨਾਂ ਵਾਂਗ ਲਿਆ ਜਾਂਦਾ ਹੈ। ਉਦਾਹਰਣ ਵਜੋਂ ਬਾਬਾ ਨਾਮਦੇਵ ਜੀ ਰਾਮ ਚੰਦਰ ਦਾ ਜ਼ਿਕਰ ਕਰਦਿਆਂ ਪੰਡਤ ਨੂੰ ਆਖਦੇ ਹਨ :-

ਪਾਂਡੇ ਤੁਮਰਾ ਰਾਮ ਚੰਦੁ ਸੋ ਭੀ ਆਵਤੁ ਦੇਖਿਆ ਥਾ॥
ਰਾਵਨ ਸੇਤੀ ਸਰਬਰ ਹੋਈ ਘਰ ਕੀ ਜੋਇ ਗਵਾਈ ਥੀ॥

ਆਦਿ ਗ੍ਰੰਥ, ਪੰਨਾ 875

ਗੁਰੂ ਨਾਨਕ ਦੇਵ ਜੀ ਰਾਮ ਚੰਦਰ ਦਾ ਜ਼ਿਕਰ ਕਰਦਿਆਂ ਉਸਨੂੰ ਇੱਕ ਬੇਵਸ ਇਨਸਾਨ ਦੇ ਤੌਰ 'ਤੇ ਦਰਸਾਉਂਦੇ ਹਨ ਜਿਹੜਾ ਆਪਣੀ ਮਤਰੇਈ ਮਾਂ ਕਰਕੇ 14 ਸਾਲ ਦਾ ਵਣਵਾਸ ਭੋਗਦਾ ਹੈ। ਵਣਵਾਸ ਦੌਰਾਨ ਹੀ ਲੰਕਾ ਪਤੀ ਰਾਵਣ ਦੀ ਭੈਣ ਸਰੂਪ ਨਖਾ ਦਾ ਨੱਕ ਕੱਟ ਕੇ ਆਪਣੀ ਪਤਨੀ ਗੁਆ ਲੈਂਦਾ ਹੈ। ਰਾਵਣ ਨਾ਼ਲ ਹੋਈ ਲੜਾਈ ਵਿੱਚ ਸਾਏ ਵਾਂਗ ਸਦਾ ਨਾ਼ਲ ਰਹਿਣ ਵਾ਼ਲਾ ਉਸ ਦਾ ਭਰਾ ਛੋਟਾ ਲਛਮਣ ਵੀ ਮੇਘਨਾਦ ਦੇ ਤੀਰ ਨਾ਼ਲ ਜਖ਼ਮੀ ਹੋ ਕੇ ਮੂਰਛਤ ਹੋ ਜਾਂਦਾ ਹੈ। ਇਸ ਤਰ੍ਹਾਂ ਦੁੱਖਾਂ ਵਿੱਚ ਘਿਰਕੇ ਪ੍ਰਮਾਤਮਾ ਕਿਹਾ ਜਾਣ ਵਾ਼ਲਾ ਉਹ ਰਾਮ ਆਮ ਇਨਸਾਨਾਂ ਵਾਂਗ ਰੋਂਦਾ ਹੈ:-

ਰੋਵੈ ਰਾਮੁ ਨਿਕਾਲਾ ਭਇਆ॥
ਸੀਤਾ ਲਛਮਣੁ ਵਿਛੁੜਿ ਗਇਆ॥

ਆਦਿ ਗ੍ਰੰਥ, ਪੰਨਾ 953-54

ਗੁਰੂ ਤੇਗ ਬਹਾਦਰ ਜੀ ਦਸਰਥ ਦੇ ਪੁੱਤਰ ਰਾਮ ਚੰਦਰ ਨੂੰ ਆਮ ਇਨਸਾਨ ਮੰਨਦੇ ਹਨ। ਉਹਨਾਂ ਅਨੁਸਾਰ ਜਿਹੜਾ ਮਾਂ ਦੇ ਗਰਭ 'ਚੋਂ ਪੈਦਾ ਹੋਇਆ ਤੇ ਆਖਰ ਇੱਕ ਦਿਨ ਮਰ ਗਿਆ ਉਹ ਪ੍ਰਮਾਤਮਾ ਕਿਸ ਤਰ੍ਹਾਂ ਹੋ ਸਕਦਾ ਹੈ? ਰਾਮ ਵੀ ਚਲਾ ਗਿਆ, ਰਾਵਣ ਵੀ ਚਲਾ ਗਿਆ ਤੇ ਉਸਦਾ ਪਰਿਵਾਰ ਵੀ। ਗੁਰੂ ਜੀ ਫ਼ੁਰਮਾਉਂਦੇ ਹਨ :-

ਰਾਮ ਗਇਓ ਰਾਵਨੁ ਗਇਓ ਜਾ ਕਉ ਬਹੁ ਪਰਵਾਰੁ॥
ਕਹੁ ਨਾਨਕ ਥਿਰੁ ਕਛੁ ਨਹੀ ਸੁਪਨੇ ਜਿਉ ਸੰਸਾਰ॥

ਸ਼ਲੋਕ ਪੰਨਾ 1429

ਰਸਾਇਣੀ ਰਾਮ ਦੀ ਗੱਲ ਕਰਦਿਆਂ ਬਾਬਾ ਨਾਮਦੇਵ ਜੀ ਫ਼ੁਰਮਾਉਂਦੇ ਹਨ :-

ਸਭੈ ਘਟ ਰਾਮੁ ਬੋਲੈ ਰਾਮਾ ਬੋਲੈ॥
ਰਾਮ ਬਿਨਾ ਕੋ ਬੋਲੈ ਰੇ॥

ਆਦਿ ਗ੍ਰੰਥ ਪੰਨਾ 988, ਰਾਗ ਮਾਲੀ ਗਉੜਾ

ਦਸਰਥ ਦਾ ਪੁੱਤਰ ਰਾਮ ਅੱਜ ਕੱਲ੍ਹ ਭਗਵਾਨ ਦੇ ਰੂਪ ਵਿੱਚ ਲੋਕਾਂ ਦੇ ਮਨਾਂ ਵਿੱਚ ਵਸਿਆ ਹੋਇਆ ਹੈ। ਇਸ ਤਰ੍ਹਾਂ ਸਦਾ ਤੋਂ ਨਹੀਂ ਸੀ। ਅਕਬਰ ਦੇ ਸਮੇਂ ਕਵੀ ਤੁਲਸੀ ਦਾਸ ਨੇ 'ਰਾਮ ਚਰਿਤ ਮਾਨਸ' ਲਿਖੀ ਅਤੇ ਇਸ ਵਿੱਚ ਰਾਮ ਨੂੰ ਪ੍ਰਮਾਤਮਾ ਬਣਾ ਕੇ ਪੇਸ਼ ਕਰ ਦਿੱਤਾ। ਇਸ ਲਿਖਤ ਨਾ਼ਲ ਉਸਦੀ ਰਚਨਾ ਵੀ ਅਮਰ ਹੋ ਗਈ ਅਤੇ ਰਾਮ ਵੀ ਲੋਕਾਂ ਦੇ ਮਨ ਮਸਤਕ 'ਤੇ ਛਾ ਗਿਆ। ਅੱਜ ਰਾਮ ਬਾਰੇ ਥੋੜ੍ਹੀ ਜਿਹੀ ਉਲਟੀ ਗੱਲ ਸੁਣਨ 'ਤੇ ਲੋਕ ਮਰਨ ਮਾਰਨ ਨੂੰ ਤਿਆਰ ਹੋ ਜਾਂਦੇ ਹਨ। ਉੱਤਰ ਪ੍ਰਦੇਸ਼ ਦੇ ਕਸਬੇ ਅਯੁੱਧਿਆ ਦਾ ਚੈਨ ਇਸੇ ਕਰਕੇ ਹੀ ਲੁੱਟਿਆ ਹੋਇਆ ਹੈ। ਉੱਥੇ ਬਣੀ ਬਾਬਰੀ ਮਸਜਿਦ ਨੂੰ ਵੱਡੀ ਗਿਣਤੀ ਵਿੱਚ ਅਯੁੱਧਿਆ ਪਹੁੰਚੇ ਰਾਮ ਮੰਦਰ ਦੇ ਕਾਰ ਸੇਵਕਾਂ ਨੇ 6 ਦਸੰਬਰ 1992 ਨੂੰ ਗਿਰਾ ਦਿੱਤਾ ਸੀ। ਉਸ ਸਮੇਂ ਉੱਤਰ ਪ੍ਰਦੇਸ਼ ਵਿੱਚ ਭਾਰਤੀ ਜਨਤਾ ਪਾਰਟੀ ਦੀ ਸਰਕਾਰ ਸੀ। ਭਾਜਪਾ ਇਸ ਸੰਬੰਧੀ ਆਪਣੀ ਪਿੱਠ ਥਾਪੜਦਿਆਂ ਇਸ਼ਾਰਾ ਕਰਦੀ ਹੈ ਕਿ ਉਹਨਾਂ ਦੀ ਪਾਰਟੀ ਨੇ ਰਾਮ ਦੀ ਖਾਤਰ ਆਪਣੀ ਸਰਕਾਰ ਵੀ ਦਾਅ 'ਤੇ ਲਗਾ ਦਿੱਤੀ।

ਜਦੋਂ ਰਾਮ ਦੇ ਨਾਂਅ 'ਤੇ ਨਫ਼ਰਤ ਫੈਲਦੀ ਹੈ ਤਾਂ ਕੁੱਝ ਲੋਕ ਇਹ ਸਵਾਲ ਕਰਦੇ ਹਨ ਕਿ ਇਸ ਦਾ ਕੀ ਸਬੂਤ ਹੈ ਕਿ ਰਾਮ ਦਾ ਜਨਮ ਇਸੇ ਜਗ੍ਹਾ ਹੀ ਹੋਇਆ ਸੀ? ਜਦੋਂ ਕਿ ਅਯੁੱਧਿਆ ਵਿੱਚ ਕਿੰਨੇ ਹੀ ਮੰਦਰ ਹਨ ਜਿਨ੍ਹਾਂ ਬਾਰੇ ਕਿਹਾ ਜਾਂਦਾ ਹੈ ਕਿ ਇੱਥੇ ਰਾਮ ਦਾ ਜਨਮ ਹੋਇਆ ਹੈ। ਰਾਮ ਦੇ ਜਨਮ ਸਥਾਨ ਦਾ ਕੋਈ ਪੱਕਾ ਪਤਾ ਕਿਸੇ ਨੂੰ ਵੀ ਨਹੀਂ ਹੈ। ਕੁੱਝ ਲੋਕ ਅਯੁੱਧਿਆ ਨੂੰ ਰਾਮ ਦਾ ਜਨਮ ਸਥਾਨ ਆਖਦੇ ਹਨ ਅਤੇ ਕੁੱਝ ਲੋਕ ਪੰਜਾਬ ਦੇ ਪਟਿਆ਼ਲਾ ਜ਼ਿਲ੍ਹੇ ਦੇ ਪਿੰਡ ਘੁੜਾਮ ਨੂੰ ਜਨਮ ਸਥਾਨ ਆਖਦੇ ਹਨ।

ਉਹਨਾਂ ਅਨੁਸਾਰ ਰਾਮ ਦੀ ਮਾਤਾ ਕੌਸ਼ੱਲਿਆ ਦਾ ਇਹ ਪੇਕਾ ਪਿੰਡ ਸੀ। ਕਿਸੇ ਲੜਕੀ ਦੇ ਪਹਿਲੇ ਬੱਚੇ ਦਾ ਜਨਮ ਨਾਨਕੇ ਪਿੰਡ ਹੁੰਦਾ ਹੋਣ ਕਾਰਨ ਕੁੱਝ ਲੋਕ ਘੁੜਾਮ ਨੂੰ ਰਾਮ ਦਾ ਜਨਮ ਸਥਾਨ ਆਖਦੇ ਹਨ। ਇੱਥੇ ਇੱਕ ਮੰਦਰ ਵੀ ਬਣਿਆ ਹੋਇਆ ਹੈ ਜਿੱਥੇ ਰਾਮ ਦੀ ਆਪਣੀ ਮਾਤਾ ਕੌਸ਼ੱਲਿਆ ਦੀ ਝੋ਼ਲੀ ਵਿੱਚ ਬੈਠੇ ਦੀ ਮੂਰਤੀ ਵੀ ਲੱਗੀ ਹੋਈ ਹੈ। ਪਰ ਇਹਨਾਂ ਦਾਅਵਿਆਂ ਦੇ ਹਮਾਇਤੀ ਬਹੁਤ ਘੱਟ ਹਨ। ਜਦੋਂ ਰਾਮ ਵੋਟਾਂ ਦਾ ਮਸਲਾ ਬਣ ਜਾਂਦਾ ਹੋਵੇ ਤਾਂ ਇਹਨਾਂ ਲੋਕਾਂ ਦੀ ਸੁਣੇਗਾ ਕੌਣ?

ਚਲੋ ਇਹ ਤਾਂ ਹਿੰਦੂਆਂ ਦੀ ਆਸਥਾ ਹੈ ਜਾਂ ਵੋਟ ਮਸਲਾ। ਸਿੱਖਾਂ ਨੂੰ ਤਾਂ ਸਮਝ ਚਾਹੀਦੀ ਹੈ। ਸਿੱਖਾਂ ਨੂੰ ਸਮਝਾਉਣ ਵਾ਼ਲੇ ਵੀ ਬਹੁਤੇ ਅੰਨ੍ਹੇ ਲੋਕ ਹੀ ਹਨ ਜਿਹੜੇ ਨਿਰਗੁਣ ਤੇ ਸਰਗੁਣ ਰਾਮ ਵਿੱਚ ਕੋਈ ਫ਼ਰਕ ਨਹੀਂ ਕਰਦੇ ਤੇ ਰਸਾਇਣੀ ਰਾਮ ਦੀ ਜਗ੍ਹਾ ਦਸਰਥ ਦੇ ਪੁੱਤਰ ਰਾਮ ਨੂੰ ਆਪਣਾ ਰਹਿਬਰ ਮੰਨੀ ਜਾਂਦੇ ਹਨ। ਗੁਰੂ ਅੰਗਦ ਦੇਵ ਜੀ ਅਜਿਹੇ ਅਕਲਾਂ ਦੇ ਅੰਨ੍ਹਿਆਂ ਨੂੰ ਸਮਝਾਉਂਦਿਆਂਆਂਖਦੇ ਹਨ :

ਅੰਧੇ ਕੈ ਰਾਹਿ ਦਸਿਐ ਅੰਧਾ ਹੋਇ ਸੁ ਜਾਇ॥
ਹੋਇ ਸੁਜਾਖਾ ਨਾਨਕਾ ਸੋ ਕਿਉ ਉਝੜਿ ਪਾਇ॥
ਅੰਧੇ ਏਹਿ ਨ ਆਖੀਅਹਿ ਜਿਨ ਮੁਖਿ ਲੋਇਣ ਨਾਹਿ॥
ਅੰਧੇ ਸੇਈ ਨਾਨਕਾ ਖਸਮਹੁ ਘੁਥੇ ਜਾਹਿ॥

ਸਲੋਕ ਮਹਲਾ 2, ਪੰਨਾ 954



# ਖ਼ਾਲਸਾ ਯੂਨੀਵਰਸਿਟੀ ਵਿਖੇ '6ਵਾਂ ਅੰਮ੍ਰਿਤਸਰ ਇੰਟਰਨੈਸ਼ਨਲ ਫ਼ੋਕ ਫ਼ੈਸਟੀਵਲ' ਬਹੁਰੰਗਾਂ 'ਚ ਰੰਗਿਆ






**ਭਿੱਖੀਵਿੰਡ (ਭੁਪਿੰਦਰ ਸਿੰਘ)–** ਖ਼ਾਲਸਾ ਯੂਨੀਵਰਸਿਟੀ ਦੇ ਵਿਰਾਸਤੀ ਕੈਂਪਸ 'ਚ ਮੈਕਸੀਕੋ ਅਤੇ ਪੰਜਾਬੀ ਕਲਾਕਾਰਾਂ ਨੇ ਸਾਂਝੇ ਤੌਰ 'ਤੇ '6ਵੇਂ ਅੰਮ੍ਰਿਤਸਰ ਇੰਟਰਨੈਸ਼ਨਲ ਫ਼ੋਕ ਫ਼ੈਸਟੀਵਲ' ਦੌਰਾਨ ਕਲਾ ਦੇ ਸੁਮੇਲ ਦਾ ਅਜਿਹਾ ਸ਼ਾਨਦਾਰ ਪ੍ਰਦਰਸ਼ਨ ਕੀਤਾ ਕਿ 'ਵਰਸਿਟੀ ਦਾ ਵਿਰਾਸਤੀ ਕੈਂਪਸ ਵਿਸ਼ਵ ਦੇ ਸੱਭਿਆਚਾਰਾਂ ਦਾ ਸਾਂਝਾ ਪਲੇਟਫ਼ਾਰਮ ਵੀ ਬਣ ਗਿਆ ਅਤੇ ਸਮੁੱਚਾ ਅੰਤਰਰਾਸ਼ਟਰੀ ਫ਼ੈਸਟੀਵਲ ਬਹੁਰੰਗਾਂ 'ਚ ਰੰਗਿਆ ਗਿਆ, ਜਿੱਥੇ ਵਿਦੇਸ਼ ਤੋਂ ਆਏ ਕਲਾਕਾਰਾਂ ਨੇ ਆਪਣੇ ਵਿਰਾਸਤੀ ਡਾਂਸ ਦੇ ਸੁੰਦਰ ਜੌਹਰ ਵਿਖਾਏ, ਉੱਥੇ ਪੰਜਾਬੀ ਵਿਦਿਆਰਥੀਆਂ ਨੇ ਗਿੱਧਾ, ਭੰਗੜਾ ਆਦਿ ਪੇਸ਼ ਕਰਕੇ ਹਾਜ਼ਰ ਸਰੋਤਿਆਂ ਦੇ ਸਿਰ ਝੂਮਣ ਲਾ ਦਿੱਤੇ।

ਪੰਜਾਬ ਕਲਚਰਲ ਪ੍ਰੋਮੋਸ਼ਨ ਕੌਂਸਲ, ਖ਼ਾਲਸਾ ਯੂਨੀਵਰਸਿਟੀ ਅਤੇ ਖ਼ਾਲਸਾ ਕਾਲਜ ਗਵਰਨਿੰਗ ਕੌਂਸਲ ਦੇ ਸਹਿਯੋਗ ਨਾਲ ਆਯੋਜਿਤ ਇਸ ਮੇਲੇ ਦੌਰਾਨ ਜਿੱਥੇ ਉਕਤ ਕਲਾਕਾਰਾਂ ਨੇ ਆਪਣੇ ਖਿੱਤੇ ਦੀ ਰਵਾਇਤੀ ਫ਼ੋਕ ਆਰਟ ਦਾ ਰੂਹਾਨੀਅਤ ਨਾਲ ਮੁਜ਼ਾਹਰਾ ਕੀਤਾ ਅਤੇ ਬੜੇ ਨਾਟਕੀ ਕਲਾ ਨਾਲ ਪੇਸ਼ਕਾਰੀਆਂ ਕੀਤੀਆਂ, ਉੱਥੇ ਮੈਕਸੀਕੋ ਦੇ ਗੱਭਰੂਆਂ ਤੇ ਮੁਟਿਆਰਾਂ ਨੇ ਰਵਾਇਤੀ ਰੰਗ-ਬਿਰੰਗੀਆਂ ਪੁਸ਼ਾਕਾਂ 'ਚ ਖਿੱਤੇ ਨਾਲ ਸਬੰਧਿਤ ਲੋਕ ਨਾਚਾਂ ਅਤੇ ਲੋਕ ਰਵਾਇਤਾਂ ਦਾ ਸੁਨਹਿਰੀ ਢੰਗ ਨਾਲ ਪ੍ਰਦਰਸ਼ਨ ਕਰਕੇ ਦਰਸ਼ਕਾਂ ਦੀ ਵਾਹ-ਵਾਹ ਖੱਟੀ। ਵਿਦੇਸ਼ੀ ਵਿਦਿਆਰਥੀਆਂ ਲਈ ਪੰਜਾਬੀ ਸੱਭਿਆਚਾਰ ਨਾਲ ਜੁੜੀ ਪੇਸ਼ਕਾਰੀ ਵਿਸ਼ੇਸ਼ ਖਿੱਚ ਦਾ ਕੇਂਦਰ ਰਹੀ। ਉਕਤ 12 ਵਫ਼ਦੀ ਗਰੁੱਪ ਜਿਨ੍ਹਾਂ 'ਚ ਮੈਨੇਜ਼ਰ ਮਿਸਟਰ ਅਰਤੁਰੋ ਸਲਾਜ਼ਾਰ, ਆਨਾ ਪੈਟਰਿਕਾ ਮਾਰਟੀਨੇਜ਼ ਏਲਾਰਕੋਨ, ਸੇਲੀਆ ਲੂਨਾ ਸੋਰੀਆਨੋ, ਐਸਥਰ ਐਕਉਲਾ, ਮਾਰੀਆ ਏਜ਼ੀਨੀਆ ਕਾਂਸਟੇਲਨ ਕਿਉਰਜ਼, ਗੈਬਰੀਲਾ, ਲੌਰਾ ਟਰੇਸਾ, ਜੋਰਗੇ ਮਰਟੀਨ ਆਦਿ ਮੈਂਬਰ ਸ਼ਾਮਿਲ ਸਨ, ਦਾ ਕਹਿਣਾ ਸੀ ਕਿ ਉਹ ਪੰਜਾਬੀ ਸੱਭਿਆਚਾਰ ਦੀ ਦਿਲਕਸ਼ ਪੇਸ਼ਕਾਰੀ ਨਾਲ ਅੱਜ ਪਹਿਲੀ ਵਾਰ ਰੂ-ਬ-ਰੂ ਹੋਏ ਹਨ ਅਤੇ ਇਸ ਨੂੰ ਵੇਖ ਕੇ ਉਹ ਪੰਜਾਬੀਆਂ ਦੇ ਮਹਾਨ ਸੱਭਿਆਚਾਰ 'ਤੇ ਫ਼ਖਰ ਮਹਿਸੂਸ ਕਰ ਰਹੇ ਹਨ।

ਫ਼ੈਸਟੀਵਲ ਡਾਇਰੈਕਟਰ ਡਾ. ਦਵਿੰਦਰ ਸਿੰਘ ਛੀਨਾ ਦੀ ਨਿਰਦੇਸ਼ਨਾ ਹੇਠ ਕਰਵਾਏ ਗਏ ਇਸ ਫ਼ੈਸਟੀਵਲ ਦੌਰਾਨ ਫ਼ੈਸਟੀਵਲ ਦੇ ਚੇਅਰਮੈਨ, ਖ਼ਾਲਸਾ ਯੂਨੀਵਰਸਿਟੀ ਦੇ ਪ੍ਰੋ-ਚਾਂਸਲਰ ਅਤੇ ਕੌਂਸਲ ਦੇ ਆਨਰੇਰੀ ਸਕੱਤਰ ਸ: ਰਜਿੰਦਰ ਮੋਹਨ ਸਿੰਘ ਛੀਨਾ ਨੇ ਇਸ ਮੌਕੇ ਕਿਹਾ ਕਿ ਉਕਤ ਪ੍ਰੋਗਰਾਮ ਰਾਹੀਂ ਵਿਦਿਆਰਥੀਆਂ ਨੂੰ ਦੇਸ਼-ਵਿਦੇਸ਼ ਦੇ ਸੱਭਿਆਚਾਰ ਬਾਰੇ ਪਤਾ ਲੱਗੇਗਾ ਅਤੇ ਪੰਜਾਬ ਦੀ ਅਮੀਰ ਸੱਭਿਆਚਾਰਕ ਝਲਕ ਦੂਜੇ ਦੇਸ਼ਾਂ ਤੋਂ ਆਏ ਹੋਏ ਕਲਾਕਾਰ ਆਪਣੇ ਨਾਲ ਲੈ ਕੇ ਜਾਣਗੇ, ਜਿਸ ਨਾਲ ਪੰਜਾਬ ਦੇ ਸੱਭਿਆਚਾਰ ਦੀ ਵਿਸ਼ਵ ਪੱਧਰ 'ਤੇ ਹੋਰ ਪ੍ਰਸਿੱਧੀ ਵਧੇਗੀ।

ਇਸ ਮੌਕੇ ਉੱਪ ਕੁਲਪਤੀ ਡਾ. ਸਰਬਜੀਤ ਸਿੰਘ ਚਾਹਲ ਨੇ ਕਿਹਾ ਕਿ ਖ਼ਾਲਸਾ ਯੂਨੀਵਰਸਿਟੀ ਦੀ ਵਿਸ਼ਵ ਪੱਧਰ 'ਤੇ ਪਹਿਚਾਨ ਬਣਾਉਣ ਲਈ ਭਵਿੱਖ 'ਚ ਅਜਿਹੇ ਹੋਰ ਪ੍ਰੋਗਰਾਮਾਂ ਦਾ ਆਯੋਜਨ ਕੀਤਾ ਜਾਵੇਗਾ।

ਉਕਤ ਵਿਦੇਸ਼ੀ ਕਲਕਾਰ ਮੁੰਡੇ-ਕੁੜੀਆਂ ਨੇ ਖ਼ਾਲਸਾ ਕਾਲਜ ਸੀਨੀਅਰ ਸੈਕੰਡਰੀ ਸਕੂਲ ਦੇ ਵਿਦਿਆਰਥੀਆਂ ਨਾਲ ਭੰਗੜਾ ਪਾ ਕੇ ਚਾਅ ਲਾਇਆ। ਕੌਂਸਲ ਦੇ ਆਨਰੇਰੀ ਸਕੱਤਰ ਸ: ਛੀਨਾ ਜੋ ਇਸ ਸਮਾਗਮ 'ਚ ਮੁੱਖ ਮਹਿਮਾਨ ਵਜੋਂ ਪੁੱਜੇ ਨੇ ਕਿਹਾ ਕਿ ਇਸ ਤਰ੍ਹਾਂ ਦੇ ਪ੍ਰੋਗਰਾਮ ਵੱਖ-ਵੱਖ ਦੇਸ਼ਾਂ ਤੇ ਸੱਭਿਆਚਾਰਾਂ ਨੂੰ ਇਕ ਸਟੇਜ 'ਤੇ ਲਿਆਉਣ ਦਾ ਹੀਲਾ ਹੁੰਦੇ ਹਨ। ਉਨ੍ਹਾਂ ਕਿਹਾ ਕਿ ਅੱਜ ਦੁਨੀਆਂ ਇਕ ਪਿੰਡ ਦੇ ਤੌਰ 'ਤੇ ਉਭਰ ਕੇ ਸਾਹਮਣੇ ਆ ਰਹੀ ਹੈ, ਜਿਸ 'ਚ ਇਕ-ਦੂਜੇ ਦੇ ਸੱਭਿਆਚਾਰਾਂ ਨੂੰ ਸਮਝਣਾ ਅਤਿ ਜਰੂਰੀ ਹੁੰਦਾ ਹੈ।

ਡਾ. ਦਵਿੰਦਰ ਸਿੰਘ ਛੀਨਾ ਨੇ '6ਵੇਂ ਅੰਮ੍ਰਿਤਸਰ ਇੰਟਰਨੈਸ਼ਨਲ ਫ਼ੋਕ ਫੈਸਟੀਵਲ' ਨੂੰ ਵਿਸ਼ਵ ਸੱਭਿਆਚਾਰਾਂ ਦਾ ਵਰਲਡ ਕਲਾਸ ਸੰਗਮ ਕਰਾਰ ਦਿੱਤਾ। ਇਸ ਮੌਕੇ ਆਨਰੇਰੀ ਸਕੱਤਰ ਸ: ਛੀਨਾ ਨੇ ਵਰਸਿਟੀ ਦੇ ਉੱਪ ਕੁਲਪਤੀ ਡਾ. ਚਾਹਲ, ਰਜਿਸਟਰਾਰ ਡਾ. ਜਸਵਿੰਦਰ ਸਿੰਘ ਢਿੱਲੋਂ ਨਾਲ ਮਿਲ ਕੇ ਉਕਤ ਵਿਦੇਸ਼ੀ ਕਲਾਕਾਰਾਂ ਨੂੰ ਸਨਮਾਨਿਤ ਵੀ ਕੀਤਾ। ਅੰਤ 'ਚ ਰਜਿਸਟਰਾਰ ਡਾ. ਢਿੱਲੋਂ ਨੇ ਜਿਨ੍ਹਾਂ 'ਚ ਡੀਨ ਐਗਰੀਕਲਚਰ ਡਾ. ਗੁਰਸ਼ਰਨ ਸਿੰਘ, ਖ਼ਾਲਸਾ ਯੂਨੀਵਰਸਿਟੀ ਦੇ ਯੂਥ ਵੈਲਫ਼ੇਅਰ ਡਾਇਰੈਕਟਰ ਡਾ. ਸੁਖਬੀਰ ਕੌਰ ਮਾਹਲ, ਕੰਟਰੋਲਰ ਆਫ਼ ਐਗਜ਼ਾਮੀਨੇਸ਼ਨ ਡਾ. ਅਮਰਪਾਲ ਸਿੰਘ, ਡਾਇਰੈਕਟਰ ਰਿਸਰਚ ਡਾ. ਆਰ. ਕੇ. ਧਵਨ, ਪ੍ਰਿੰਸੀਪਲ ਡਾ. ਜਸਪਾਲ ਸਿੰਘ, ਪ੍ਰਿੰਸੀਪਲ ਡਾ. ਸੁਰਿੰਦਰਪਾਲ ਕੌਰ ਢਿੱਲੋਂ, ਪ੍ਰਿੰ: ਸ: ਨਿਰਮਲ ਸਿੰਘ ਭੰਗੂ, ਅੰਡਰ ਸੈਕਟਰੀ ਸ: ਧਰਮਿੰਦਰ ਸਿੰਘ ਰਟੌਲ ਤੋਂ ਇਲਾਵਾ ਹੋਰਨਾਂ ਆਏ ਮਹਿਮਾਨਾਂ ਦਾ ਪ੍ਰੋਗਰਾਮ ਨੂੰ ਸਫ਼ਲ ਬਣਾਉਣ ਲਈ ਧੰਨਵਾਦ ਕੀਤਾ।

ਡਾ. ਛੀਨਾ ਨੇ ਕਿਹਾ ਕਿ ਇਹ ਅੰਤਰਰਾਸ਼ਟਰੀ ਮੇਲਾ ਇਸ ਕੜੀ 'ਚ ਆਯੋਜਿਤ ਹੋਣ ਵਾਲੇ ਮੇਲਿਆਂ 'ਚੋਂ 6ਵਾਂ ਸੀ, ਜਿਸ 'ਚ ਪਹਿਲਾਂ ਵੀ ਸਕਾਟਲੈਂਡ, ਹੰਗਰੀ, ਐਕਵਾਡੋਰ ਅਤੇ ਸਲਵਾਕੀਆ ਆਦਿ ਤੋਂ ਆਏ ਹੋਏ ਕਲਾਕਾਰਾਂ ਨੇ ਖ਼ਾਲਸਾ ਕਾਲਜ ਵਿਖੇ ਆਪਣੀਆਂ ਪੇਸ਼ਕਾਰੀਆਂ ਕਰ ਚੁੱਕੇ ਹਨ। ਉਨ੍ਹਾਂ ਕਿਹਾ ਮੈਕਸੀਕੋ ਕਲਾਕਾਰਾਂ ਨੂੰ ਅੰਮ੍ਰਿਤਸਰ 'ਚ ਆ ਕੇ ਪੰਜਾਬੀ ਸੱਭਿਆਚਾਰ ਅਤੇ ਸਿੱਖ ਸੱਭਿਆਚਾਰ ਨੂੰ ਵੇਖਣ ਅਤੇ ਪ੍ਰਰਖਣ ਦਾ ਇਹ ਮੌਕਾ ਸੀ। ਡਾ. ਛੀਨਾ ਨੇ ਕਿਹਾ ਕਿ ਇਸ ਅੰਤਰ-ਰਾਸ਼ਟਰੀ ਫ਼ੈਸਟੀਵਲ ਦਾ ਮਕਸਦ ਖ਼ਾਲਸਾ ਕਾਲਜ ਦੀ ਅਮੀਰ ਵਿਰਾਸਤ ਨੂੰ ਦੁਨੀਆ ਭਰ ਦੀਆਂ ਕੌਮਾਂ ਅਤੇ ਸੱਭਿਆਚਾਰ ਤੱਕ ਪਹੁੰਚਾਉਣਾ ਹੈ ਅਤੇ ਵਿਸ਼ਵ ਸ਼ਾਂਤੀ, ਮਲਟੀਕਲਚਰਰਿਜ਼ਮ ਦਾ ਹੋਕਾ ਦੇਣਾ ਹੈ। ਇਸ ਮੌਕੇ ਸ੍ਰੀਮਤੀ ਹਰਪ੍ਰੀਤ ਕੌਰ, ਸ੍ਰੀਮਤੀ ਮਨਿੰਦਰ ਕੌਰ, ਦੀਪਿਕਾ ਸਮੂੰਹ ਕਾਲਜ ਸਟਾਫ਼ ਅਤੇ ਵੱਡੀ ਗਿਣਤੀ 'ਚ ਵਿਦਿਆਰਥੀ ਮੌਜੂਦ ਸਨ।

## ਜੇ ਫਾਰਮ ਰਾਹੀ ਬਲੈਕ ਮਨੀ ਪੈਸੇ ਨੂੰ ਸਫੇਦ ਕਰਨ ਦੀ ਤਿਆਰੀ



**ਅਕੇਸ਼ ਕੁਮਾਰ**

ਬਰਨਾਲਾ ਕੇਂਦਰ ਸਰਕਾਰ ਵੱਲੋਂ 500 ਅਤੇ 1000 ਦੇ ਪੁਰਾਣੇ ਨੋਟ ਬੰਦ ਕਰਕੇ ਬੈਲਕਮਨੀ ਨੂੰ ਕਾਬੂ ਕਰਨ ਦੀ ਕੋਸ਼ਿਸ਼ ਕੀਤੀ ਗਈ ਹੈ ਅਤੇ ਆਮ ਜਨਤਾ ਨੂੰ ਰਾਹਤ ਦੇਣ ਲਈ 50 ਦਿਨ ਵਿੱਚ ਪੁਰਾਣੇ 500 ਅਤੇ 1000 ਦੇ ਨੋਟ ਬਦਲਣ ਲਈ ਪ੍ਰਬੰਧ ਕੀਤੇ ਹਨ। ਸਮਾਜ ਵਿੱਚ ਫੈਲੇ ਭ੍ਰਿਸ਼ਟਾਚਾਰ ਤੋਂ ਦੁਖੀ ਆਮ ਜਨਤਾ, ਇਮਾਨਦਾਰ ਵਪਾਰੀ ਅਤੇ ਹੋਰ ਵਰਗ ਸਰਕਾਰ ਦੇ ਇਸ ਫੈਸਲੇ ਦਾ ਸੁਆਗਤ ਕਰਦੇ ਹੋਏ ਬੈਕਾਂ ਵਿੱਚ ਲਾਇਨਾਂ ਵਿੱਚ ਲੱਗ ਰਹੇ ਹਨ ਅਤੇ ਕੁੱਝ ਦਿਨ ਦੀ ਇਸ ਪਰੇਸ਼ਾਨੀ ਨੂੰ ਵੀ ਝਲਣ ਲਈ ਤਿਆਰ ਹਨ ਪਰ ਬਲੈਕਮਨੀ ਵਾਲਿਆ ਨੇ ਕਾਲੇ ਧੰਨ ਨੂੰ ਸਫੇਦ ਕਰਨ ਲਈ ਹੋਰ ਰਾਹ ਲੱਭ ਲਏ ਹਨ। ਉਹਨਾ ਵਲੋਂ ਜੇ ਫਾਰਮ ਰਾਹੀ ਆਪਣੀ ਬਲੈਕਮਨੀ ਨੂੰ ਸਫੇਦ ਕਰਨ ਦਾ ਮਾਮਲਾ ਸਾਹਮਣੇ ਆਇਆ ਹੈ।

ਜਾਣਕਾਰੀ ਅਨੁਸਾਰ ਕੇਂਦਰ ਸਰਕਾਰ ਵੱਲੋਂ ਪੁਰਾਣੇ ਨੋਟ 500 ਅਤੇ 1000 ਦਾ ਬੰਦ ਕਰਕੇ ਬੈਲਕਮਨੀ ਨੂੰ ਕਾਬੂ ਕਰਨ ਦੀ ਕੋਸ਼ਿਸ਼ ਕੀਤੀ ਪਰ ਬਲੈਕਮਨੀ ਵਾਲਿਆ ਨੇ ਕਾਲੇ ਪੈਸੇ ਨੂੰ ਸਫੇਦ ਕਰਨ ਲਈ ਜੇ ਫਾਰਮ ਦਾ ਸਹਾਰਾ ਲਿਆ ਹੈ। ਉਹਨਾ ਵਲੋਂ ਜੇ ਫਾਰਮ ਰਾਹੀਂ ਆਪਣੀ ਬਲੈਕਮਨੀ ਨੂੰ ਸਫੇਦ ਕਰਨ ਦਾ ਮਾਮਲਾ ਸਾਹਮਣੇ ਆਇਆ ਹੈ। ਪੰਜਾਬ ਦੇ ਮਾਲਵਾ ਵਿੱਚ ਇਸ ਸਮੇਂ ਜੀਰੀ ਦੀ ਫਸਲ ਆਈ ਹੋਈ ਹੈ ਅਤੇ ਕਿਸਾਨ ਨੂੰ ਕੇਂਦਰ ਸਰਕਾਰ ਵੱਲੋਂ ਇਨਕਮਟੈਕਸ ਦੀ ਛੋਟ ਹੈ ਪਰ ਇਸ ਛੋਟ ਦਾ ਫਾਇਦਾ ਕੁੱਝ ਭ੍ਰਸਟ ਅਧਿਕਾਰੀ ਅਤੇ ਕੁੱਝ ਆੜਤੀਆਂ ਵੱਲੋਂ ਲਿਆ ਜਾ ਰਿਹਾ ਹੈ। ਜੇ ਫਾਰਮ ਜੋਕਿ ਸਰਕਾਰ ਵਲੋਂ ਕਿਸਾਨਾ ਦੀ ਸਹੂਲਤ ਲਈ ਤੈਅ ਕੀਤਾ ਗਿਆ ਹੈ ਉਸ ਦੀ ਗਲਤ ਵਰਤੋਂ ਕੁੱਝ ਆੜਤੀਆਂ ਅਤੇ ਕਾਲੇ ਧੰਨ ਦੇ ਮਾਲਕਾਂ ਵਲੋਂ ਕੀਤੀ ਜਾ ਰਹੀ ਹੈ। ਇਹ ਜੇ ਫਾਰਮ ਬਲੈਕਮਨੀ ਵਾਲਿਆਂ ਨੂੰ ਦੇ ਦਿੱਤਾ ਜਾਂਦਾ ਹੈ ਅਤੇ ਬਲੈਕਮਨੀ ਵਾਲਿਆ ਤੋਂ ਇੱਕ ਲੱਖ ਮਗਰ 20 ਹਜਾਰ ਰੁਪਏ ਲਿਆ ਜਾ ਰਿਹਾ ਹੈ। ਇਸ ਤਰ੍ਹਾਂ ਬੈਲਕਮਨੀ ਨੂੰ ਸਫੇਦ ਕਰਨ ਦਾ ਮਾਮਲਾ ਸਾਹਮਣੇ ਆਇਆ ਹੈ। ਬਰਨਾਲਾ ਸ਼ਹਿਰ ਵਿੱਚ ਵੀ ਕਰੋੜਾਂ ਰੁਪਏ ਦੀ ਬਲੈਕਮਨੀ ਨੂੰ ਸਫੇਦ ਕਰਨ ਲਈ ਜੇ ਫਾਰਮ ਦਾ ਸਹਾਰਾ ਲਿਆ ਜਾ ਰਿਹਾ ਹੈ। ਵੈਸੇ ਤਾਂ ਜੇ ਫਾਰਮ ਸਿਰਫ ਕਿਸਾਨਾਂ ਨੂੰ ਹੀ ਮਿਲ ਸਕਦਾ ਹੈ ਪਰ ਪੁਰਾਣੀ ਤਾਰੀਖ ਵਿੱਚ ਜਾਲੀ ਜਮੀਨ ਦਾ ਠੇਕਾ ਦਿਖਾ ਕੇ ਇਹ ਸਾਰਾ ਜੇ ਫਾਰਮ ਦਾ ਖੇਲ ਖੇਡਿਆ ਜਾ ਰਿਹਾ ਹੈ ਅਤੇ ਬਲੈਕਮਨੀ ਨੂੰ ਸਫੇਦ ਕੀਤਾ ਜਾ ਰਿਹਾ ਹੈ।

ਇਸੇ ਤਰ੍ਹਾਂ ਕੁਝ ਜਵੈਲਰਾਂ ਵੱਲੋਂ ਵੀ ਸੋਨੇ ਨੂੰ ਬਲੈਕਮਨੀ ਵਾਲਿਆ ਨੂੰ ਮਹਿੰਗੇ ਦਾਮ ਤੇ ਵੇਚ ਕੇ ਪੁਰਾਣੀ ਤਰੀਖ ਵਿੱਚ ਬਿਲ ਕੱਟ ਕੇ ਕਰੋੜਾਂ ਰੁਪਏ ਕਮਾਉਣ ਦਾ ਮਾਮਲਾ ਸਾਹਮਣੇ ਆਇਆ ਹੈ। ਕੇਂਦਰ ਸਰਕਾਰ ਵੱਲੋਂ ਬੇਸ਼ਕ ਬਲੈਕਮਨੀ ਨੂੰ ਕਾਬੂ ਕਰਨ ਲਈ ਬਹੁਤ ਕੁੱਝ ਕੀਤਾ ਜਾ ਰਿਹਾ ਹੈ ਪਰ ਸਿਸਟਮ ਵਿੱਚ ਫੈਲੇ ਭ੍ਰਸ਼ਟਾਚਾਰ ਕਾਰਨ ਬਲੈਕਮਨੀ ਕਾਬੂ ਹੋਣ ਦਾ ਨਾਮ ਨਹੀ ਲੈ ਰਹੀ। ਜਦੋਂ ਇਸ ਸੰਬਧੀ ਡੀ ਸੀ ਬਰਨਾਲਾ ਨੂੰ ਜੇ ਫਾਰਮ ਰਾਹੀ ਪੈਸੇ ਸਫੇਦ ਕਰਨ ਦੀ ਗੱਲ ਪੁੱਛੀ ਗਈ ਤਾਂ ਉਹਨਾਂ ਨੇ ਕਿਹਾ ਕਿ ਉਹ ਇਸ ਮਾਮਲੇ ਦੀ ਜਾਂਚ ਕਰਵਾਉਣਗੇ।

## 1000 ਅਤੇ 500 ਦੇ ਕਰੰਸੀ ਨੋਟਾਂ ਪੁਰ ਪ੍ਰਧਾਨ ਮੰਤਰੀ ਨਰੇਂਦਰ ਮੋਦੀ ਦੀ 'ਸਰਜੀਕਲ ਸਟ੍ਰਾਈਕ' ਦਾ ਫਿਲਮ ਉਦਯੋਗ ਪੁਰ ਮਾਰੂ ਪ੍ਰਭਾਵ

**ਮੁੰਬਈ/ਨਵੀਂ ਦਿੱਲੀ–** ਪ੍ਰਧਾਨ ਮੰਤਰੀ ਨਰੇਂਦਰ ਮੋਦੀ ਵਲੋਂ 8 ਨਵੰਬਰ ਦੀ ਸ਼ਾਮ ਨੂੰ ਅਚਾਨਕ ਹੀ 1000 ਰੁਪਏ ਅਤੇ 500 ਰੁਪਏ ਦੇ ਨੋਟਾਂ ਦੇ ਚਲਨ ਪੁਰ ਰੋਕ ਲਾਏ ਜਾਣ ਦੀ ਕੀਤੀ ਗਈ 'ਸਰਜੀਕਲ ਸਟ੍ਰਾਈਕ' ਨੇ ਨਾ ਕੇਵਲ ਵਿੱਤੀ ਖੇਤਰ ਵਿੱਚ ਹੀ ਸਹਿਮ ਪੈਦਾ ਕੀਤਾ, ਸਗੋਂ ਇਸਦਾ ਆਮ ਮਾਰਕੀਟ ਦੇ ਨਾਲ ਹੀ ਫਿਲਮ ਉਦਯੋਗ ਦੇ ਕੰਮ-ਕਾਜ ਪੁਰ ਵੀ ਮਾੜਾ ਅਸਰ ਹੋਇਆ ਹੈ। ਇਸੇ ਅਸਰ ਦਾ ਹੀ ਨਤੀਜਾ ਹੋਇਆ ਹੈ ਕਿ ਇਸ ਸ਼ੁਕਰਵਾਰ, 11 ਨਵੰਬਰ ਨੂੰ ਦੇਸ਼ ਭਰ ਵਿੱਚ ਪ੍ਰਦਰਸ਼ਤ ਹੋ ਰਹੀ ਫਿਲਮ '30-ਮਿਨਟ' ਦਾ ਪ੍ਰਦਰਸ਼ਨ 9 ਦਸੰਬਰ, 2016 ਤੇ ਮੁਲਤਵੀ ਕਰ ਦਿੱਤਾ ਗਿਆ ਹੈ। ਤੁਰੰਤ ਹੀ ਲਏ ਗਏ ਇਸ ਫੈਸਲੇ ਦੀ ਜਾਣਕਾਰੀ ਦਿੰਦਿਆਂ ਨਿਰਮਾਤਾ-ਨਿਰਦੇਸ਼ਕ ਯੇਸੂਦਾਸ ਬੀਸੀ ਅਤੇ ਐਗਜ਼ੀਕਿਊਟਿਵ ਨਿਰਮਾਤਾ ਸ. ਅਮਰਜੀਤ ਸਿੰਘ ਕੋਹਲੀ ਨੇ ਇੱਕ ਸਾਂਝੇ ਬਿਆਨ ਵਿੱਚ ਦਸਿਆ ਕਿ ਪ੍ਰਧਾਨ ਮੰਤਰੀ ਨਰੇਂਦਰ ਮੋਦੀ ਵਲੋਂ 8 ਨਵੰਬਰ ਦੀ ਸ਼ਾਮ ਨੂੰ ਅਚਾਨਕ ਹੀ 1000 ਰੁਪਏ ਅਤੇ 500 ਰੁਪਏ ਦੇ ਚਲਨ ਪੁਰ ਰੋਕ ਲਾਏ ਜਾਣ ਦੇ ਫੈਸਲੇ ਅਤੇ ਉਸਦੇ ਤੁਰੰਤ ਹੀ ਲਾਗੂ ਹੋ ਜਾਣ ਦੇ ਕੀਤੇ ਗਏ ਐਲਾਨ ਦੇ ਫਲਸਰੂਪ ਵੱਡੀ ਗਿਣਤੀ ਵਿੱਚ ਸਿਨੇਮਾ-ਪ੍ਰੇਮੀਆਂ ਵਲੋਂ ਦਬਾਉ ਬਣਾਇਆ ਗਿਆ ਕਿ ਇਸ ਰੋਕ ਕਾਰਣ 9 ਨਵੰਬਰ ਨੂੰ ਬੈਂਕਾਂ ਬੰਦ ਰਹਿਣ ਅਤੇ ਉਸਤੋਂ ਬਾਅਦ ਬੈਂਕਾਂ ਅਤੇ ਏਟੀਐਮ ਤੋਂ ਸੀਮਤ ਰਕਮ ਕਢਾਉਣ ਦੀਆਂ ਪਾਬੰਦੀਆਂ ਹੋਣ ਕਾਰਣ, ਆਮ ਲੋਕਾਂ ਲਈ ਤਦ ਤਕ ਫਿਲਮ ਵੇਖਣਾ ਸੰਭਵ ਨਹੀਂ ਹੋਵੇਗਾ, ਜਦੋਂ ਤੱਕ ਉਨ੍ਹਾਂ ਲਈ 100 ਰੁਪਏ ਅਤੇ ਛੋਟੇ ਨੋਟਾਂ ਦੀ ਆਮ ਉਪਲਬੱਧਤਾ ਨਿਸ਼ਚਤ ਨਹੀਂ ਹੋ ਜਾਂਦੀ। ਇਨ੍ਹਾਂ ਮੁੱਖੀਆਂ ਨੇ ਦਸਿਆ ਕਿ ਆਮ ਲੋਕਾਂ ਦੀਆਂ ਭਾਵਨਾਵਾਂ ਦਾ ਸਨਮਾਨ ਕਰਦਿਆਂ ਅਤੇ ਸਿਨੇਮਾ ਹਾਊਸਾਂ ਦੇ ਖਾਲੀ ਰਹਿਣ ਦੇ ਡਰੋਂ ਫਿਲਮ ਨਿਰਮਾਤਾਵਾਂ ਨੇ ਆਪਣੀ ਫਿਲਮ '30-ਮਿਨਟ' ਦਾ ਪ੍ਰਦਰਸ਼ਨ ਮੁਲਤਵੀ ਕਰ 11 ਨਵੰਬਰ ਦੀ ਬਜਾਏ 9 ਦਸੰਬਰ ਕਰਨ ਦਾ ਫੈਸਲਾ ਕੀਤਾ ਹੈ।




# ਐਲਕ ਗਰੋਵ 'ਚ ਵੈਟਰਨਸ ਡੇਅ ਪਰੇਡ ਮੌਕੇ ਸਿੱਖਾਂ ਦਾ ਫਲੋਟ ਰਿਹਾ ਸਲਾਹੁਣਯੋਗ

**(ਸਫਾ 1 ਦੀ ਬਾਕੀ)**

ਕਰਾਏ ਜਾਂਦੇ ਹਨ। ਇਸੇ ਤਰ੍ਹਾਂ ਸੈਕਰਾਮੈਂਟੋ ਦੇ ਸ਼ਹਿਰ ਐਲਕ ਗਰੋਵ ਦੇ ਵਿੱਚ ਵੀ ਇਸ ਵਾਰ 16ਵਾਂ ਸਲਾਨਾ ਵੈਟਰਨਸ ਡੇਅ ਦਾ ਆਯੋਜਨ ਸਿਟੀ ਵੱਲੋਂ ਕੀਤਾ ਗਿਆ। ਇਸ ਮੌਕੇ ਕੱਢੀ ਗਈ ਪਰੇਡ ਵਿੱਚ ਜਿਥੇ ਅਮਰੀਕੀ ਫੌਜੀ ਟੁਕੜੀਆਂ, ਬੈਂਡ ਅਤੇ ਹੋਰ ਕਈ ਤਰ੍ਹਾਂ ਦੀਆਂ ਝਾਕੀਆਂ ਕੱਢੀਆਂ ਗਈਆਂ। ਉਥੇ ਸਿੱਖ ਕੌਮ ਵੱਲੋਂ ਵੀ ਇਸ ਪਰੇਡ ਵਿਚ ਆਪਣਾ ਫਲੋਟ ਸ਼ਾਮਲ ਕੀਤਾ ਗਿਆ। ਜੋ ਕਿ ਕਾਫੀ ਪ੍ਰਭਾਵਸ਼ਾਲੀ ਰਿਹਾ। ਇਸ ਝਾਂਕੀ ਵਿੱਚ ਜਿਥੇ ਅਮਰੀਕੀ ਫੌਜ ਵਿੱਚ ਉੱਚ ਅਹੁਦੀਆਂ ਤੇ ਰਹੇ ਸਿੱਖ ਅਧਿਕਾਰੀਆਂ ਦੀਆਂ ਫੋਟੋਆਂ ਲਗਾਈਆਂ ਗਈਆਂ ਸਨ ਉਥੇ ਇੱਕ ਸਿੱਖ ਨੋਜਵਾਨ ਕਾਰਪੋਰਲ ਗੁਰਪ੍ਰੀਤ ਸਿੰਘ ਜਿਹੜਾ ਕਿ ਅਮਰੀਕੀ ਫੌਜ ਵੱਲੋਂ ਅਫਗਾਨਿਸਤਾਨ ਵਿੱਚ ਸ਼ਹੀਦ ਹੋ ਗਿਆ ਸੀ, ਦੀਆਂ ਵੱਖ-ਵੱਖ ਤੱਸਵੀਰਾਂ ਵੀ ਝਾਕੀਆਂ 'ਚ ਪ੍ਰਦਰਸ਼ਿਤ ਕੀਤੀਆਂ ਗਈਆਂ। ਇਸ ਫਲੋਟ ਦੇ ਨਾਲ-ਨਾਲ ਭਾਰੀ ਗਿਣਤੀ ਵਿੱਚ ਸਿੱਖ ਭਾਈਚਾਰੇ ਨੇ ਆਪਣੀ ਹਾਜ਼ਰੀ ਲਗਾਈ। ਪਰੇਡ ਦੇਖਣ ਆਏ ਲੋਕਾਂ ਨੇ ਇਸ ਫਲੋਟ ਨੂੰ ਸਲਾਹਿਆ ਅਤੇ ਖੜੇ ਹੋ ਕੇ ਤਾੜੀਆਂ ਮਾਰ ਕੇ ਸਵਾਗਤ ਕੀਤਾ। ਅਜਿਹੇ ਫਲੋਟ ਨਾਲ ਅਮਰੀਕੀ ਲੋਕਾਂ ਨੂੰ ਸਿੱਖਾਂ ਬਾਰੇ ਭਰਪੂਰ ਜਾਣਕਾਰੀ ਮਿਲਦੀ ਹੈ। ਸਥਾਣਕ ਸਿੱਖਾਂ ਵੱਲੋਂ ਸਿੱਖ ਸੋਸਾਇਟੀ ਆਫ ਕੈਲੀਫੋਰਨਿਆ ਦੇ ਬੈਨਰ ਹੇਠ ਪਿਛਲੇ 8 ਸਾਲਾਂ ਤੋਂ ਇਸ ਵਿੱਚ ਸ਼ਮੂਲਿਅਤ ਕੀਤੀ ਜਾ ਰਹੀ ਹੈ। ਸਥਾਨਕ ਅਮਰੀਕੀ ਆਗੂ ਅਤੇ ਅਧਿਕਾਰਿਆਂ ਨੇ ਇਸ ਫਲੋਟ ਦੀ ਪ੍ਰਸ਼ੰਸਾ ਕੀਤੀ ਅਤੇ ਸਿੱਖ ਕੌਮ ਨੂੰ ਇਸ ਕਾਰਜ਼ ਲਈ ਵਧਾਈ ਦਿੱਤੀ। ਇਲਾਕੇ ਦੇ ਕਾਂਗਰਸਮੈਨ ਐਮੀ ਬੈਰਾ, ਅਸੈਂਬਲੀ ਮੈਂਬਰ ਜਿੰਮ ਕੂਪਰ, ਮੇਅਰ ਸਟੀਵ ਲੀ, ਕੌਂਸਲ ਸਟੀਵ ਡੈਟਰੀਕ, ਕੌਂਸਲ ਮੈਂਬਰ ਡੈਰਨ ਸਿਊਨ ਤੋਂ ਇਲਾਵਾ ਹੋਰ ਵੀ ਬਹੁਤ ਸਾਰੇ ਅਧਿਕਾਰੀ ਇਸ ਮੌਕੇ ਅਮਰੀਕੀ ਭਾਈਚਾਰੇ ਨੂੰ ਵਧਾਈ ਦੇਣ ਪਹੁੰਚੇ।



# ਕਿਧਰੇ ਚੋਣ ਸਟੰਟ ਹੀ ਤਾਂ ਨਹੀਂ ਵੱਡੇ ਨੋਟਾਂ ਦਾ ਚਲਣ ਰੋਕਣਾ

**ਸਾਲ 2014 ਵਿਚ ਭਾਜਪਾ ਵੱਲੋਂ ਵਿਦੇਸ਼ਾਂ ਤੋਂ ਕਾਲਾ ਧਨ ਵਾਪਿਸ ਲਿਆ ਕੇ ਹਰੇਕ ਭਾਰਤੀ, ਜਿਨ੍ਹਾਂ ਦੀ ਸੰਖਿਆ 131 ਕਰੋੜ ਹੈ, ਦੇ ਬੈਂਕ ਖਾਤਿਆਂ 'ਚ 15 ਲੱਖ ਰੁਪਏ ਉਸ ਵਿਚੋਂ ਜਮ੍ਹਾ ਕਰਾਉਣ ਦਾ ਚੋਣ-ਜੁਮਲਾ ਲਗਾਇਆ ਗਿਆ ਸੀ। ਢਾਈ ਸਾਲ ਬੀਤ ਗਏ। ਸਵਿੱਸ ਬੈਂਕਾਂ ਦੇ ਕਾਲੇ ਧਨ ਵਿਚੋਂ ਇਕ 'ਪਾਈ' ਵੀ ਕਿਸੇ ਭਾਰਤੀ ਦੇ ਖਾਤੇ 'ਚ ਕੀ ਪੈਣੀ ਸੀ, ਸਰਕਾਰੀ ਖਜ਼ਾਨੇ 'ਚ ਵੀ ਨਾ ਪਈ। ਜਾਪਦਾ ਹੈ ਬਾਹਰੋਂ ਪੌਲੀ-ਧੇਲਾ ਨਾ ਮਿਲਣ 'ਤੇ ਸਰਕਾਰ ਵੱਲੋਂ ਦੇਸੋਂ ਬਾਹਰਲਾ ਕਾਲਾ ਧਨ ਲਿਆਉਣ ਦੇ ਯਤਨਾਂ ਨੂੰ ਬੂਰ ਨਾ ਪੈਣ ਕਾਰਨ, ਦੇਸ਼ ਅੰਦਰੋਂ ਕਾਲਾ ਧਨ ਸਾਫ਼ ਕਰਨ ਲਈ ਹੱਲਾ ਬੋਲ ਦਿੱਤਾ ਗਿਆ ਹੈ। ਪਰ ਕੀ ਇਨ੍ਹਾਂ ਵੱਡੇ ਨੋਟਾਂ ਦੇ ਬੰਦ ਹੋਣ ਨਾਲ ਦੇਸ਼ ਅੰਦਰਲਾ ਕਾਲਾ ਧਨ ਸਰਕਾਰੀ ਖਜ਼ਾਨੇ ਦਾ ਸ਼ਿੰਗਾਰ ਬਣੇਗਾ? ਜਾਂ ਇਹ ਕਦਮ ਸਿਰਫ਼ ਆਉਣ ਵਾਲੀਆਂ ਪੰਜ ਵਿਧਾਨ ਸਭਾ ਚੋਣਾਂ ਦੀ ਤਿਆਰੀ ਕਰ ਰਹੀਆਂ ਖੇਤਰੀ ਪਾਰਟੀਆਂ ਦੇ ਇਕੱਠੇ ਕੀਤੇ ਧਨ ਨੂੰ ਨੁਕਸਾਨ ਪਹੁੰਚਾਉਣ ਦਾ ਯਤਨ ਹੈ?**



ਗੁਰਮੀਤ ਸਿੰਘ ਪਲਾਹੀ
91-98158-02070

ਕੇਂਦਰ ਸਰਕਾਰ ਨੇ 500 ਰੁਪਏ ਅਤੇ 1000 ਰੁਪਏ ਦੇ ਸਾਰੇ ਨੋਟਾਂ ਨੂੰ ਬੰਦ ਕਰ ਦਿੱਤਾ ਹੈ। ਸਰਕਾਰ ਅਨੁਸਾਰ ਹੁਣ ਇਹ ਨੋਟ ਸਿਰਫ਼ ਕਾਗ਼ਜ਼ ਦਾ ਟੁਕੜਾ ਹੋਣਗੇ। ਛੇ ਲੱਖ ਸੱਤਰ ਹਜ਼ਾਰ ਕਰੋੜ (6,70,000,0000000) ਰੁਪਏ ਦੇ ਇਕ ਇਕ ਹਜ਼ਾਰ ਦੇ ਨੋਟ ਅਤੇ ਅੱਠ ਲੱਖ ਪੱਚੀ ਹਜ਼ਾਰ ਕਰੋੜ (8,25,0000000000) ਦੇ 500 ਦੇ ਨੋਟ ਹੁਣ ਸਰਕਾਰੇ-ਦਰਬਾਰੇ, ਮੰਡੀਆਂ, ਬਜ਼ਾਰਾਂ, ਸਭਨੀਂ ਥਾਈਂ ਚਲਣਯੋਗ ਨਹੀਂ ਰਹਿਣ ਦਿੱਤੇ ਗਏ। ਲੋਕਾਂ ਵਿਚ ਹਫੜਾ-ਦਫੜੀ ਹੈ। ਉਨ੍ਹਾਂ ਦੀ ਪ੍ਰੇਸ਼ਾਨੀ ਦਾ ਕਾਰਨ ਬਜ਼ਾਰ ਵਿਚੋਂ ਮਾੜੇ-ਮੋਟੇ ਪੈਸੇ ਹੱਥ ਹੋਣ ਦੇ ਬਾਵਜੂਦ ਵੀ ਲੋੜ ਦੀਆਂ ਚੀਜ਼ਾਂ ਨਾ ਮਿਲਣਾ ਹੈ। ਇਨ੍ਹਾਂ ਨੋਟਾਂ ਨੂੰ ਨਜਾਇਜ਼ ਕਰਨ ਦੇ ਕੰਮ ਨੂੰ ਸਰਜੀਕਲ ਸਟਰਾਈਕ ਅਤੇ ਇਨਕਲਾਬ ਜਿਹੀ ਕਾਰਵਾਈ ਗਿਣਿਆ ਜਾ ਰਿਹਾ ਹੈ। ਪਰ ਸਧਾਰਨ ਸਮਝ ਵਾਲਾ ਸਵਾਲ ਇਹ ਹੈ ਕਿ ਕੀ ਇਸ ਕਾਰਵਾਈ ਨੂੰ ਹੋਰ ਜ਼ਿਆਦਾ ਤਿਆਰੀ ਨਾਲ ਸਧਾਰਨ ਢੰਗ ਨਾਲ ਨਹੀਂ ਸੀ ਕੀਤਾ ਜਾ ਸਕਦਾ?

ਸਾਲ 2014 ਵਿਚ ਭਾਜਪਾ ਵੱਲੋਂ ਵਿਦੇਸ਼ਾਂ ਤੋਂ ਕਾਲਾ ਧਨ ਵਾਪਿਸ ਲਿਆ ਕੇ ਹਰੇਕ ਭਾਰਤੀ, ਜਿਨ੍ਹਾਂ ਦੀ ਸੰਖਿਆ 131 ਕਰੋੜ ਹੈ, ਦੇ ਬੈਂਕ ਖਾਤਿਆਂ 'ਚ 15 ਲੱਖ ਰੁਪਏ ਉਸ ਵਿਚੋਂ ਜਮ੍ਹਾ ਕਰਾਉਣ ਦਾ ਚੋਣ-ਜੁਮਲਾ ਲਗਾਇਆ ਗਿਆ ਸੀ। ਢਾਈ ਸਾਲ ਬੀਤ ਗਏ। ਸਵਿੱਸ ਬੈਂਕਾਂ ਦੇ ਕਾਲੇ ਧਨ ਵਿਚੋਂ ਇਕ 'ਪਾਈ' ਵੀ ਕਿਸੇ ਭਾਰਤੀ ਦੇ ਖਾਤੇ 'ਚ ਕੀ ਪੈਣੀ ਸੀ, ਸਰਕਾਰੀ ਖਜ਼ਾਨੇ 'ਚ ਵੀ ਨਾ ਪਈ। ਜਾਪਦਾ ਹੈ ਬਾਹਰੋਂ ਪੌਲੀ-ਧੇਲਾ ਨਾ ਮਿਲਣ 'ਤੇ ਸਰਕਾਰ ਵੱਲੋਂ ਦੇਸੋਂ ਬਾਹਰਲਾ ਕਾਲਾ ਧਨ ਲਿਆਉਣ ਦੇ ਯਤਨਾਂ ਨੂੰ ਬੂਰ ਨਾ ਪੈਣ ਕਾਰਨ, ਦੇਸ਼ ਅੰਦਰੋਂ ਕਾਲਾ ਧਨ ਸਾਫ਼ ਕਰਨ ਲਈ ਹੱਲਾ ਬੋਲ ਦਿੱਤਾ ਗਿਆ ਹੈ। ਪਰ ਕੀ ਇਨ੍ਹਾਂ ਵੱਡੇ ਨੋਟਾਂ ਦੇ ਬੰਦ ਹੋਣ ਨਾਲ ਦੇਸ਼ ਅੰਦਰਲਾ ਕਾਲਾ ਧਨ ਸਰਕਾਰੀ ਖਜ਼ਾਨੇ ਦਾ ਸ਼ਿੰਗਾਰ ਬਣੇਗਾ? ਜਾਂ ਇਹ ਕਦਮ ਸਿਰਫ਼ ਆਉਣ ਵਾਲੀਆਂ ਪੰਜ ਵਿਧਾਨ ਸਭਾ ਚੋਣਾਂ ਦੀ ਤਿਆਰੀ ਕਰ ਰਹੀਆਂ ਖੇਤਰੀ ਪਾਰਟੀਆਂ ਦੇ ਇਕੱਠੇ ਕੀਤੇ ਧਨ ਨੂੰ ਨੁਕਸਾਨ ਪਹੁੰਚਾਉਣ ਦਾ ਯਤਨ ਹੈ?

ਪੰਜ ਸੌ, ਇਕ ਹਜ਼ਾਰ ਰੁਪਏ ਦੇ ਨੋਟਾਂ ਦਾ ਚੱਲਣਾ ਬੰਦ ਕਰਕੇ ਸਰਕਾਰ ਨੇ ਦੇਸ਼ ਦੇ 85% ਕਰੰਸੀ ਨੋਟਾਂ ਨੂੰ ਬੇਕਾਰ ਕਰ ਦਿੱਤਾ ਹੈ। ਦੇਸ਼ ਵਿਚ ਕੁਲ 16,98,540 ਕਰੋੜ ਦੇ ਕਰੰਸੀ ਨੋਟ ਹਨ, ਜਿਨ੍ਹਾਂ ਵਿਚੋਂ 14 ਲੱਖ 95 ਹਜ਼ਾਰ ਕਰੋਡ ਨਜਾਇਜ਼ ਕਰ ਦਿੱਤੇ ਗਏ ਹਨ। ਸਾਲ 1978 ਵਿਚ ਵੀ ਇਕ ਹਜ਼ਾਰ ਕਰੋੜ ਰੁਪਏ ਦੇ ਨੋਟ ਮੋਰਾਰਜੀ ਡਿਸਾਈ ਵਾਲੀ ਜਨਤਾ ਪਾਰਟੀ ਦੀ ਸਰਕਾਰ ਨੇ ਬੰਦ ਕੀਤੇ ਸਨ। ਇਸ ਵਿਚ ਕੋਈ ਸ਼ੱਕ ਨਹੀਂ ਹੈ ਕਿ ਦੇਸ਼ ਵਿਚ ਕਾਲੇ ਧਨ ਦਾ ਭਰਪੂਰ ਪਸਾਰਾ ਹੈ। ਇਕ ਸੌ ਇਕੱਤੀ ਕਰੋੜ ਦੀ ਅਬਾਦੀ ਵਿਚੋਂ ਸਿਰਫ਼ ਚਾਰ ਫੀਸਦੀ ਲੋਕ ਆਮਦਨ ਕਰ ਅਦਾ ਕਰਦੇ ਹਨ। ਦੇਸ਼ ਦੀ ਮੌਜੂਦਾ ਵਿਵਸਥਾ ਦੀ ਸਥਿਤੀ ਇਹ ਹੈ ਕਿ ਇਥੇ ਤੀਹ ਲੱਖ ਕਾਰਾਂ, ਦੋ ਕਰੋੜ ਦੋ ਪਹੀਏ ਮੋਟਰਸਾਈਕਲ ਸਕੂਟਰ ਅਤੇ ਅੱਠ ਸੌ ਟਨ ਸੋਨੇ ਦੇ ਰੂਪ ਵਿਚ ਖਰਚ ਕਰ ਦਿੱਤੇ ਗਏ ਹੋਏ ਹਨ। ਜਦੋਂ ਤੋਂ ਹੀ ਦੇਸ਼ ਅਜ਼ਾਦ ਹੋਇਆ ਹੈ, ਗਣਰਾਜ ਬਣਿਆ ਹੈ, ਉਦੋਂ ਤੋਂ ਹੀ ਦੇਸ਼ ਵਿਚੋਂ ਭ੍ਰਿਸ਼ਟਾਚਾਰ ਅਤੇ ਕਾਲਾ ਧਨ ਖਤਮ ਕਰਨ ਲਈ ਕਦਮ ਚੁੱਕੇ ਜਾ ਰਹੇ ਹਨ ਤਾਂਕਿ ਸਮਾਜ ਅਪਰਾਧ ਮੁਕਤ ਹੋਵੇ, ਨਸ਼ਿਆਂ ਦੀ ਤਸਕਰੀ ਰੁਕੇ, ਅਤਿਵਾਦੀਆਂ ਵੱਲੋਂ ਵਰਤੇ ਜਾ ਰਹੇ ਪਾਕਿਸਤਾਨ ਨੇਪਾਲ ਜਿਹੇ ਗੁਆਂਢੀ ਦੇਸ਼ਾਂ ਦੇ ਰਸਤੇ ਭਾਰਤ ਆ ਰਹੇ ਜਾਅਲੀ ਨੋਟਾਂ ਉਤੇ ਰੋਕ ਲੱਗੇ, ਪਰ ਰਾਜਨੀਤਕ ਇੱਛਾ ਸ਼ਕਤੀ ਦੀ ਅਣਹੋਂਦ ਕਾਰਨ ਇਹ ਸੰਭਵ ਨਹੀਂ ਹੋ ਰਿਹਾ। ਭਾਰਤੀ ਰਾਜਨੀਤੀ ਦੇ ਕਾਰੋਬਾਰੀ ਮਾਡਲ ਵਿਚ ਰਾਜਨੀਤਕ ਦਲ ਜਿਸ ਢੰਗ ਨਾਲ ਚੋਣਾਂ ਲਈ ਫੰਡਾਂ ਦਾ ਇੰਤਜਾਮ ਕਰਦੇ ਹਨ, ਉਹ ਕਾਲੇ ਧਨ ਅਤੇ ਭ੍ਰਿਸ਼ਟਾਚਾਰ ਦਾ ਵੱਡਾ ਸਰੋਤ ਬਣਿਆ ਹੋਇਆ ਹੈ। ਕੀ ਮੌਜੂਦਾ ਕਾਲਾ ਧਨ ਸਰਜੀਕਲ ਸਟਰਾਈਕ 'ਕਾਲੇ ਧਨ' ਤੇ ਰੋਕ ਦੇ ਬਹਾਨੇ ਵਿਰੋਧੀਆਂ ਨੂੰ ਚਿੱਤ ਕਰਨ ਦਾ ਢੰਗ-ਤਰੀਕਾ ਤਾਂ ਨਹੀਂ?

ਵੱਖੋ-ਵੱਖਰੀਆਂ ਸਰਕਾਰਾਂ ਰਾਜਨੀਤਕ ਦਲਾਂ ਦੀ ਪਾਰਦਰਸ਼ਤਾ ਅਤੇ ਜਵਾਬਦੇਹੀ ਤੋਂ ਬਚਾਅ ਕਰਦੀਆਂ ਆਈਆਂ ਹਨ। ਸੂਚਨਾ ਦਾ ਅਧਿਕਾਰ, ਪਾਰਟੀਆਂ ਦੇ ਅੰਦਰਲਾ ਲੋਕਤੰਤਰ ਜਾਂ ਪਾਰਟੀਆਂ ਦੇ ਖਾਤਿਆਂ ਅਤੇ ਉਮੀਦਵਾਰਾਂ ਦਾ ਆਡਿਟ ਭ੍ਰਿਸ਼ਟਾਚਾਰ ਜਾਂ ਕਾਲੇ ਧਨ ਨੂੰ ਨੱਥ ਨਹੀਂ ਪਾ ਸਕਿਆ। ਚੋਣ ਲੜਨ ਵਾਲੇ ਉਮੀਦਵਾਰਾਂ ਤੋਂ ਇਹ ਉਮੀਦ ਤਾਂ ਰੱਖੀ ਜਾਂਦੀ ਹੈ ਕਿ ਉਹ ਆਪਣੀ ਚੋਣ 'ਤੇ ਆਏ ਖਰਚੇ ਦਾ ਹਿਸਾਬ ਰੱਖਣ ਪਰ ਇਹ ਫੰਡ ਕਿਥੋਂ ਆਇਆ, ਇਸ ਬਾਰੇ ਉਨ੍ਹਾਂ ਵੱਲੋਂ ਦੱਸਣਾ ਜ਼ਰੂਰੀ ਨਹੀਂ ਕਿ ਇਸ ਧਨ ਸਰੋਤ ਕਿਹੜਾ ਹੈ? ਇਹ ਪੈਸੇ ਕਾਲੇ ਧਨ ਵਿਚੋਂ ਆਏ ਹਨ ਜਾਂ ਗੋਰੇ ਧਨ ਵਿਚੋਂ? ਇਹ ਕਾਲੇ ਚੋਰ ਨੇ ਦਿੱਤੇ ਹਨ ਜਾਂ ਕਿਸੇ ਸਮਗਲਰ ਨੇ ਇਸਦੀ ਜਾਣਕਾਰੀ ਦੇਣੀ ਵੀ ਜ਼ਰੂਰੀ ਨਹੀਂ। ਪਾਰਟੀਆਂ ਵੱਲੋਂ ਟੀ.ਵੀ. ਚੈਨਲਾਂ, ਅਖ਼ਬਾਰਾਂ, ਹੋਰ ਢੰਗਾਂ ਨਾਲ ਕੀਤਾ ਧੂੰਆਂਧਾਰ ਪ੍ਰਚਾਰ ਅਤੇ ਬੇਅੰਤ ਖਰਚਾ ਕੀ ਕਾਲੇ ਧਨ ਤੋਂ ਬਿਨ੍ਹਾਂ ਸੰਭਵ ਹੈ ਤੇ ਇਸ ਉਤੇ ਰੋਕ ਲਗਾਉਣਾ ਕੀ ਸਰਕਾਰਾਂ ਵੱਲੋਂ ਸੰਭਵ ਹੈ। ਭ੍ਰਿਸ਼ਟਾਚਾਰ ਦੇ ਮੁੱਖ ਤਿੰਨ ਖੇਤਰ ਹਨ, ਪਹਿਲਾ ਕਾਰੋਬਾਰ ਵਿਚ ਇਹ ਬਿੱਲ ਬਨਾਉਣਾ ਜਾਂ ਨਾ ਬਨਾਉਣਾ, ਖਰੀਦ ਕਰਨ, ਟੈਂਡਰ ਭਰਨ ਜਾਂ ਟੈਕਸ ਚੋਰੀ ਦੇ ਰੂਪ ਵਿਚ ਹਨ। ਦੂਜਾ ਪ੍ਰਸਾਸ਼ਨ ਵਿਚ ਕਿਸੇ ਚੀਜ਼ ਨੂੰ ਮਨਜ਼ੂਰ ਕਰਨ ਜਾਂ ਨਾ ਕਰਨ ਦੇ ਅਧਿਕਾਰ, ਕਿਸੇ ਸਰਕਾਰੀ ਕਾਗ਼ਜ਼ ਨੂੰ ਜਾਰੀ ਕਰਨ ਜਾਂ ਖਾਰਜ ਕਰਨ ਦੇ ਰੂਪ ਵਿਚ ਹੈ ਅਤੇ ਤੀਜਾ ਰਾਜਨੀਤੀ ਵਿਚ ਇਹ ਪਾਰਦਰਸ਼ਤਾ ਨਾ ਹੋਣ ਵਜੋਂ ਹੈ। ਇਨ੍ਹਾਂ ਖੇਤਰਾਂ ਵਿਚ ਕੀਤੀਆਂ ਜਾ ਰਹੀਆਂ ਬੇਕਾਇਦਗੀਆਂ ਨੂੰ, ਬੇਨਿਯਮੀਆਂ ਨੂੰ ਕੀ ਸਿਰਫ਼ ਨੋਟਾਂ ਦੇ ਅਵੈਧ ਹੋਣ ਨਾਲ ਬੰਦ ਕੀਤਾ ਜਾ ਸਕਦਾ ਹੈ? ਜਦੋਂ ਤੱਕ ਕਾਲਾ ਧਨ ਅਤੇ ਭ੍ਰਿਸ਼ਟਾਚਾਰ ਨੂੰ ਨਿਪਟਣ ਲਈ ਢਾਂਚਾਗਤ ਸੁਧਾਰ ਨਹੀਂ ਕੀਤੇ ਜਾਂਦੇ, ਕੀ ਉਦੋਂ ਤੱਕ ਕਾਰੋਪੇਰਟ ਜਗਤ ਵੱਲੋਂ ਕੀਤੀਆਂ ਜਾ ਰਹੀਆਂ ਬੇਨਿਯਮੀਆਂ ਜੋ ਭ੍ਰਿਸ਼ਟਾਚਾਰ ਤੇ ਕਾਲੇ ਧਨ ਫੈਲਾਉਣ ਦਾ ਮੁੱਖ ਸਰੋਤ ਹਨ ਕਾਬੂ ਹੋ ਸਕਦੀਆਂ ਹੈ? ਦੇਸ਼ ਦੇ ਸਭ ਤੋਂ ਵੱਡੇ ਉਦਯੋਗਿਕ ਘਰਾਣੇ ਵੱਲੋਂ ਸੱਤ ਲੱਖ ਕਰੋੜ ਦੀ ਗੈਰ ਨਿਸ਼ਪਾਦਿਤ ਸੰਪਤੀ (ਐਨ. ਪੀ. ਏ.) ਗੜਬੜੀ ਸਾਹਮਣੇ ਆਈ ਹੈ, ਕੀ ਜਦ ਤੱਕ ਦੇਸ਼ ਕਾਰੋਬਾਰ ਖੇਤਰ 'ਚ ਨਿਯਮ ਅਤੇ ਕਾਰਪੋਰੇਟ ਗਵਰਨੈਸ ਨੂੰ ਠੋਸ ਤਰੀਕੇ ਨਾਲ ਤਹਿ ਨਹੀਂ ਕਰਦਾ, ਕੀ ਉਦੋਂ ਤੱਕ ਇਹੋ ਜਿਹੀਆਂ ਬੇਨਿਯਮੀਆਂ ਰੋਕੀਆਂ ਜਾ ਰਹੀਆਂ ਹਨ, ਜੋ ਕਾਲੇ ਧਨ ਤੋਂ ਵੀ ਵੱਧ ਖਤਰਨਾਕ ਹਨ। ਅਸਲ ਵਿਚ ਕੇਂਦਰ ਅਤੇ ਰਾਜਾਂ ਵਿਚ ਲਾਲ ਫੀਤਾ ਸ਼ਾਹੀ ਹਾਵੀ ਹੈ, ਜੋ ਭ੍ਰਿਸ਼ਟਾਚਾਰ 'ਚ ਵਾਧੇ ਲਈ ਕੰਮ ਕਰਦੀ ਹੈ, ਆਪ ਵੀ 'ਕਾਲਾ' ਖਾਂਦੀ ਹੈ, ਆਪਣੇ ਮਾਲਕਾਂ ਨੂੰ ਵੀ ਖੁਆਉਂਦੀ ਹੈ।

ਨੋਟਾਂ ਦੇ ਅਵੈਧ ਘੋਸ਼ਿਤ ਕਰਨ ਨਾਲ ਇਹ ਆਂਕਿਆ ਜਾ ਰਿਹਾ ਹੈ ਕਿ 14.95 ਲੱਖ ਕਰੋੜ ਦੀ ਆਗਿਆਤ ਸਰੋਤਾਂ ਰਾਹੀਂ ਇਕੱਤਰ ਕੀਤੀ ਰਾਸ਼ੀ ਵਿਚੋਂ 15 ਤੋਂ 20% ਤੱਕ ਉਤੇ ਅੰਕੁਸ਼ ਲਗੇਗਾ। ਭਾਰਤੀ ਅਰਥ ਵਿਵਸਥਾ ਦਾ ਵੱਡਾ ਹਿੱਸਾ ਨਕਦੀ ਉਤੇ ਚੱਲਦਾ ਹੈ, ਖੇਤੀ, ਛੋਟੇ ਕਾਰੋਬਾਰੀ, ਛੋਟੇ ਠੇਕੇਦਾਰ, ਰੈਸਟੋਰੈਂਟ, ਗੈਰ ਸੰਗਿਠਤ ਕਾਰੋਬਾਰ ਨਕਦੀ ਤੋਂ ਬਿਨਾਂ ਕੰਮ ਹੀ ਨਹੀਂ ਕਰ ਸਕਦੇ। ਸਬਜ਼ੀ ਮੰਡੀ ਤੋਂ ਲੈ ਕੇ ਸ਼ਹਿਰੀ ਖੇਤਰਾਂ ਦੇ ਨਕਦੀ ਲੈਣ-ਦੇਣ, ਜੋ ਚੁੱਪ ਚੁਪੀਤੇ, ਅੰਦਰੋਂ ਗਤੀ ਵਰ੍ਹਿਆਂ ਤੋਂ ਨਿਰਵਿਘਨ, ਇਥੋਂ ਤੱਕ ਕਿ ਕਈ ਹਾਲਤਾਂ ਵਿਚ ਜਮ੍ਹਾਂ-ਜ਼ੁਬਾਨੀ, ਹੱਥ-ਉਧਾਰ ਨਾਲ ਚੱਲਦਾ ਆਇਆ ਹੈ ਅਤੇ ਜਿਸਨੂੰ ਦੇਸ਼ ਦੀ ਪੁਰਾਣੀ ਸ਼ਾਹੂਕਾਰੀ, ਦਲਾਲਾਂ ਦੀ ਸਰਪ੍ਰਸਤੀ ਹੈ, ਨੂੰ ਕੀ ਇਹ ਨੋਟਾਂ ਦੇ ਬਦਲ-ਬਦਲਾਅ ਦੀ ਕਾਰਵਾਈ ਪ੍ਰਭਾਵਤ ਕਰ ਸਕੇਗੀ ਜਾਂ ਉਸ ਵਿਚੋਂ ਕੁਝ 'ਕਾਲਾ' ਕੱਢ ਸਕੇਗੀ? ਰਾਤੋ ਰਾਤ ਸੋਨੇ ਦਾ ਵਧਿਆ ਭਾਅ, ਦੋ ਹਜ਼ਾਰ ਦੇ ਨੋਟਾਂ ਦਾ ਚਾਲੂ ਕਰਨਾ, ਵੱਡੇ ਨੇਤਾਵਾਂ ਦੇ ਵਿਦੇਸ਼ਾਂ 'ਚ ਰੱਖੇ ਕਾਲੇ ਧਨ ਬਾਰੇ ਚੁੱਪੀ ਕੁਝ ਇਹੋ ਜਿਹੇ ਸਵਾਲ ਹਨ, ਜਿਨ੍ਹਾਂ ਦਾ ਜਵਾਬ ਹਾਕਮਾਂ ਤੇ ਰਾਜਨੀਤਕਾਂ ਦੇ ਸਾਹਮਣੇ ਹੈ, ਜਿਸ ਕਾਰਨ ਬਿਨਾਂ ਕਿਸੇ ਵੱਡੀ ਤਿਆਰੀ ਦੇ ਦੇਸ਼ ਦੇ ਲੋਕਾਂ ਨੂੰ ਹਫੜਾ-ਤਫੜੀ 'ਚ ਪਾ ਕੇ ਆਰਥਿਕ ਸੰਕਟਕਾਲੀਨ ਅਵਸਥਾ ਜਿਹੀ ਹਾਲਤ ਵਿਚ ਪਾ ਦਿੱਤਾ ਗਿਆ ਹੈ।

ਤਾਕਤਾਂ ਦੇ ਵਿਕੇਂਦਰੀਕਰਨ ਤੋਂ ਬਿਨਾਂ ਭ੍ਰਿਸ਼ਟਾਚਾਰ ਤੇ ਕਾਲੇ ਧਨ ਨੂੰ ਕਾਬੂ ਨਹੀਂ ਕੀਤਾ ਜਾ ਸਕਦਾ। ਭ੍ਰਿਸ਼ਟਾਚਾਰ ਤੇ ਕਾਲੇ ਧਨ ਦੇ ਸਮਾਧਾਨ ਦੇ ਲਈ ਬਣਾਈਆਂ ਕਮੇਟੀਆਂ ਅਤੇ ਪ੍ਰਸਾਸ਼ਨਿਕ ਆਯੋਗਾਂ ਦੀਆਂ ਭਰਪੂਰ ਸਿਫਾਰਸ਼ਾਂ ਦਾ ਉਦੋਂ ਤੱਕ ਕੋਈ ਅਰਥ ਨਹੀਂ, ਜਦੋਂ ਤੱਕ ਅਪਰਾਧ ਨਿਆਂਪ੍ਰਣਾਲੀ ਵਿਚ ਅਫ਼ਸਰਸ਼ਾਹੀ ਦੀ ਜਵਾਬਦੇਹੀ ਵਧਾਈ ਨਹੀਂ ਜਾਂਦੀ ਅਤੇ ਸਭ ਤੋਂ ਵੱਡੀ ਗੱਲ ਇਹ ਕਿ ਜੇਕਰ ਰਿਸ਼ਵਤਖੋਰੀ ਅਤੇ ਕਾਲੇ ਧਨ ਨੂੰ ਨੱਥ ਪਾਉਣੀ ਹੈ ਤਾਂ ਜਿਸ ਖੇਤਰ ਵਿਚ ਸਭ ਤੋਂ ਵੱਡੇ ਸੁਧਾਰ ਦੀ ਲੋੜ ਹੈ ਉਹ ਹੈ ਰਾਜਨੀਤੀ 'ਚ ਸੁਧਾਰ। ਜਿਸ ਤੋਂ ਬਿਨਾਂ ਬੇਲਗਾਮਾਂ ਵਿਰੁੱਧ ਚਾਬਕ ਚਲਾਉਣ ਦੀਆਂ ਤਕਰੀਰਾਂ ਸਿਰਫ਼ ਦਮਗਜੇ ਜਾਂ ਚੋਣ-ਜੁਮਲੇ ਹੀ ਸਾਬਤ ਹੋਣਗੀਆਂ।

# 'ਮਿਕਨਾਤੀਸੀ ਸਖਸ਼ੀਅਤ, ਲਾਈਫ ਟਾਈਮ ਅਚੀਵਮੈਂਟਸ' ਅਵਾਰਡੀ - ਬਲਵੰਤ ਸਿੰਘ ਮੁਸਾਫਿਰ



ਪ੍ਰੀਤਮ ਲੁਧਿਆਣਵੀ
9876428641

ਉਮਰ ਦੇ 82-ਵੇਂ ਪੌਡੇ ਉਤੇ ਪੈਰ ਧਰ ਚੁੱਕੇ ਬਲਵੰਤ ਸਿੰਘ ਮੁਸਾਫਿਰ ਜੀ ਅੱਜ ਵੀ ਨੌ-ਜਵਾਨਾਂ ਤੋਂ ਵੱਧ ਕੇ ਜ਼ੋਸ਼-ਖਰੋਸ਼ ਨਾਲ ਨੱਸੇ-ਭੱਜੇ ਫਿਰ ਰਹੇ ਹਨ, ਆਪਣੇ ਅਗਾਂਹ-ਵਧੂ ਵਲਵਲਿਆਂ ਦੇ ਬੱਲਬੂਤੇ। ਭਾਰਤ ਦੇ ਮਰਹੂਮ ਪ੍ਰਧਾਨ ਮੰਤਰੀ ਪੰਡਤ ਜਵਾਹਰ ਲਾਲ ਨਹਿਰੂ ਜੀ ਨਾਲ 15 ਅਗਸਤ ਅਤੇ 26 ਜਨਵਰੀ ਦੇ ਵਿਸ਼ੇਸ਼ ਦਿਹਾੜਿਆਂ ਉਤੇ ਦਿੱਲੀ ਵਿਖੇ ਆਪਣੀ 'ਮਹਿੰਦਰਾ ਕਾਲਿਜ ਪਟਿਆਲਾ' ਦੀ ਭੰਗੜਾ ਟੀਮ ਨਾਲ ਮਨਾਏ ਯਾਦਗਾਰੀ ਪਲ ਯਾਦ ਆਉਂਦੇ ਹੀ ਝੂਮ ਉਠਦੇ ਹਨ, ਉਹ। ਫਿਲਮ 'ਮਿਰਜਾ ਸਾਹਿਬਾਂ', 'ਨਯਾ ਦੌਰ' ਅਤੇ 'ਖੇਡਣ ਦੇ ਦਿਨ ਚਾਰ' ਵਿਚ ਵਿਖਾਏ ਭੰਗੜੇ ਦੇ ਜੌਹਰ ਉਨ੍ਹਾਂ ਦੀ ਅੱਡੀ ਨੂੰ ਟਿਕਣ ਨਹੀ ਦਿੰਦੇ।

ਮਿਕਨਾਤੀਸੀ ਸਖਸ਼ੀਅਤ ਬਲਵੰਤ ਸਿੰਘ ਮੁਸਾਫਿਰ ਜੀ ਦੀ ਬੁੱਤ-ਕਲਾ ਦੀ ਗੱਲ ਕਰਾਂ ਤਾਂ ਬੁੱਤਾਂ ਵਿਚ ਬਸ ਇਕ ਜਾਨ ਪਾਉਣੋ ਹੀ ਬਾਕੀ ਰਹਿ ਜਾਂਦੀ ਹੈ। ਸਾਹ ਅਤੇ ਜਾਨ ਪਾਉਣ ਦੀ ਪਾਵਰ, ਦੁਨੀਆਂ ਦੇ ਓਸ ਉਪਰਲੇ 'ਬੁੱਤ-ਤਰਾਸ਼' ਨੇ ਆਪਣੇ ਹੱਥ ਵਿਚ ਰੱਖੀ ਹੋਈ ਹੈ: ਨਹੀ ਤਾਂ ਜਿੰਨੀ ਕਲਾ ਦੀ ਬਖਸ਼ੀਸ਼ ਓਸ 'ਬੁੱਤ-ਤਰਾਸ਼' ਨੇ ਮੁਸਾਫਿਰ ਜੀ ਨੂੰ ਬਖਸ਼ ਰੱਖੀ ਹੈ, ਦੋਵਾਂ ਬੁੱਤ-ਤਰਾਸ਼ਾਂ ਵਿਚ ਫਰਕ ਹੀ ਕੋਈ ਨਹੀ ਸੀ ਰਹਿਣਾ ਕਲਾ ਦੇ ਪੱਖ ਤੋਂ।

ਉਨ੍ਹਾਂ ਦੀਆਂ ਵੱਖ-ਵੱਖ ਕਲਾਵਾਂ ਦੀ ਗੱਲ ਛੇੜਾਂ ਤਾਂ ਇੰਝ ਲੱਗਦੈ ਜਿਉਂ ਮਹਾਂਰਾਜ 'ਵਿਸ਼ਵਕਰਮਾ' ਜੀ ਨੇ ਆਪਣੀਆਂ ਕਲਾਵਾਂ ਦੇ ਦਰਵਾਜੇ ਦਿਲ ਖੋਲ੍ਹ ਕੇ ਰੱਖ ਦਿੱਤੇ ਹੋਣ ਮੁਸਾਫਿਰ ਜੀ ਅੱਗੇ। ਗੱਲ ਕੀ, ਦਸਤਕਾਰੀ ਦਾ ਦੁਨੀਆਂ ਭਰ ਦਾ ਕੋਈ ਵੀ ਐਸਾ ਕਿੱਤਾ ਨਹੀ ਰਿਹਾ ਜਿਸ ਨੂੰ ਮੁਸਾਫਿਰ ਜੀ ਨੇ ਕਾਰੋਬਾਰ ਵਜੋਂ ਨਾ ਅਪਣਾਇਆ ਹੋਵੇ ਅਤੇ ਨਾਮਨਾ ਨਾ ਖੱਟਿਆ ਹੋਵੇ। ਉਨ੍ਹਾਂ ਨੇ ਜਿੱਥੇ ਗੀਤ-ਸੰਗੀਤਕ ਗਤੀ-ਵਿਧੀਆਂ ਵਿਚ ਖੂਬ ਝੰਡੀ ਗੱਡੀ ਰੱਖੀ, ਉਥੇ ਸਾਹਿਤਕ ਖੇਤਰ ਵਿਚ ਵੀ ਉਹ ਪਿੱਛੇ ਨਹੀ ਰਹੇ। 'ਅੱਖਰਾਂ ਦੇ ਬੁੱਤ', 'ਰੂਹ ਪੰਜਾਬ ਦੀ', 'ਮਿੱਟੀ ਦਾ ਮੋਹ', 'ਕਲਾਮ-ਏ-ਮੁਸਾਫਿਰ' ਅਤੇ 'ਅੱਖਰਾਂ ਦੀ ਉਡਾਣ' ਆਦਿ ਆਪਣੀਆਂ ਮੌਲਿਕ ਪੁਸਤਕਾਂ ਸਾਹਿਤ-ਜਗਤ ਦੀ ਝੋਲੀ ਪਾਉਣ ਦੇ ਨਾਲ-ਨਾਲ 'ਮੂੰਹੋਂ ਬੋਲਦੀਆਂ ਕਲਮਾਂ', 'ਕਲਮਾਂ ਦੀ ਪਰਵਾਜ' ਅਤੇ 'ਕਲਮਾਂ ਦੇ ਸਿਰਨਾਵੇਂ' ਆਦਿ ਵੱਖ-ਵੱਖ ਸੰਸਥਾਵਾਂ ਦੀਆਂ ਡੇਢ ਦਰਜਨ ਦੇ ਕਰੀਬ ਸਾਂਝੀਆਂ ਪ੍ਰਕਾਸ਼ਨਾਵਾਂ ਵਿਚ ਵੀ ਭਰਵੀ ਕਲਮੀ-ਹਾਜਰੀ ਲਗਵਾ ਚੁੱਕੇ ਹਨ। ਫਿਰ ਆਪਣੀ ਸ਼ਿਲਪਕਾਰੀ ਦੀ ਸੰਸਥਾ 'ਰਾਣਾ ਹੈਂਡੀਕਰਾਫਟ ਇੰਟਰਨੈਸ਼ਨਲ, ਮੁਹਾਲੀ (ਰਜਿ.)' ਦੇ ਸਾਹਿਤਕ ਵਿੰਗ ਦੀ ਸਿਰਜਣਾ ਕਰ ਕੇ ਇਸ ਵਿੰਗ ਰਾਂਹੀਂ ਬਤੌਰ ਚੇਅਰਮੈਨ, ਆਪਣੀਆਂ ਰੀਝਾਂ ਪੂਰਦਿਆਂ ਉਹ, 'ਪੜ੍ਹੋ ਤੇ ਜਾਣੋ', 'ਸੋਚ ਉਡਾਰੀ', 'ਬੋਲ ਸੰਧੂਰੀ', 'ਕਾਵਿ-ਪਰਿਕਰਮਾ', 'ਤ੍ਰੈ-ਰੰਗ', ਅਤੇ ਨਿਵੇਕਲੀ ਪੈੜ' ਆਦਿ ਅੱਧੀ ਦਰਜਨ ਤੋਂ ਵੱਧ ਪੁਸਤਕਾਂ ਪਾਠਕਾਂ ਦੇ ਹੱਥਾਂ ਤੱਕ ਪਹੁੰਚਾ ਚੁੱਕੇ ਹਨ।



ਮੁਸਾਫਿਰ ਜੀ ਦੀਆਂ ਕਲਾਵਾਂ ਦੀ ਲਿਸਟ ਵਿਚ ਇਕ ਹੋਰ ਅਹਿਮ ਕਲਾ ਆਉਂਦੀ ਹੈ, ਰੰਗਦਾਰ ਮੱਛੀਆਂ ਪਾਲਣਾ। ਇਸ ਮੰਤਵ ਲਈ ਉਨ੍ਹਾਂ ਦਾ ਜਿਲ੍ਹਾ ਮੁਹਾਲੀ ਦੇ ਕੁਰਾਲੀ ਸ਼ਹਿਰ ਦੀਆਂ ਬਰੂਹਾਂ ਵਿਚ ਵਸਦੇ ਪਿੰਡ ਕਨੌੜਾ ਵਿਚ ਰੰਗਦਾਰ ਮੱਛੀ ਪਾਲਣ ਫਾਰਮ ਆਪਣੀ ਮਿਸਾਲ ਆਪ ਹੈ। ਇਹ ਮਾਣ ਵਾਲੀ ਗੱਲ ਹੈ ਕਿ ਰੰਗਦਾਰ ਮੱਛੀਆਂ ਪਾਲਣ ਦਾ ਕਾਰੋਬਾਰ ਮੁਸਾਫਿਰ ਜੀ ਹੀ ਪਹਿਲੀ ਬਾਰ ਪੰਜਾਬ ਵਿਚ ਲੈਕੇ ਆਏ ਸਨ। ਅੱਜ ਦਿਨ ਇਸ ਕਾਰੋਬਾਰ ਦੇ ਸਿਰ ਤੇ ਦੋ ਹਜਾਰ ਤੋਂ ਵੱਧ ਪਰਿਵਾਰ ਆਪਣੀ ਰੋਜੀ-ਰੋਟੀ ਚਲਾ ਰਹੇ ਹਨ। ਮੱਛੀ ਪਾਲਣ ਵਿਭਾਗ ਪੰਜਾਬ ਲਈ ਆਪਣਾ ਨੁਮਾਇਸ਼ੀ ਸਮਾਨ ਅਤੇ ਸਬੰਧਤ ਝਾਕੀਆਂ ਤਿਆਰ ਕਰਕੇ ਦੇਣ ਦੀ ਸੇਵਾ ਉਹ ਪਿਛਲੇ ਢਾਈ ਦਹਾਕਿਆਂ ਤੋਂ ਕਰਦੇ ਚਲੇ ਆ ਰਹੇ ਹਨ।

ਮੁਸਾਫਿਰ ਜੀ ਦੀ ਜ਼ਿੰਦਗੀ ਦਾ ਲੋਕ-ਭਲਾਈ ਖੇਤਰ ਦਾ ਸਫਾ ਫਰੋਲਾਂ ਤਾਂ ਦੁਆਵਾਂ ਅਤੇ ਅਸੀਸਾਂ ਹੀ ਖੱਟਦੇ ਨਜ਼ਰੀ ਆਉਂਦੇ ਹਨ, ਉਹ ਹਰ ਪਾਸਿਓਂ। ਮੁਸਾਫਿਰ ਜੀ ਦਾ ਵਿਦਿਆਰਥੀ ਜੀਵਨ ਘੋਖਾਂ ਤਾਂ ਮਹਿੰਦਰਾ ਕਾਲਿਜ ਪਟਿਆਲਾ ਤੋਂ ਐਫ. ਏ. ਅਤੇ ਥਾਪਰ ਕਾਲਿਜ ਤੋਂ ਸਿਵਿਲ ਇੰਜੀਨੀਰਿੰਗ ਦਾ ਡਿਪਲੋਮਾ ਕਰਦਿਆਂ ਪਹਿਲੇ ਸਾਲ ਹੀ 'ਕਾਲਜ-ਕਲਰ', 'ਯੂਨੀਵਰਸਟੀ-ਕਲਰ' ਅਤੇ ਪਹਿਲਵਾਨੀ ਖੇਤਰ ਵਿਚ ਦੋ ਸਾਲ 'ਮਿਸਟਰ ਪਟਿਆਲਾ' ਦੇ ਖਿਤਾਬ ਉਨ੍ਹਾਂ ਝੋਲੀ ਪੁਆਏ। ਪੂਰੀ ਜ਼ਿੰਦਗੀ ਭਰ ਘੋੜ-ਦੌੜ ਭੱਜੇ ਹੋਏ 'ਗੁਣਾ ਦੀ ਪਟਾਰੀ' ਵਾਲੀ ਇਸ ਸਖਸ਼ ਦੀ ਸਖਸ਼ੀਅਤ ਨੇ ਹੱਥਲੀ ਕਲਮ ਉਤੇ ਐਸਾ ਜਾਦੂ-ਮਈ ਅਸਰ ਕੀਤਾ ਕਿ ਇਹ ਕਲਮ ਮੁਸਾਫਿਰ ਜੀ ਦੀ ਜੀਵਨੀ ਲਿਖੇ ਬਿਨਾ ਰਹਿ ਨਾ ਸਕੀ। ਇਸ ਸਖਸ਼ੀਅਤ ਦੀ ਜ਼ਿੰਦਗੀ ਦੇ ਵੱਖ-ਵੱਖ ਪਹਿਲੂਆਂ ਨੂੰ ਬਿਆਨ ਕਰਦੀ 144 ਪੰਨਿਆਂ ਦੀ ਪੁਸਤਕ 'ਬਹੁ-ਪੱਖੀ ਦਰਵੇਸ਼ ਹਸਤੀ- ਬਲਵੰਤ ਸਿੰਘ ਮੁਸਾਫਿਰ' ਜੀ ਨੂੰ 26 ਦਸੰਬਰ, 15 ਨੂੰ ਲੋਕ-ਅਰਪਣ ਕਰਦਿਆਂ ਮੌਕੇ ਦੇ ਮੁੱਖ ਮਹਿਮਾਨ, ਮੈਡਮ ਊਸ਼ਾ ਆਰ. ਸ਼ਰਮਾ, ਆਈ. ਏ. ਐਸ. (ਰਿਟਾ.) ਜੀ ਨੇ ਆਪਣੇ ਪ੍ਰਧਾਨਗੀ ਭਾਸ਼ਨ ਵਿਚ ਕਿਹਾ, 'ਬਲਵੰਤ ਸਿੰਘ ਮੁਸਾਫਿਰ ਜੀ ਹੁਣ ਪਹਿਲੇ ਵਾਲੇ ਬਲਵੰਤ ਸਿੰਘ ਨਹੀ ਰਹੇ, ਅੱਜ ਲੋਕ-ਅਰਪਣ ਹੋਈ ਇਸ ਪੁਸਤਕ ਨੇ ਉਨ੍ਹਾਂ ਨੂੰ 'ਜਿਉਂਦੀ-ਜਾਗਦੀ ਮਹਾਨ ਆਤਮਾ' (ਯੁੱਗ ਪੁਰਸ਼) ਬਣਾ ਕੇ ਰੱਖ ਦਿੱਤਾ ਹੈ, ਜੋ ਇਕ ਮਾਣ ਵਾਲੀ ਗੱਲ ਹੈ।' ਇਵੇਂ ਹੀ ਮੌਕੇ ਦੇ ਦੂਜੇ ਮੁੱਖ ਮਹਿਮਾਨ ਜਨਾਬ ਆਰ. ਐਲ. ਕਲਸੀਆ, ਆਈ. ਏ. ਐਸ. (ਰਿਟਾ.) ਜੀ ਨੇ ਵੀ ਆਪਣੇ ਸ਼ਬਦਾਂ ਵਿਚ ਮੁਸਾਫਿਰ ਜੀ ਨੂੰ 'ਸਮਾਜ ਦਾ ਮਾਰਗ-ਦਰਸ਼ਕ' ਕਹਿ ਕੇ ਸਲਾਹਿਆ। ਮੁਸਾਫਿਰ ਜੀ ਵਲੋਂ ਜ਼ਿੰਦਗੀ ਵਿਚ ਘਾਲੀ ਪਾਲਣਾ ਨੂੰ ਸਲਾਮ ਕਰਦਿਆਂ ਅਨੇਕਾਂ ਸੰਸਥਾਵਾਂ ਯਾਦਗਾਰੀ ਚਿੰਨ ਅਤੇ ਐਵਾਰਡਾਂ ਦੇ ਰੂਪ ਵਿਚ ਆਪੋ-ਆਪਣਾ ਬਣਦਾ-ਸਰਦਾ ਸਤਿਕਾਰ ਉਨ੍ਹਾਂ ਦੀ ਝੋਲੀ ਪਾ ਚੁੱਕੀਆਂ ਹਨ। ਇਨ੍ਹਾਂ ਵਿਚੋਂ ਦਿੱਲੀ ਵਿਖੇ ਰੀਸਰਚ ਐਵਾਰਡ ਆਫ ਇੰਡੀਆ ਵਲੋਂ ਦਿੱਤਾ 'ਲਾਈਫ ਟਾਈਮ ਅਚੀਵਮੈਂਟਸ ਐਵਾਰਡ', ਸ਼੍ਰੋਮਣੀ ਪੰਜਾਬੀ ਲਿਖਾਰੀ ਸਭਾ ਪੰਜਾਬ (ਰਜਿ:) ਵਲੋਂ 'ਸ਼ਿਲਪਕਾਰੀ ਅਤੇ ਕਲਮ ਦਾ ਬਾਬਾ ਬੋਹੜ- ਐਵਾਰਡ 2013' ਅਤੇ 'ਲੋਹ-ਪੁਰਸ਼ ਐਵਾਰਡ-2015' ਤੋਂ ਇਲਾਵਾ ਰੀਡਰ ਐਂਡ ਰਾਈਟਰਜ ਸੁਸਾਇਟੀ ਆਫ ਇੰਡੀਆ ਵਲੋਂ ਮਿਲਿਆ 'ਲਿਟਰੇਚਰ ਐਵਾਰਡ' ਉਨ੍ਹਾਂ ਦੇ ਕੱਦ-ਬੁੱਤ ਨੂੰ ਉਭਾਰਦੇ ਅੱਡਰੇ ਹੀ ਨਜ਼ਰੀ ਆਉਂਦੇ ਹਨ। ਰੱਬ ਕਰੇ, ਦਿਲ ਦੇ ਸ਼ਹਿਨਸ਼ਾਹ, ਕਲਾਵਾ ਦੇ ਸਮੁੰਦਰ ਬਲਵੰਤ ਸਿੰਘ ਮੁਸਾਫਿਰ ਜੀ ਦੀਆਂ ਉਮਰਾਂ ਯੁੱਗਾਂ ਤੋੜੀ ਹੋਣ! ਤਾਰਿਆਂ ਦੇ ਭਰਵੇਂ ਅੰਬਰ ਜਿੰਨੀਆਂ ਦੁਆਵਾਂ ਤੇ ਦਿਲੀ-ਇੱਛਾਵਾਂ ਹਨ ਮੇਰੀਆਂ !

# A & S

## Auto Repair & Services

### Specializing in Brakes & Axles

10% of any repair of $ $75.00 or More

Free Tire Rotation and Brake Inspection with purchase of Oil Service for most cars

Diagnose check Engine light pre-buyers inspection tune-ups and more

Dealer Recommended Service Shocks/Struts A/C Servics



9:00 AM to 6:00 PM Mon-Sat



Ph: 916-238-4431
649 W. Elkhorn Blvd. Suite B2
Rio Linda, CA 95673

Amarjit Sandhu

# L.A. MERCHANDISE

## Whole Sale +Retail



ਇੰਡੀਆ ਤੋਂ Matterss ਸਸਤੇ ਰੇਟ ’ਤੇ ਪਹੁੰਚ ਚੁੱਕੀ ਹੈ।
ਯੂਬਾ ਸਿਟੀ ਦਾ ਸਭ ਤੋਂ ਵੱਡਾ ਗ੍ਰੋਸਰੀ ਸਟੋਰ
ਬਾਬਾ ਰਾਮਦੇਵ ਜੀ ਵੱਲੋਂ ਤਿਆਰ ਕੀਤੀਆਂ ਗਈਆਂ ਸਾਰੀਆਂ ਦਵਾਈਆਂ ਸਾਡੇ ਕੋਲ ਮਿਲਦੀਆਂ ਹਨ।

* ਭਾਰਤੀ ਗ੍ਰੋਸਰੀ, ਕੱਪੜੇ, ਪੱਗਾਂ, ਰੁਮਾਲੇ, ਬਰਤਨ, ਤਾਜ਼ੀਆਂ ਸਬਜ਼ੀਆਂ,
* 220 ਅਤੇ 110 ਵੋਲਟ ਦਾ ਬਿਜਲੀ ਦਾ ਸਮਾਨ
* ਜੈਂਟਸ ਕਮੀਜ਼ਾਂ ਅਤੇ ਲੇਡੀਜ਼ ਸੂਟ ਸੇਲ ’ਤੇ ਹਨ।
* ਇੱਥੇ ਤਾਜ਼ਾ ਸਬਜ਼ੀਆਂ ਹਰ ਰੋਜ਼ ਮਿਲਦੀਆਂ ਹਨ।
* ਹਰ ਤਰ੍ਹਾਂ ਦੀ ਦਾਲ ਸੇਲ ’ਤੇ ਹੈ।

* ਇੰਡੀਆ ਤੋਂ Matterss ਸਸਤੇ ਰੇਟ ’ਤੇ ਪਹੁੰਚ ਚੁੱਕੀ ਹੈ।
* ਹਰ ਤਰ੍ਹਾਂ ਦੇ ਜੋੜਾਂ, ਮਾਸਪੇਸ਼ੀਆਂ ਦੇ ਦਰਦਾਂ ਦੀ ਦਵਾਈ ਸਾਡੇ ਕੋਲੋਂ ਮਿਲਦੀ ਹੈ।
* ਤੁਹਾਡੇ ਝੜਦੇ ਵਾਲਾਂ ਦੇ ਇਲਾਜ ਲਈ ਸਾਡੇ ਕੋਲ ਹਰਬਲ ਹੇਅਰ ਤੇਲ ਉਪਲਬਧ ਹੈ।
* ਸ਼ੂਗਰ ਦੇ ਮਰੀਜ਼ਾਂ ਲਈ ਕਰੇਲੇ ਦਾ ਜੂਸ ਇੱਥੋਂ ਖਰੀਦੋ।

LOOSE FABRICS, GROCERIES, BLANKETS, VEGETABLES

Toilet Water Pressure (Elite 2 Bio Bider)
A budget Friendly solution for your desire to feel exceptionally clean and reduce toilet paper waste
Only $ 39.99+Tax



Baksho Kaur Bisla Hardev Singh Bisla

500 N. Palora Ave. Yuba City, CA 95991

530-671-0439, Fax 530-822-0439 Cell- 530-844-3250

# TANDOOR

## Indian Restaurant

27167 Mission Blvd. Hayward, CA 95544




ਵਿਆਹ ਸ਼ਾਦੀ, ਬਰਥ-ਡੇ ਪਾਰਟੀ, ਐਨਵਰਸਰੀ ਜਾਂ ਹੋਰ ਕਿਸੇ ਵੀ ਕਿਸਮ ਦੀ ਕੈਟਰਿੰਗ ਲਈ ਸਦਾ ਸਾਨੂੰ ਯਾਦ ਰੱਖੋ

WE ARE SPECIALIST IN CATERING & SPECIAL ITEMS ARE AVAILABLE HERE :

FISH PAKORE,
CHILLI CHICKEN,
GOAT KARI,
SHAHI PANEER,
BUTTER CHICKEN,
SWEETS,
SNACKS
AND MORE
SPECIAL ITEMS.



ਕੇਟਰਿੰਗ ਦੇ ਮਾਹਿਰ, ਹਫਤੇ ਦੇ 7 ਦਿਨ ਉਪਲਬੱਧ

ਮੱਛੀ ਦੇ ਪਕੌੜਿਆਂ ਲਈ ਮਸ਼ਹੂਰ

BUFFET LUNCH 11:00 AM To 3:00 PM

We are open seven days 11 AM to 10 PM

Contact Us:
Ph. 510-885-1212
Fax. 510-885-1532

# AAA

## AUTO AND BODY WORKS

ਸਾਡੇ ਇੱਥੇ ਹਰ ਕਿਸਮ ਦੀਆਂ ਕਾਰਾਂ ਦੀ ਮੁਰੰਮਤ ਅਤੇ ਰਿਪੇਅਰ ਤੋਂ ਇਲਾਵਾ ਕਾਰਾਂ ਦੇ ਪੇਂਟ ਦਾ ਕੰਮ ਤਸੱਲੀਬਖਸ਼ ਕੀਤਾ ਜਾਂਦਾ ਹੈ। ਪੁਰਾਣੀਆਂ ਕਾਰਾਂ ਖਰੀਦਣ ਅਤੇ ਟੋ-ਟਰੱਕ ਦਾ ਖਾਸ ਪ੍ਰਬੰਧ ਹੈ।

We Do Complete Engine Transmission, Body and Paint Work We Sell Used Cars at a Good Price



Free Estimates
Free Towing

510- 733- 2222

1421 Industrial PKWY West#F Hayward, CA 94544



Prop: Jasbir Singh Takhar
510-755-2132

Harmandeep Singh

# Remembering Mata Shanti Devi Ji Mother of Dr. Ronki Ram



Mata Shanti Devi Ji

It is a matter of deep grief that Mata Smt. Shanti Devi wife of Late Sh. Harmesh Lal Ji and mother of Professor Ronki Ram passed away on November 12, 2016 at the ripe age of 88. Mata Shanti Devi Ji had two daughters, Kamlesh Rani and Kanta Devi. The eldest one, Kamlesh Rani, passed away after living 68 years. Among the four sons of Mataji, Professor Ronki Ram is the eldest, Ashwani Kumar and Bharat Lal, who is the current Lambardar in their native village Sahri, District Hoshiarpur, are at number two and three respectively. The youngest son, Mr Shah Badshah, died in 2008 at the young age of 33.

Mata Shanti Devi was born and brought up at Lyallpur city, now in Pakistan, in 1932 from where she also matriculated in 1947. She migrated to her parental village, KalewalBhagatan near Mahilpur, during the partition of the country in 1947. It was in the same year that she married with Sh. Harmesh Lal of village Sahri. After the marriage, Mataji spent almost all his life in village Sahri except the period between 2002 to 2016 at Chandigarh where she lived with her eldest son Dr. Ronki Ram at Panjab University.

Mata Shanti Devi was a very religious person. Throughout her life, she religiously followed the routine of Naam-Simran (remember God) every day and night. This pious practice of living an ethical life, she also taught to her family. With such a spiritual routine, she had not only lived through all these years rather boldly after the expiry of her husband in 1996, but also never allowed the entire family to feel the absence of their hard working father. All this could have been possible because of her being very religious and also at the same an educated person. To be a matriculated in 1947 was a matter of great pride for women at that time. Her being educated, contributed a lot towards the higher study of Dr. Ronki Ram who earned a niche for himself not only in India but abroad too. Dr. Ronki Ram often told me that whatever he is today, it has been all due to the grace and guidance of her mother. He also gave equal importance to his father who worked very hard day and night that taught him a lesson of sincerity and hard work in life. But after the passing away of his father, it was mother alone who became his source of inspiration and hard work. Dr. Ronki completed his PhD from Jawaharlal Nehru University after earning MA and MPhil from Panjab University, Chandigarh. He also studied at the famous Uppsala University in Sweden after the completion of his PhD. Thereafter, he taught for sometimes at JNU, and then at Goa University before moving to Panjab University, Chandigarh in 1995 where he is continuing to teach and research up till now. In between, he taught at Leiden University, The Netherlands for two years and is currently teaching as ICCR Chair Professor of India Studies at Faculty of International Studies, Ryukoku University, Kyoto, Japan. He was head of the department of Political Science, two times President of Panjab University Teachers Association, member of Senate, Syndicate, and a large number of various academic and administrative bodies of the Panjab University and many other universities in different states of India. He is currently Fellow, Dean (Arts Faculty) and Shaheed Bhagat Singh Professor of Political Science. Being a reputed scholar, Dr. Ram is invited throughout India and different parts of world to deliver lectures and participate in academic events. He has published widely on issues of Dalit social mobility and identity in world reputed journals and equally published many articles and books in Punjabi language. He is also a familiar face on debates and discussions on various TV channels in India and abroad. However, all this is not a complete list of the achievements of the illustrious son of Revered Mata Shanti Devi Ji. Dr. Sahib has been associated with the ambedkartimes.com forum much before the launching of Ambedkartimes and Desh Doaba, and used to share his English writings with us. We are thankful to Mataji for being a mother of such an intellectual son. Ambedkartimes forum at this crucial hour stands with the entire family of Dr. Ronki Ram and sincerely pays its floral tribute to the departed soul.



Dr Ronki Ram With his mother

At the end, I cannot hold back myself from telling that how blessed I feel to be with Mataji for the first and last time during my visit to India in 2014 when on November 8, I went to meet Dr. Sahib at his Panjab University Chandigarh residence. I still relish the warm conversation with Mataji and her blessings. Since then, whenever I talked with Dr. Sahib, I never forgot to ask about the well- being of Mataji. When I called on Dr. Sahib on November 12 to ask about Mataji, I got WhatsApp message that Mataji left for her heavenly abode. Mataji is no more that is reality, but her words of wisdom will remain in my memory for times to come.

**Prem K. Chumber**
**Editor-In-Chief: www.ambedkartimes.com**
**Desh Doaba (Weekly Newspaper in Punjabi)**
**Ambedkar Times (Weekly Newspaper in English)**

## For more information, please contact; Dr. Sahib

**Dr. Ronki Ram**
ICCR Chair Visiting Professor of India Studies
Faculty of International Studies
Ryukoku University, Kyoto, Japan
WhatsApp +91-9779142308
E-mail: ronkiram@yahoo.co.in

Dean, Faculty of Arts
Honorary Director, ICSSR,
North-Western Regional Centre
Shaheed Bhagat Singh Professor of Political Science
Arts Block IV, Panjab University
Chandigarh 160 014 (India)
Mob: 0091-9779142308
E-mail: ronkiram@yahoo.co.in


## ਮਾਤਾ ਸ਼ਾਂਤੀ ਦੇਵੀ ਜੀ ਦਾ ਦਿਹਾਂਤ

# ਉੱਘੇ ਬੁੱਧੀਜੀਵੀ ਪ੍ਰੋਫੈਸਰ (ਡਾਕਟਰ) ਰੌਣਕੀ ਰਾਮ ਜੀ ਨੂੰ ਅਸਹਿ ਸਦਮਾ

ਇਹ ਬੜੇ ਦੁੱਖ ਵਾਲੀ ਖ਼ਬਰ ਹੈ ਕਿ ਬੀਤੀ 12 ਨਵੰਬਰ ਦੇ ਸਵੇਰ, ਉੱਘੇ ਬੁੱਧੀਜੀਵੀ ਪ੍ਰੋਫੈਸਰ (ਡਾ.) ਰੌਣਕੀ ਰਾਮ ਜੀ ਦੇ ਪੂਜਨੀਕ ਮਾਤਾ ਜੀ, ਮਾਤਾ ਸ਼ਾਂਤੀ ਦੇਵੀ ਜੀ ਸੁਪਤਨੀ ਸਵਰਗੀ ਸ੍ਰੀ ਹਰਮੇਸ਼ ਲਾਲ ਜੀ, ਅਕਾਲ ਪੁਰਖ ਵੱਲੋਂ ਬਖਸ਼ਿਸ਼ ਕੀਤੀ 88 ਸਾਲ ਦੀ ਉਮਰ, ਸੰਸਾਰਕ ਯਾਤਰਾ ਪੂਰੀ ਕਰਦਿਆਂ ਇਸ ਫਾਨੀ ਸੰਸਾਰ ਨੂੰ ਸਦਾ-ਸਦਾ ਲਈ ਅਲਵਿਦਾ ਆਖ ਗਏ।

ਮਾਤਾ ਸ਼ਾਂਤੀ ਦੇਵੀ ਜੀ ਦੀਆਂ ਵੱਡੀਆਂ ਸਪੁੱਤਰੀਆਂ ਕਮਲੇਸ਼ ਰਾਣੀ ਅਤੇ ਕਾਂਤਾ ਦੇਵੀ, ਜਿਹਨਾਂ 'ਚੋਂ ਵੱਡੀ ਸਪੁੱਤਰੀ ਕਮਲੇਸ਼ ਰਾਣੀ 68 ਸਾਲ ਦੀ ਉਮਰ ਭੋਗਦਿਆਂ ਪਹਿਲਾਂ ਹੀ ਪ੍ਰਲੋਕ ਸਿਧਾਰ ਚੁੱਕੇ ਹਨ। ਮਾਤਾ ਸ਼ਾਂਤੀ ਦੇਵੀ ਜੀ ਦੇ ਚਾਰ ਸਪੁੱਤਰ ਹਨ, ਜਿਹਨਾਂ 'ਚ ਸਭ ਤੋਂ ਵੱਡੇ ਪ੍ਰੋਫੈਸਰ (ਡਾਕਟਰ) ਰੌਣਕੀ ਰਾਮ ਜੀ ਤੇ ਉਹਨਾਂ ਤੋਂ ਛੋਟੇ ਸ੍ਰੀ ਅਸ਼ਵਨੀ ਕੁਮਾਰ ਤੋਂ ਉਹਨਾਂ ਤੋਂ ਛੋਟੇ ਸ੍ਰੀ ਭਾਰਤ ਲਾਲ ਜੋ ਆਪਣੇ ਪਿੰਡ ਸਾਹਰੀ ਦੇ ਮੌਜੂਦਾ ਨੰਬਰਦਾਰ ਹਨ। ਸਭ ਤੋਂ ਛੋਟੇ ਸ੍ਰੀ ਸ਼ਾਹ ਬਾਦਸ਼ਾਹ ਜੋ ਪਹਿਲਾਂ ਹੀ 2008 'ਚ 33 ਸਾਲ ਦੀ ਉਮਰ 'ਚ ਪ੍ਰਲੋਕ ਸਿਧਾਰ ਚੁੱਕੇ ਹਨ। ਮਾਤਾ ਸ਼ਾਂਤੀ ਦੇਵੀ ਜੀ ਦਾ ਜਨਮ ਪਾਕਿਸਤਾਨ ਦੇ ਸ਼ਹਿਰ ਲਾਇਲਪੁਰ 'ਚ 1932 ਨੂੰ ਹੋਇਆ ਤੇ ਉਥੋਂ ਹੀ ਉਹਨਾਂ ਮੈਟ੍ਰਿਕ ਪਾਸ ਕੀਤੀ 1947 ਵਿਚ। ਦੇਸ਼ ਦੀ ਵੰਡ ਸਮੇਂ ਆਪ 1947 'ਚ ਆਪਣੇ ਪੇਕੇ ਪਿੰਡ ਕਾਲੇਵਾਲ ਭਗਤਾਂ ਨੇੜੇ ਮਾਹਿਲਪੁਰ, ਜ਼ਿਲ੍ਹਾ ਹੁਸ਼ਿਆਰਪੁਰ (ਪੰਜਾਬ) ਆ ਗਏ। ਇਸ ਸਾਲ ਹੀ ਆਪ ਜੀ ਦਾ ਸ਼ੁਭ ਵਿਆਹ ਸ੍ਰੀ ਹਰਮੇਸ਼ ਲਾਲ ਨਾਲ ਹੋਇਆ। ਵਿਆਹ ਉਪਰੰਤ ਆਪ ਨੇ ਜ਼ਿੰਦਗੀ ਦਾ ਵੱਡਾ ਹਿੱਸਾ ਪਿੰਡ ਸਾਹਰੀ (ਹੁਸ਼ਿਆਰਪੁਰ) ਹੀ ਬਿਤਾਇਆ ਪਰ ਕੁਝ ਸਮਾਂ 2002 ਤੋਂ 2016 ਤੱਕ ਆਪ ਆਪਣੇ ਵੱਡੇ ਸਪੁੱਤਰ ਡਾ. ਰੌਣਕੀ ਰਾਮ ਜੀ ਪਾਸ ਚੰਡੀਗੜ੍ਹ 'ਚ ਰਹੇ।

ਮਾਤਾ ਸ਼ਾਂਤੀ ਦੇਵੀ ਜੀ ਇਕ ਬਹੁਤ ਹੀ ਧਾਰਮਿਕ ਖਿਆਲਾਂ ਦੀ ਧਾਰਨੀ ਸੀ। ਨਿੱਤਨੇਮ ਅਕਾਲ ਪੁਰਖ ਦਾ ਸਿਮਰਨ ਕਰਨਾ, ਉਹਨਾਂ ਦਾ ਪਹਿਲਾ ਨਿਯਮ ਸੀ। ਇਹੋ ਸਿੱਖਿਆ ਉਹਨਾਂ ਆਪਣੇ ਪਰਿਵਾਰ ਨੂੰ ਵੀ ਦਿੱਤੀ। ਆਪਣੇ ਪੂਜਨੀਕ ਪਤੀ ਦਾ ਦੋ ਦਹਾਕੇ ਪਹਿਲਾਂ ਪ੍ਰਲੋਕ ਸਿਧਾਰ ਜਾਣ ਦਾ ਅਸਹਿ ਸਦਮਾ ਖੁਦ ਤਾਂ ਸਹਿਆ ਪ੍ਰੰਤੂ ਬੱਚਿਆਂ ਨੂੰ ਇੰਨਾ ਮਹਿਸੂਸ ਨਾ ਹੋਣ ਦਿੱਤਾ। ਇਸ ਦੀਆਂ ਦੋ ਵਜ੍ਹਾ ਕਹੀਆਂ ਜਾ ਸਕਦੀਆਂ ਹਨ ਕਿ ਇਕ ਧਾਰਮਿਕ ਤੇ ਦਿਆਲੂ ਵਿਚਾਰਾਂ ਵਾਲੀ ਔਰਤ ਤੇ ਦੂਸਰਾ 1947 'ਚ ਹੀ ਮੈਟ੍ਰਿਕ ਪਾਸ, ਜੋ ਉਸ ਵਕਤ ਦਸਵੀਂ ਪਾਸ ਕਰਨਾ ਮਾਇਨੇ ਰੱਖਦਾ ਸੀ। ਫਿਰ ਇਕ ਔਰਤ ਤੇ ਮਾਂ ਦਾ ਪਰਿਵਾਰ ਵਿਚ ਪੜ੍ਹੇ ਹੋਣਾ, ਸੁਭਾਵਿਕ ਹੀ ਆਪਣੇ ਪਰਿਵਾਰ ਨੂੰ ਵਿੱਦਿਆ ਦੇ ਖੇਤਰ 'ਚ ਲਿਆਉਣਾ ਤੇ ਅੱਗੇ ਵਧਾਉਣਾ ਲਾਜ਼ਮੀ ਹੋ ਜਾਂਦਾ ਹੈ। ਇਹੀ ਵਜ੍ਹਾ ਹੈ ਕਿ ਅੱਜ ਇਸ ਪਰਿਵਾਰ ਦਾ ਸਮਾਜ 'ਚ ਕੀ ਦੇਸ਼-ਵਿਦੇਸ਼ 'ਚ ਨਾਂ ਹੈ।


ਮਾਤਾ ਜੀ ਆਪਣੇ ਪੋਤੇ ਸੰਦੀਪ ਕੁਮਾਰ ਨਾਲ


ਮਾਤਾ ਜੀ ਦੀ ਦੋ ਸਾਲ ਪਹਿਲਾਂ ਦੀ ਤਸਵੀਰ


ਮਾਤਾ ਜੀ ਆਪਣੀ ਨੂੰਹ ਸਰੋਜ ਰਾਣੀ ਨਾਲ

ਇਸ ਗੱਲ ਦਾ ਸਿਹਰਾ ਮਾਂ, ਮਾਤਾ ਸ਼ਾਂਤੀ ਦੇਵੀ ਜੀ ਨੂੰ ਤਾਂ ਜਾਂਦਾ ਹੀ ਹੈ, ਜਿਹਨਾਂ ਆਪਣੇ ਵੱਡੇ ਸਪੁੱਤਰ ਰੌਣਕੀ ਰਾਮ ਨੂੰ ਵੀ ਬਾਕੀ ਬੱਚਿਆਂ ਵਾਂਗ ਪੜ੍ਹਾਇਆ ਪਰ ਜੋ ਉੱਚ ਵਿਦਿਆ ਰੌਣਕੀ ਰਾਮ ਜੀ ਨੇ ਦੇਸ਼-ਵਿਦੇਸ਼ ਵਿਚ ਹਾਸਲ ਕਰਕੇ, ਦੇਸ਼-ਵਿਦੇਸ਼ 'ਚ ਪ੍ਰੋਫੈਸਰ/ਡਾਕਟਰ ਬਣ ਕੇ ਜਿੱਥੇ ਆਪਣਾ ਨਾਂ ਬਣਾਇਆ, ਉਥੇ ਉਹਨਾਂ ਆਪਣੇ ਪੂਜਨੀਕ ਮਾਤਾ-ਪਿਤਾ ਜੀ ਦਾ ਤੇ ਸਮੂਹ ਪਰਿਵਾਰ ਦਾ ਨਾਂ ਉੱਚਾ ਕੀਤਾ। ਡਾਕਟਰ ਰੌਣਕੀ ਰਾਮ ਜੀ ਦਾ ਕਹਿਣਾ ਹੈ ਕਿ ਮੈਂ ਅੱਜ ਜੋ ਵੀ ਹਾਂ, ਉਹ ਸਭ ਮੇਰੇ ਪੂਜਨੀਕ ਮਾਤਾ-ਪਿਤਾ ਦਾ ਪ੍ਰਤਾਪ ਹੈ। ਖਾਸ ਕਰਕੇ ਪਿਤਾ ਜੀ ਦੇ ਦਿਹਾਂਤ ਉਪਰੰਤ ਮੇਰੇ ਮਾਤਾ ਜੀ ਮੇਰੇ ਮਾਰਗ ਦਰਸ਼ਕ ਰਹੇ।

ਡਾਕਟਰ ਸਾਹਿਬ ਦਾ ਆਪਣਾ ਵਿੱਦਿਅਕ ਪੱਧਰ ਐਮ. ਏ., ਐਮ. ਫਿਲ, ਪੀ. ਐਚ. ਡੀ. ਹੈ। ਆਪ ਜੀ ਨੇ ਪੀ. ਐਚ. ਡੀ. ਸਵੀਡਨ ਤੋਂ ਕਰਨ ਉਪਰੰਤ ਉਪਸਾਲਾ ਯੂਨੀਵਾਸਿਟੀ ਤੋਂ ਹੋਰ ਵੀ ਵਿੱਦਿਆ ਪ੍ਰਾਪਤ ਕੀਤੀ। ਆਪ ਪੰਜਾਬ ਯੂਨੀਵਰਸਿਟੀ ਚੰਡੀਗੜ੍ਹ 'ਚ ਪ੍ਰੋਫੈਸਰ (ਪੋਲੀਟੀਕਲ ਸਾਇੰਸ) ਤੇ ਇਸ ਵਿਭਾਗ ਦੇ ਮੁਖੀ ਵੀ ਰਹਿ ਚੁੱਕੇ ਹਨ। ਆਪ ਜੀ ਨੂੰ ਯੂਨੀਵਰਸਿਟੀ ਵੱਲੋਂ ਸ਼ਹੀਦ ਭਗਤ ਸਿੰਘ ਪ੍ਰੋਫੈਸਰ ਦਾ ਰੁਤਬਾ ਹਾਸਲ ਹੈ। ਆਪ ਪੰਜਾਬ ਯੂਨੀ-ਵਰਸਿਟੀ ਚੰਡੀਗੜ੍ਹ ਟੀਚਰ ਯੂਨੀਅਨ ਦੇ ਦੋ ਵਾਰ ਪ੍ਰਧਾਨ ਵੀ ਰਹਿ ਚੁੱਕੇ ਹਨ। ਅਤੇ ਕਈ ਵਾਰ ਸੈਨੇਟ ਮੈਂਬਰ ਅਤੇ ਸਿੰਡੀਕੇਟ ਮੈਂਬਰ ਵੀ ਰਹਿ ਚੁੱਕੇ ਹਨ ਅਤੇ ਇਸ ਤੋਂ ਇਲਾਵਾ ਆਰਟਸ ਫੈਕਲਟੀ 'ਚੋਂ ਸਰਬ ਸੰਮਤੀ ਨਾਲ ਚੁਣੇ ਗਏ ਸੈਨੇਟ ਮੈਂਬਰ ਵੀ ਹਨ। ਇਕ ਨਾਮਵਰ ਸਕਾਲਰ ਵਜੋਂ ਉੱਚ ਵਿਦਿਅਕ ਤੇ ਸਮਾਜਿਕ/ਧਾਰਮਿਕ ਵਿਚਾਰ ਗੋਸ਼ਟੀਆਂ ਜਿੱਥੇ ਅਕਸਰ ਹੀ ਆਪ ਜੀ ਨੂੰ ਬੜੇ ਮਾਣ ਨਾਲ ਬੁਲਾਇਆ ਜਾਂਦਾ ਹੈ, ਉਥੇ ਆਪ ਇੰਗਲਿਸ਼/ਪੰਜਾਬੀ ਦੇ ਉੱਘੇ ਲੇਖਕ ਵਜੋਂ ਦੋ ਕਿਤਾਬਾਂ ਦੀ ਸਿਰਜਣਾ ਵੀ ਕਰ ਚੁੱਕੇ ਹਨ ਤੇ ਇਹੀ ਵਜ੍ਹਾ ਹੈ ਕਿ ਆਪ ਜੀ ਨੂੰ ਸੈਮੀਨਾਰਾਂ ਦੌਰਾਨ ਇੰਗਲੈਂਡ, ਕੈਨੇਡਾ, ਅਮਰੀਕਾ, ਸਵੀਡਨ, ਹਾਲੈਂਡ ਤੇ ਪਾਕਿਸਤਾਨ ਆਦਿ ਅਨੇਕਾਂ ਮੁਲਕਾਂ ਵਿਚ ਜਾਣ ਦੇ ਕਈ ਵਾਰ ਮੌਕੇ ਮਿਲੇ। ਆਪ ਜੀ ਦੇ ਅੰਗਰੇਜ਼ੀ/ਪੰਜਾਬੀ 'ਚ ਵਡਮੁੱਲੇ ਲੇਖ ਦੇਸ਼-ਵਿਦੇਸ਼ ਦੇ ਨਾਮਵਰ ਅਖ਼ਬਾਰਾਂ, ਮੈਗਜ਼ੀਨਾਂ 'ਚ ਛਪੇ ਤੇ ਰੇਡੀਓ/ਟੈਲੀਵਿਜ਼ਨ ਤੇ ਵਿਚਾਰ-ਗੋਸ਼ਟੀਆਂ ਕਰਨ ਦੇ ਮੌਕੇ ਅਕਸਰ ਮਿਲੇ। ਆਪ 1995 'ਚ ਪੰਜਾਬ ਯੂਨੀਵਰਸਿਟੀ ਚੰਡੀਗੜ੍ਹ ਪੜ੍ਹਾਉਣ ਤੋਂ ਪਹਿਲਾਂ ਜਵਾਹਰ ਲਾਲ ਨਹਿਰੂ ਯੂਨੀਵਰਸਿਟੀ ਦਿੱਲੀ ਤੋਂ ਪੀ ਐਚ ਡੀ ਕਰਨ ਉਪਰੰਤ ਉਸੇ ਯੂਨੀਵਰਸਿਟੀ ਵਿਚ ਤਿੰਨ ਸਾਲ ਪੜਾ ਚੁੱਕੇ ਹਨ ਅਤੇ ਇਸੇ ਹੀ ਦੌਰਾਨ ਗੋਆ ਯੂਨੀਟਰਸਿਟੀ 'ਚ ਵੀ ਕੁਝ ਸਮਾਂ ਪੜਾਇਆ। ਇਸ ਤੋਂ ਇਲਾਵਾ ਹਾਲੈਂਡ 'ਚ ਵੀ ਬਤੌਰ ਵਿਜ਼ਟਿੰਗ ਪ੍ਰੋਫੈਸਰ ਦੋ ਸਾਲ ਆਪ ਪੜ੍ਹਾ ਚੁੱਕੇ ਹਨ ਤੇ ਇਸ ਵਕਤ ਆਪ ਜਪਾਨ ਦੀ ਇਕ ਯੂਨੀਵਰਸਿਟੀ 'ਚ ਕੁਝ ਸਮੇਂ ਲਈ ਪੜ੍ਹਾ ਰਹੇ ਹਨ। ਇਹ ਸਭ ਮਾਤਾ ਸ਼ਾਂਤੀ ਦੇਵੀ ਜੀ ਦੇ ਹੋਣਹਾਰ ਲਾਲ ਡਾ. ਰੌਣਕੀ ਰਾਮ ਜੀ ਪ੍ਰਤੀ ਬਹੁਤ ਥੋੜ੍ਹੀ ਜਾਣਕਾਰੀ ਹੈ। ਡਾਕਟਰ ਸਾਹਿਬ ਅੰਬੇਦਕਰ ਟਾਈਮਜ਼ ਅਤੇ ਦੇਸ਼ ਦੁਆਬਾ ਅਦਾਰੇ ਨਾਲ ਸ਼ੁਰੂ ਹੋਣ ਤੋਂ ਪਹਿਲਾਂ 'ਅੰਬੇਦਕਰ ਟਾਈਮਜ਼ ਡਾਟ ਕਾਮ' ਨਾਲ ਇੰਗਲਿਸ਼ 'ਚ ਆਪਣੀਆਂ ਕੀਮਤੀ ਲਿਖਤਾਂ ਸਾਂਝੀਆਂ ਕਰ ਚੁੱਕੇ ਹਨ। ਅਦਾਰਾ ਉਹਨਾਂ ਦਾ ਅਤੀ ਧੰਨਵਾਦੀ ਹੈ ਤੇ ਧੰਨਵਾਦੀ ਹੈ ਉਸ ਮਾਂ ਦਾ ਜਿਸ ਨੇ ਅਜਿਹੇ ਸਪੁੱਤਰ ਨੂੰ ਜਨਮ ਦਿੱਤਾ। ਅਦਾਰਾ ਇਸ ਦੁੱਖ ਦੀ ਘੜੀ ਵਿਚ ਡਾ. ਸਾਹਿਬ ਤੇ ਉਹਨਾਂ ਦੇ ਸਮੂਹ ਪਰਿਵਾਰ ਨਾਲ ਹਰ ਤਰ੍ਹਾਂ ਨਾਲ, ਨਾਲ ਖੜ੍ਹਾ ਹੈ ਤੇ ਵਿੱਛੜੀ ਰੂਹ ਨੂੰ ਬਹੁਤ ਹੀ ਆਦਰ ਸਹਿਤ ਨਿੱਘੀ ਸ਼ਰਧਾਂਜਲੀ ਭੇਂਟ ਕਰਦਾ ਹੈ। ਅੰਤ 'ਚ ਮੈਂ ਕਹਿਣੋਂ ਨਹੀਂ ਰਹਿ ਸਕਦਾ ਕਿ ਮੈਂ ਕਿੰਨਾ ਖੁਸ਼ਕਿਸਮਤ ਹਾਂ ਕਿ ਮੈਂ ਮਾਤਾ ਜੀ ਨੂੰ ਪਹਿਲੀ ਤੇ ਆਖਰੀ ਵਾਰ 8 ਨਵੰਬਰ 2014 ਨੂੰ ਡਾਕਟਰ ਸਾਹਿਬ ਅਤੇ ਉਹਨਾਂ ਦੇ ਸਮੂਹ ਪਰਿਵਾਰ ਸਮੇਤ ਉਹਨਾਂ ਦੇ ਚੰਡੀਗੜ੍ਹ ਨਿਵਾਸ ਵਿਖੇ ਮਿਲਿਆ ਤੇ ਕੁਝ ਸਿੱਖਿਆਦਾਇਕ ਗੱਲਾਂ-ਬਾਤਾਂ ਦਾ ਨਿੱਘ ਮਾਣਿਆ ਤੇ ਜੋ ਅੱਜ ਵੀ ਯਾਦ ਹਨ ਤੇ ਯਾਦ ਰਹਿਣਗੀਆਂ। ਇਹੀ ਵਜ੍ਹਾ ਹੈ ਕਿ ਜਦ ਵੀ ਡਾਕਟਰ ਸਾਹਿਬ ਨਾਲ ਫੋਨ 'ਤੇ ਗੱਲ ਹੁੰਦੀ ਹੈ ਤਾਂ ਪਹਿਲਾਂ ਮਾਤਾ ਜੀ ਦੀ ਸਿਹਤ ਬਾਰੇ ਪੁੱਛਦਾ। ਹੁਣ ਜਦੋਂ ਆਖਰੀ ਫੋਨ ਕਾਲ ਮੈਂ ਡਾਕਟਰ ਸਾਹਿਬ ਨੂੰ 12 ਨਵੰਬਰ ਨੂੰ ਕੀਤੀ ਤਾਂ ਮਾਤਾ ਜੀ ਦਾ ਹਾਲ ਪੁੱਛਣ ਤੋਂ ਪਹਿਲਾਂ ਹੀ ਵਟਸ-ਅਪ ਮੈਸਿਜ ਵੀ ਮਿਲ ਗਿਆ ਕਿ ਮਾਤਾ ਜੀ ਨਹੀਂ ਰਹੇ। ਠੀਕ ਹੈ ਮਾਤਾ ਜੀ ਨਹੀਂ ਰਹੇ ਪਰ ਉਹਨਾਂ ਦੇ ਵਿਚਾਰ ਹਮੇਸ਼ਾ ਯਾਦ ਰਹਿਣਗੇ।

**- ਪ੍ਰੇਮ ਕੁਮਾਰ ਚੁੰਬਰ**
**(1-916-947-8920)**

# ਸ੍ਰੀ ਗੁਰੂ ਰਵਿਦਾਸ ਟੈਂਪਲ ਯੂਬਾ ਸਿਟੀ ਵਿਖੇ ਸਤਿਗੁਰੂ ਸੈਣ ਜੀ ਮਹਾਰਾਜ ਦਾ ਪ੍ਰਕਾਸ਼ ਦਿਹਾੜਾ ਮਨਾਇਆ















**ਯੂਬਾ ਸਿਟੀ-** ਸ੍ਰੀ ਗੁਰੂ ਰਵਿਦਾਸ ਟੈਂਪਲ ਯੂਬਾ ਸਿਟੀ ਵਿਖੇ ਬੀਤੀ 13 ਨਵੰਬਰ ਸਤਿਗੁਰੂ ਸੈਣ ਜੀ ਮਹਾਰਾਜ ਦਾ ਪ੍ਰਕਾਸ਼ ਦਿਹਾੜਾ ਮਨਾਇਆ ਗਿਆ, ਜਿਸ ਵਿਚ 11 ਨਵੰਬਰ ਦਿਨ ਸ਼ੁੱਕਰਵਾਰ ਨੂੰ ਗੁਰੂ ਘਰ ਵਿਖੇ ਸ੍ਰੀ ਅਖੰਡ ਪਾਠ ਸਾਹਿਬ ਪ੍ਰਾਰੰਭ ਕੀਤੇ ਗਏ ਅਤੇ 13 ਨਵੰਬਰ ਦਿਨ ਐਤਵਾਰ ਨੂੰ ਸ੍ਰੀ ਅਖੰਡ ਪਾਠ ਸਾਹਿਬ ਦੇ ਭੋਗ ਪਾਏ ਗਏ। ਉਪਰੰਤ ਗੁਰੂ ਘਰ ਦੇ ਹੈਡ ਗ੍ਰੰਥੀ ਭਾਈ ਪ੍ਰਿਤਪਾਲ ਸਿੰਘ ਜੀ ਨੇ ਗੁਰਬਾਣੀ ਕੀਰਤਨ ਦੁਆਰਾ ਸੰਗਤਾਂ ਨੂੰ ਨਿਹਾਲ ਕੀਤਾ।

ਇਹਨਾਂ ਸਮਾਗਮਾਂ ਵਿਚ ਸ੍ਰੀ ਵਿਜੈ ਕੁਮਾਰ ਭਾ-ਗੀਰਥ, ਸ੍ਰੀ ਰਕੇਸ਼ ਕੁਮਾਰ ਭਾਰਦਵਾਜ, ਸ੍ਰੀ ਸੁਰਿੰਦਰ ਕੁਮਾਰ ਭਾਰਦਵਾਜ, ਸ੍ਰੀ ਮੋਹਨ ਲਾਲ ਕੈਰਮ, ਸ੍ਰੀ ਸੁਸ਼ੀਲ ਕੁਮਾਰ ਕੈਰਮ ਜੀ ਵੱਲੋਂ ਲੰਗਰਾਂ ਦੀ ਸੇਵਾ ਕੀਤੀ ਗਈ ਅਤੇ ਪ੍ਰਬੰਧਕ ਕਮੇਟੀ ਵੱਲੋਂ ਸਾਰੇ ਸੇਵਾਦਾਰਾਂ ਨੂੰ ਸਿਰੋਪਾਓ ਬਖਸ਼ਿਸ਼ ਕੀਤੇ ਗਏ।

ਸ੍ਰੀ ਰਾਮ ਮੂਰਤੀ ਡੇਵਿਡ, ਸ੍ਰੀ ਰਣਜੀਤ ਦੁਸਾਂਝ, ਡਾ. ਚੰਦਰ ਕਾਂਤ, ਸ੍ਰੀ ਅਸ਼ੋਕ ਕੁਮਾਰ ਬਾਸੀ, ਸ੍ਰੀ ਪ੍ਰਦੀਪ ਕੁਮਾਰ ਭਾਰਦਵਾਜ, ਬੀਬੀ ਸੋਨੀਕਾ ਭਾਰਦਵਾਜ ਜੀਨੂੰ ਪਹਿਲੀ ਵਾਰ ਭਾਰਤ ਤੋਂ ਅਮਰੀਕਾ ਆਉਣ ਦੀ ਖੁਸ਼ੀ ਵਿਚ ਪ੍ਰਬੰਧਕ ਕਮੇਟੀ ਵੱਲੋਂ ਸਿਰੋਪਾਓ ਬਖਸ਼ਿਸ਼ ਕੀਤੇ ਗਏ।

ਸ੍ਰੀ ਰਾਮ ਸੇਵਕ ਭਾਟੀਆ ਜੀ ਨੇ ਸਟੇਜ ਸਕੱਤਰ ਦੀ ਸੇਵਾ ਨਿਭਾਉਂਦੇ ਹੋਏ ਸਤਿਗੁਰੂ ਸੈਣ ਜੀ ਮਹਾਰਾਜ ਜੀ ਦੇ ਜੀਵਨ ਬਾਰੇ ਸੰਗਤਾਂ ਨੂੰ ਦੱਸਿਆ। ਸ੍ਰੀ ਸ਼ਾਮ ਪਾਲ ਜੀ ਨੇ ਵੀ ਆਪਣੀਆਂ ਕਵਿਤਾਵਾਂ ਦੁਆਰਾ ਸੰਗਤਾਂ ਵਿਚ ਆਪਣੀ ਹਾਜ਼ਰੀ ਲਗਵਾਈ।

ਇਹਨਾਂ ਸਮਾਗਮਾਂ ਵਿਚ ਤਿੰਨੇ ਦਿਨ ਗੁਰੂ ਕੇ ਲੰਗਰ ਅਤੁੱਟ ਵਰਤਾਏ ਗਏ। ਅੰਤ ਵਿਚ ਗੁਰੂ ਘਰ ਦੇ ਪ੍ਰਧਾਨ ਸ੍ਰੀ ਸ਼ਿੰਗਾਰਾ ਸਿੰਘ ਰੱਲ੍ਹ ਜੀ ਨੇ ਆਈਆਂ ਸੰਗਤਾਂ ਦਾ ਧੰਨਵਾਦ ਕੀਤਾ।

ਸੁਣੀ ਪੁਕਾਰ ਦਾਤਾਰ ਪ੍ਰਭ ਗੁਰ ਨਾਨਕ ਜਗ ਮਾਹਿ ਪਠਾਯਾ।।
ਚਰਨ ਧੋਇ ਰਹਿਰਾਸ ਕਰ ਚਰਨਮ੍ਰਿਤ ਸਿੱਖਾਂ ਪੀਲਾਯਾ।।



Mrs. Swaran Kaur Virdi W/O Late Sh. Jarnail Virdi
With her son Mr. Pawan Virdi & daughter-in-law
Mrs. Sunita Virdi and grandson & grand daughters

ਸਤਿਗੁਰ ਨਾਨਕ ਪ੍ਰਗਟਿਆ ਮਿਟੀ ਧੁੰਦ ਜੱਗ ਚਾਨਣ ਹੋਇਆ



## ਪਹਿਲੀ ਪਾਤਸ਼ਾਹੀ ਸ੍ਰੀ ਗੁਰੂ ਨਾਨਕ ਦੇਵ ਜੀ ਦੇ ਪ੍ਰਕਾਸ਼ ਦਿਹਾੜੇ ਦੀਆਂ ਸਮੂਹ ਲੋਕਾਈ ਨੂੰ ਲੱਖ ਲੱਖ ਵਧਾਈਆਂ

ਵੱਲੋਂ **ਸਵਰਨ ਕੌਰ ਵਿਰਦੀ**

**ਸੁਪਤਨੀ ਸਵਰਗਵਾਸੀ ਸ੍ਰੀ ਜਰਨੈਲ ਵਿਰਦੀ**

**ਸਮੂਹ ਵਿਰਦੀ ਪਰਿਵਾਰ**



# KB USED AUTO SALES



**8655 B Monterey Street Gilroy, CA 95020**

Kashmiri Bhatia,
Dealer/Broker
408-848-2365

50% OFF WARRANTY
with Qualifying Car Purchase

IN HOUSE
FINANCING AVALIABLE
www. kbusedautosales.com

**ਅਸੀਂ ਖਰੀਦਦਾਰਾਂ ਨੂੰ ਆਸਾਨ ਕਿਸ਼ਤਾਂ ਤੇ ਲੋਨ ਲਈ ਮਦਦ ਕਰਦੇ ਹਾਂ**



Kashmiri Bhatia & his wife

# K&K AUTO REPAIR and Car Wash

63 Muckelemi St
San Juan Bautista 95045

Kashmiri Bhatia (Owner)
831-623-4702

20% OFF LABOUR
on your next qualifying service

Car Care You Can Trust

# ਪਦਾਰਥਵਾਦੀ ਸੋਚ ਨੇ ਮਾਨਵੀ ਕਦਰਾਂ-ਕੀਮਤਾਂ ਤੇ ਇਨਸਾਨੀਅਤ ਨੂੰ ਕੀਤਾ ਲੀਰੋ-ਲੀਰ



ਪ੍ਰੋ: ਐਚ.ਐਲ.ਕਪੂਰ
001- 916- 587-4002

ਪਦਾਰਥਾਂ ਦਾ ਸੰਗ੍ਰਹਿ ਕਰਨ ਦੀ ਪ੍ਰਵਿਰਤੀ, ਪ੍ਰਕਿਰਤੀ ਦੇ ਹਰ ਜੀਵ-ਜੰਤੂ 'ਚ ਕੁਦਰਤੀ ਹੁੰਦੀ ਹੈ। ਹਰ ਪ੍ਰਾਣੀ ਚਾਹੇ ਉਹ ਇਨਸਾਨ ਹੈ ਜਾਂ ਹੈਵਾਨ ਉਹ ਆਪਣਾ ਘਰ ਵੀ ਬਣਾਉਂਦਾ ਹੈ ਅਤੇ ਆਪਣੇ ਖਾਣ-ਪੀਣ ਲਈ ਰੋਜ਼ਾਨਾ ਅਨਾਜ ਤੇ ਹੋਰ ਆਪਣੀ ਵਰਤੋਂ ਲਈ ਵਸਤਾਂ ਇਕੱਤਰ ਕਰਦਾ ਹੈ ਤੇ ਮੁਸੀਬਤ ਦੇ ਦਿਨਾਂ 'ਚ ਖਾਣ ਲਈ ਵੀ ਪਦਾਰਥ ਇਕੱਤਰ ਕਰਦਾ ਹੈ। ਇਕ ਛੋਟੀ ਜਿਹੀ ਕੀੜੀ ਹੀ ਦੇਖ ਲਓ, ਉਹ ਵੀ ਮੁਸੀਬਤ ਦੇ ਦਿਨਾਂ ਲਈ ਭਾਵ ਜਦੋਂ ਬਰਸਾਤ ਹੁੰਦੀ ਹੈ, ਆਪਣੀਆਂ ਖੁੱਡਾਂ 'ਚ ਜਾਂ ਭੌਣਾਂ 'ਤੇ ਖਾਣ-ਪੀਣ ਦਾ ਸਮਾਨ ਇਕੱਤਰ ਕਰਦੀ ਹੈ। ਸ਼ਾਇਦ ਮਨੁੱਖ 'ਚ ਵੀ ਇਹ ਪ੍ਰਵਿਰਤੀ ਇਸ ਤਰ੍ਹਾਂ ਦੇ ਜੀਵਾਂ ਵੱਲ ਦੇਖ ਕੇ ਹੀ ਵਿਕਸਤ ਹੋਈ ਹੋਵੇ ਕਿ ਉਹ ਵੀ ਆਪਣੇ ਲਈ ਅਨਾਜ ਤੇ ਹੋਰ ਜ਼ਰੂਰਤ ਦੀਆਂ ਵਸਤਾਂ ਇਕੱਤਰ ਕਰਕੇ ਰੱਖੇ। ਮਨੁੱਖ ਜਦੋਂ ਆਪਣਾ ਨਿਵਾਸ ਜੰਗਲ 'ਚ ਕਰਦਾ ਸੀ, ਉਦੋਂ ਸਿਰਫ਼ ਉਹ ਆਪਣੇ ਲਈ ਖਾਣ-ਪੀਣ ਤੇ ਆਪਣੇ ਸਰੀਰ ਨੂੰ ਗਰਮੀ-ਸਰਦੀ ਤੋਂ ਬਚਾਉਣ ਲਈ ਤਨ 'ਤੇ ਪੱਤਿਆਂ ਆਦਿ ਦੀ ਵਰਤੋਂ ਕਰਦਾ ਸੀ। ਪਹਾੜਾਂ ਦੀਆਂ ਗੁਫਾਵਾਂ 'ਚ ਰਹਿੰਦਾ ਸੀ, ਕਿਸੇ ਕੁਦਰਤੀ ਸਰੋਤ ਤੋਂ ਪਾਣੀ ਪੀਂਦਾ ਸੀ ਤੇ ਆਪਣੇ ਲਈ ਤੇ ਆਪਦੇ ਬੱਚਿਆਂ ਲਈ ਉਹ ਆਪਣੀ ਗੁਫਾ 'ਚ ਜੰਗਲ 'ਚੋਂ ਜੰਗਲੀ ਫਲਾਂ ਤੇ ਹੋਰ ਖਾਣ ਲਈ ਘਾਹ-ਫੂਸ ਜਿਹੀਆਂ ਉਪਲਬਧ ਵਸਤਾਂ ਇਕੱਤਰ ਕਰਨ ਤੱਕ ਹੀ ਸੀਮਤ ਸੀ। ਪਰ ਜਿਉਂ-ਜਿਉਂ ਉਹ ਸੱਭਿਅਤਾ ਦੇ ਵਿਕਾਸ ਵੱਲ ਵਧਦਾ ਗਿਆ, ਉਸ ਦੀ ਪਦਾਰਥਵਾਦ ਵੱਲ ਲਾਲਸਾ 'ਤੇ ਜ਼ਰੂਰਤ ਵਧਦੀ ਗਈ ਤੇ ਵਿਗਿਆਨਕ ਤਰੱਕੀ ਦੇ ਦੌਰ ਤੱਕ ਪਹੁੰਚਦਿਆਂ-ਪਹੁੰਚਦਿਆਂ ਉਸ ਦੀ ਇਹ ਲਾਲਸਾ ਸਾਰੇ ਸੰਸਾਰ ਦੀਆਂ ਵਸਤਾਂ ਤੇ ਧੰਨ ਇਕੱਤਰ ਕਰਨ ਦੀ ਚਰਮ ਸੀਮਾ 'ਤੇ ਪਹੁੰਚ ਗਈ ਤੇ ਉਹ ਆਪਣੇ ਅੰਦਰ ਇਨਸਾਨੀਅਤ ਤੇ ਮਾਨਵਵਾਦੀ ਗੁਣਾਂ ਨੂੰ ਭੁੱਲ ਗਿਆ ਹੈ।

ਅਜੋਕੇ ਪਦਾਰਥਵਾਦੀ ਸਮੇਂ 'ਚ ਆਪਣਾ ਜੀਵਨ ਬਸਰ ਕਰਦਾ ਮਨੁੱਖ ਖੁਦ ਵੀ ਇਕ ਪਦਾਰਥ ਬਣ ਕੇ ਰਹਿ ਗਿਆ ਹੈ। ਇਸ ਪਦਾਰਥਵਾਦੀ ਯੁੱਗ ਨੇ ਮਨੁੱਖ 'ਚੋਂ ਇਨਸਾਨੀਅਤ ਵਰਗੇ ਮਾਨਵਵਾਦੀ ਗੁਣ ਖੋਹ ਲਏ ਹਨ। ਇਸ ਨਾਲ ਜਿੱਥੇ ਮਨੁੱਖਤਾ ਖਤਮ ਹੋ ਰਹੀ ਹੈ, ਸੰਵੇਦਨਸ਼ੀਲਤਾ ਦਾ ਨਿਘਾਰ ਹੋ ਰਿਹਾ ਹੈ ਪਰ ਇਸ ਦੇ ਨਾਲ ਇਸ ਗੱਲ ਦਾ ਵੀ ਡੱਟ ਕੇ ਪ੍ਰਚਾਰ ਕੀਤਾ ਜਾ ਰਿਹਾ ਹੈ ਕਿ ਮਾਨਵ ਧਰਤੀ 'ਤੇ ਵਿਕਾਸ ਕਰਨ ਦੇ ਨਾਲ-ਨਾਲ ਮੰਗਲ 'ਤੇ ਚੰਦਰਮਾ 'ਤੇ ਵੱਸਣ ਦੀਆਂ ਉਮੀਦਾਂ ਪਾਲ ਰਿਹਾ ਹੈ। ਮਨੁੱਖ ਦਾ ਇਸ ਤਰ੍ਹਾਂ ਦਾ ਵਿਕਾਸ ਉਸ ਸਾਹਮਣੇ ਕਈ ਤਰ੍ਹਾਂ ਦੇ ਪ੍ਰਸ਼ਨਾਂ ਨੂੰ ਵੀ ਜਨਮ ਦੇ ਰਿਹਾ ਹੈ ਕਿ ਇਹ ਵਿਕਾਸ ਮਨੁੱਖੀ ਕਦਰਾਂ-ਕੀਮਤਾਂ ਤੇ ਆਦਿ ਮਾਨਵੀ ਆਧਾਰ ਦੀ ਰੂਪ-ਰੇਖਾ ਨੂੰ ਵਿਗਾੜ ਰਿਹਾ ਹੈ? ਇਹ ਮਾਨਵ ਨੂੰ ਕਿਸ ਦਿਸ਼ਾ ਵੱਲ ਲਿਜਾ ਰਿਹਾ ਹੈ? ਅੱਜ ਦੇ ਦੌਰ 'ਚ ਮਨੁੱਖੀ ਕਦਰਾਂ-ਕੀਮਤਾਂ ਦੀ ਅਹਿਮੀਅਤ ਦਾ ਲਗਾਤਾਰ ਨਿਘਾਰ ਹੋ ਰਿਹਾ ਹੈ? ਆਪਣੇ ਆਪ 'ਚ ਬਣਿਆ ਇਹ ਆਧੁਨਿਕ ਮਾਨਵ ਪੈਸੇ ਦੀ ਦੌੜ 'ਚ ਇੰਨਾ ਗਲੀਨ ਹੈ ਕਿ ਉਹ ਸਾਰੀ ਦੁਨੀਆਂ ਦਾ ਪੈਸਾ ਇਕੱਠਾ ਕਰਨ ਦੀ ਲਾਲਸਾ ਪਾਲ਼ੀ ਜਾ ਰਿਹਾ ਹੈ? ਇਸ ਦੌੜ 'ਚ ਉਸ ਨੂੰ ਆਪਣੇ ਪਰਿਵਾਰ ਤੇ ਸਮਾਜ 'ਚ ਜੋ ਮਾਨਵ ਦੀ ਇਨਸਾਨੀਅਤ ਦੀ ਸਹਿਹੋਂਦ ਹੈ, ਉਸ ਦੀ ਕੋਈ ਪ੍ਰਵਾਹ ਨਹੀਂ? ਅਜੋਕੇ ਦੌਰ 'ਚ ਮਾਨਵ 'ਚ ਇਨਸਾਨੀਅਤ ਵਰਗੇ ਉੱਚੇ ਤੇ ਸੁੱਚੇ ਗੁਣਾਂ ਨੂੰ ਕਾਇਮ ਰੱਖਣਾ ਸਾਡੇ ਲਈ ਇਕ ਪ੍ਰਸ਼ਨ-ਚਿੰਨ੍ਹ ਬਣ ਗਿਆ ਹੈ?

ਅੱਜ ਦੇ ਵਿਗਿਆਨਕ ਯੁੱਗ 'ਚ ਮਨੁੱਖ ਲਈ ਪਦਾਰਥ ਬਹੁਤ ਅਹਿਮੀਅਤ ਰੱਖਦਾ ਹੈ। ਪਦਾਰਥ ਤੇ ਮਨੁੱਖੀ ਕਦਰਾਂ-ਕੀਮਤਾਂ ਦੋ ਅਲੱਗ-ਅਲੱਗ ਪ੍ਰਸ਼ਨ ਹਨ। ਮਨੁੱਖ ਇਹਨਾਂ ਦੋਹਾਂ ਦੇ ਦਵੰਦ 'ਚ ਫਸਿਆ ਹੋਇਆ ਹੈ ਪਰ ਇਹਨਾਂ ਦੋਹਾਂ ਗੱਲਾਂ 'ਚ ਉਸ 'ਤੇ ਪਦਾਰਥਵਾਦ ਜ਼ਿਆਦਾ ਭਾਰੂ ਹੈ। ਮਨੁੱਖ ਪਦਾਰਥ ਨੂੰ ਸਿਰਜਦਾ ਵੀ ਆਪ ਹੀ ਹੈ ਤੇ ਇਹੀ ਪਦਾਰਥ ਮਨੁੱਖੀ ਵਿਕਾਸ ਦਾ ਇਤਿਹਾਸ ਵੀ ਬਣਦਾ ਹੈ। ਆਦਿ ਮਾਨਵ ਦੇ ਇਤਿਹਾਸ ਤੋਂ ਉਸ ਦੇ ਸੱਭਿਅਕ ਮਨੁੱਖ ਬਣਨ ਤੱਕ, ਜਿੱਥੋਂ ਮਨੁੱਖੀ ਚੇਤਨਾ ਦਾ ਵਿਕਾਸ ਹੁੰਦਾ ਰਿਹਾ ਹੈ, ਉਸਦੇ ਨਾਲ-ਨਾਲ ਪਦਾਰਥਾਂ ਦਾ ਵਿਕਾਸ ਵੀ ਹੁੰਦਾ ਰਿਹਾ ਹੈ। ਮਨੁੱਖ ਨੇ ਆਪਣੇ ਜੀਵਨ ਦੀਆਂ ਵੱਖ-ਵੱਖ ਲੋੜਾਂ ਪੂਰੀਆਂ ਕਰਨ ਲਈ ਉਸ ਨੇ ਵੱਖ-ਵੱਖ ਪਦਾਰਥਾਂ ਦੀ ਖੋਜ ਕੀਤੀ, ਜਿਹੜੀਆਂ ਕਿ ਮਨੁੱਖ ਦੇ ਜੀਵਨ ਲਈ ਬਹੁਤ ਸਹਾਈ ਸਾਬਤ ਹੋਈਆਂ। ਨਵੀਆਂ-ਨਵੀਆਂ ਚੀਜ਼ਾਂ ਤੇ ਪਦਾਰਥਾਂ ਦੀਆਂ ਖੋਜਾਂ ਦੇ ਨਾਲ-ਨਾਲ ਮਨੁੱਖ ਦੀ ਬੁੱਧੀ, ਤਰਕ ਤੇ ਸਿਆਣਪਤ ਨੇ ਵੀ ਵਿਕਾਸ ਕੀਤਾ। ਇਹਨਾਂ ਸਾਰੀਆਂ ਚੀਜ਼ਾਂ ਨੇ ਮਨੁੱਖ ਦੇ ਜਿਊਣ ਢੰਗ ਨੂੰ ਬੜਾ ਆਸਾਨ ਬਣਾ ਦਿੱਤਾ। ਇਸ ਦੇ ਨਾਲ-ਨਾਲ ਮਨੁੱਖ ਦੀਆਂ ਕਦਰਾਂ-ਕੀਮਤਾਂ ਦਾ ਵਿਕਾਸ ਹੋਇਆ।

ਇਸ ਨਾਲ ਸਮਾਜ ਦਾ ਵਿਕਾਸ ਨਿਰੰਤਰ ਜਾਰੀ ਰਿਹਾ। ਸਮਾਜ 'ਚ ਦੋ ਵਿਰੋਧੀ ਧਿਰਾਂ ਗਰੀਬੀ ਤੇ ਅਮੀਰੀ 'ਚ ਹਮੇਸ਼ਾ ਸੰਘਰਸ਼ ਚੱਲਦਾ ਰਿਹਾ ਹੈ, ਇਸੇ ਵਿਰੋਧ ਦੀ ਪ੍ਰਵਿਰਤੀ ਤੇ ਸੰਘਰਸ਼ ਦੇ ਤਹਿਤ ਸਮਾਜ ਅੱਗੇ ਵਧਦਾ ਰਹਿੰਦਾ ਹੈ ਤੇ ਉਸ ਦਾ ਵਿਕਾਸ ਵੀ ਨਿਰੰਤਰ ਜਾਰੀ ਰਹਿੰਦਾ ਹੈ। ਇੱਥੇ ਹਮੇਸ਼ਾ ਇਹ ਗੱਲ ਦੇਖਣ ਵਾਲੀ ਹੁੰਦੀ ਹੈ ਕਿ ਇਹ ਵਿਕਾਸ ਕਿਸ ਦਿਸ਼ਾ ਵੱਲ ਵਧਦਾ ਹੈ ਤੇ ਵਿਕਾਸ ਕਰਦਾ ਹੈ? ਇਸੇ ਦਿਸ਼ਾ ਦੇ ਮੁਤਾਬਕ ਮਨੁੱਖੀ ਚੇਤਨਾ, ਮਾਨਵੀ ਕਦਰਾਂ-ਕੀਮਤਾਂ ਤੇ ਮਨੁੱਖੀ ਰਿਸ਼ਤੇ ਉਭਰ ਕੇ ਸਾਹਮਣੇ ਆਉਂਦੇ ਹਨ। ਅਜੋਕੇ ਦੌਰ 'ਚ ਵੀ ਕਿਰਤੀ ਤੇ ਪੂੰਜੀਪਤੀ ਵਿਚਕਾਰ ਇਹ ਸੰਘਰਸ਼ ਜਾਰੀ ਹੈ। ਇਸ ਸੰਘਰਸ਼ 'ਚ ਸਾਮਰਾਜੀ ਤਾਕਤਾਂ ਦੀ ਚੌਧਰ ਤੇ ਗਲਬੇ ਕਰਕੇ ਪੂੰਜੀ ਦਾ ਬੋਲਬਾਲਾ ਸਾਰੇ ਸੰਸਾਰ 'ਤੇ ਆਪਣਾ ਪ੍ਰਭਾਵ ਪਾ ਰਿਹਾ ਹੈ। ਅਜੋਕੇ ਦੌਰ 'ਚ ਪੂੰਜੀਵਾਦੀ ਸੋਚ ਦੇ ਮੁਕਾਬਲੇ ਕਿਰਤ ਸ਼ਕਤੀ 'ਚ ਖੜੋਤ ਆ ਗਈ ਹੈ। ਇਸ ਤਰ੍ਹਾਂ ਦੇ ਹਾਲਾਤ ਜਦੋਂ ਤੋਂ ਪੈਦਾ ਹੋਏ ਹਨ, ਮਨੁੱਖ ਦੀ ਸੋਚ ਨਿੱਜਵਾਦ ਤੇ ਸੁਆਰਥ ਵੱਲ ਵੱਧ ਗਈ ਹੈ, ਇਹੀ ਕਾਰਨ ਹੈ ਕਿ ਮਨੁੱਖ ਦੀ ਸੋਚ ਵੱਧ ਤੋਂ ਵੱਧ ਪਦਾਰਥ ਇਕੱਠਾ ਕਰਨ ਵੱਲ ਲੱਗ ਗਈ ਹੈ। ਇਸ ਤਰ੍ਹਾਂ ਦੇ ਹਾਲਾਤ 'ਚ ਪਹੁੰਚ ਕੇ ਹੀ ਮਨੁੱਖ ਦੇ ਅੰਦਰਲੇ ਮਨੁੱਖ ਦੇ ਅੰਦਰੂਨੀ ਵਿਕਾਸ ਦਾ ਨਿਘਾਰ ਹੋਣਾ ਸ਼ੁਰੂ ਹੋ ਗਿਆ ਹੈ। ਭਾਵੇਂ ਇਹ ਸਾਰਾ ਵਿਕਾਸ ਮਨੁੱਖ ਨੇ ਆਪ ਖੁਦ ਕੀਤਾ ਹੈ ਤੇ ਸੰਸਾਰ 'ਚ ਆਪਣੀ ਸੁੱਖ ਸਹੂਲਤ ਲਈ ਬੇਅੰਤ ਪਦਾਰਥ ਤਿਆਰ ਕੀਤਾ ਹੈ ਤੇ ਇਹ ਬੜੇ ਅਫਸੋਸ ਦੀ ਗੱਲ ਹੈ ਕਿ ਮਨੁੱਖ ਇਸ ਪਦਾਰਥ ਦਾ ਖੁਦ ਹੀ ਗੁਲਾਮ ਬਣ ਗਿਆ ਹੈ।

ਮਨੁੱਖ ਦੀ ਸੋਚ ਇੱਥੋਂ ਤੱਕ ਬਦਲ ਗਈ ਹੈ ਕਿ ਮਨੁੱਖ ਦੀ ਕੀਮਤ ਉਸ ਦੇ ਗੁਣਾਂ ਕਰਕੇ ਨਿਸ਼ਚਿਤ ਨਹੀਂ ਹੁੰਦੀ ਸਗੋਂ ਪੈਸਾ ਤੇ ਪਦਾਰਥ ਕਰਕੇ ਹੁੰਦੀ ਹੈ। ਮਨੁੱਖ 'ਚ ਭਾਵੇਂ ਕਿੰਨੇ ਵੀ ਗੁਣ ਹੋਣ ਉਸ ਦੀ ਕੀਮਤ ਮਾਨਵੀ ਗੁਣਾਂ ਕਰਕੇ ਨਹੀਂ ਪੈਂਦੀ ਸਗੋਂ ਇਸ ਗੱਲ 'ਤੇ ਨਿਰਭਰ ਕਰਦੀ ਹੈ ਕਿ ਉਸ ਪਾਸ ਕਿੰਨਾ ਪੈਸਾ, ਜਾਇਦਾਦ ਜਾਂ ਕੋਠੀ ਆਦਿ ਕਰਕੇ ਪੈਂਦੀ ਹੈ। ਸਮਾਜ 'ਚ ਉਸ ਵਿਅਕਤੀ ਦੀ ਕੋਈ ਪੁੱਛ-ਗਿੱਛ ਨਹੀਂ ਹੈ, ਜਿਸ ਪਾਸ ਪੈਸਾ ਨਹੀਂ ਹੈ। ਇਸ ਤਰ੍ਹਾਂ ਦਾ ਵਰਤਾਰਾ ਲਗਾਤਾਰ ਸਾਡੇ ਸਮਾਜ ਉਪਰ ਭਾਰੂ ਹੋ ਰਿਹਾ ਹੈ।

ਜੇਕਰ ਅਜਿਹੇ ਵਰਤਾਰੇ ਦੀ ਜੜ੍ਹ ਤੱਕ ਜਾ ਕੇ ਦੇਖਿਆ ਜਾਵੇ ਤਾਂ ਇਹ ਬਿਲਕੁਲ ਸਪਸ਼ਟ ਹੋ ਜਾਂਦਾ ਹੈ ਕਿ ਵਿਕਸਿਤ ਪੂੰਜੀਵਾਦੀ ਮੁਲਕਾਂ ਨੇ ਆਪਣੇ ਪਦਾਰਥ ਨੂੰ ਵੇਚਣ ਲਈ ਮੰਡੀ ਦੀ ਤਲਾਸ਼ 'ਚ ਅਜਿਹਾ ਘੜਿਆ-ਘੜਾਇਆ ਫ਼ਾਰਮੂਲਾ ਸਾਰੀ ਦੁਨੀਆਂ 'ਤੇ ਲਾਗੂ ਕੀਤਾ, ਜਿਸ ਦੇ ਤਹਿਤ ਮੀਡੀਆ ਰਾਹੀਂ ਆਪਣੀਆਂ ਵਸਤਾਂ ਦਾ ਅਜਿਹੇ ਤਰੀਕੇ ਨਾਲ ਪ੍ਰਚਾਰ ਕੀਤਾ ਕਿ ਉਹ ਲੋਕਾਂ ਦੀ ਮਾਨਸਿਕਤਾ ਨੂੰ ਗਹਿਰਾ ਟੁੰਬ ਜਾਣ। ਖਪਤਕਾਰੀ ਸੱਭਿਆਚਾਰ ਰਾਹੀਂ ਲੋਕਾਂ ਅੰਦਰ ਵਸਤਾਂ ਪ੍ਰਤੀ ਝੁਕਾਓ ਦੀ ਅਜਿਹੀ ਭਾਵਨਾ ਪੈਦਾ ਕੀਤੀ ਗਈ, ਜਿਸ ਨੇ ਮਨੁੱਖੀ ਸੋਚ ਦੀ ਪ੍ਰਵਿਰਤੀ ਨੂੰ ਪੁੱਠਾ ਗੇੜਾ ਦੇ ਦਿੱਤਾ। ਇਹਨਾਂ ਸਾਮਰਾਜੀ ਮੁਲਕਾਂ ਨੇ ਸਾਡੇ ਕੁਦਰਤੀ ਸਾਧਨਾਂ ਤੋਂ ਇਲਾਵਾ ਆਰਥਿਕ ਤੇ ਮਾਨਸਿਕ ਪੱਧਰ 'ਤੇ ਵੀ ਖ਼ੂਬ ਲੁੱਟ-ਖਸੁੱਟ ਕੀਤੀ ਹੈ। ਉਦਾਹਰਣ ਦੇ ਤੌਰ 'ਤੇ ਮਨੁੱਖ ਨੂੰ ਸੋਚ ਦੇ ਪੱਧਰ 'ਤੇ ਅਜਿਹਾ ਨਿਕੰਮਾ ਕਰ ਦਿੱਤਾ ਕਿ ਉਹ ਆਪਣੇ ਸੁਤੰਤਰ ਵਿਚਾਰਾਂ ਦੀ ਥਾਂ ਉਨ੍ਹਾਂ ਦੇ ਵਿਚਾਰਾਂ ਦਾ ਧਾਰਨੀ ਬਣ ਗਿਆ ਹੈ। ਇਸ ਦਾ, ਗੁਲਾਮ ਮਨੁੱਖ ਸੋਚਦਾ ਹੈ ਕਿ ਜੇਕਰ ਪਦਾਰਥ 'ਤੇ ਵਸਤਾਂ ਇਕੱਠੀਆਂ ਕਰਨੀਆਂ ਹਨ ਤਾਂ ਉਸ ਕੋਲ ਵੱਧ ਤੋਂ ਵੱਧ ਪੈਸਾ ਹੋਣਾ ਚਾਹੀਦਾ ਹੈ ਤੇ ਪੈਸੇ ਤੋਂ ਬਿਨਾਂ ਸਮਾਜ 'ਚ ਉਸ ਦੀ ਕੋਈ ਹੋਂਦ ਨਹੀਂ ਹੈ। ਉਹ ਇਸੇ ਚੱਕਰ 'ਚ ਫਿਰਦਾ, ਪੈਸੇ ਦੀ ਦੌੜ ਪਿੱਛੇ ਲੱਗਾ ਹੋਇਆ ਬਿਜਲਈ ਮੀਡੀਆ ਰਾਹੀਂ ਦਿਖਾਈ ਜਾ ਰਹੀ ਵਸਤਾਂ ਦੀ ਇਸ਼ਤਿਹਾਰਬਾਜ਼ੀ ਤੇ ਵੱਖੋ-ਵੱਖਰੇ ਸੀਰੀਅਲਾਂ ਤੇ ਫਿਲਮਾਂ 'ਚ ਵੱਡੇ-ਵੱਡੇ ਦਿਖਾਏ ਜਾਂਦੇ ਅਡੰਬਰ ਉਸ ਨੂੰ ਪ੍ਰਭਾਵਿਤ ਕਰ ਰਹੇ ਹਨ। ਇਸੇ ਕਰਕੇ ਹੀ ਮਨੁੱਖ ਪਦਾਰਥਵਾਦੀ ਸੋਚ ਦਾ ਧਾਰਨੀ ਬਣ ਗਿਆ ਹੈ ਤੇ ਉਸ ਨੂੰ ਮਨੁੱਖੀ ਕਦਰਾਂ-ਕੀਮਤਾਂ ਤੇ ਇਨਸਾਨੀਅਤ ਵਰਗੇ ਗੁਣ ਚੰਗੇ ਨਹੀਂ ਲੱਗਦੇ।

ਮਨੁੱਖ ਦੀ ਜੀਵਨ ਸ਼ੈਲੀ ਨੂੰ ਇਹਨਾਂ ਪਦਾਰਥਾਂ ਨੂੰ ਇਕੱਠਿਆਂ ਕਰਨ ਦੀ ਦੌੜ ਨੇ, ਬੜਾ ਪ੍ਰਭਾਵਸ਼ਾਲੀ ਕੀਤਾ ਹੈ। ਉਹ ਸਮਾਜਿਕ ਮਾਨਵੀ ਸਰੋਕਾਰਾਂ ਤੋਂ ਅਲੱਗ ਹੋ ਕੇ ਨਿੱਜਤਾ ਨਾਲ ਜੁੜ ਗਿਆ ਹੈ। ਪਦਾਰਥ ਖਰੀਦਣ ਦੀ ਇੱਛਾ ਤੇ ਪ੍ਰਸਾਰਿਤ ਕੀਤੇ ਜਾ ਰਹੇ ਮਾਇਆ ਜਾਲ ਦੇ ਲੁਭਾਣੇ ਭਰਮ-ਭੁਲੇਖਿਆਂ ਨੇ ਉਸ ਦੀ ਦਿਨ-ਰਾਤ ਦੀ ਚੈਨ ਨੂੰ ਬੇਚੈਨ ਕਰ ਦਿੱਤਾ ਹੈ। ਮਨੁੱਖ ਜਾਇਜ਼ ਜਾਂ ਨਾਜਾਇਜ਼ ਵਸੀਲੇ ਵਰਤ ਕੇ ਸੰਸਾਰ ਦੇ ਸਭ ਪਦਾਰਥਾਂ ਨੂੰ ਸਮੇਟਣ 'ਚ ਲੱਗਾ ਹੋਇਆ ਹੈ। ਪਦਾਰਥ ਦਾ ਜਿੰਨ ਉਸਨੂੰ ਅੰਦਰੋ-ਅੰਦਰੀ ਹਲੂਣ ਰਿਹਾ ਹੈ। ਉਹ ਜਿੰਨੀਆਂ ਵੱਡੀਆਂ-ਵੱਡੀਆਂ ਕੋਠੀਆਂ, ਕਾਰਾਂ ਖਰੀਦ ਕੇ ਆਪਣੀ ਹੋਂਦ ਨੂੰ ਵੱਡੇ ਬਣਾਉਣ ਦੀ ਕੋਸ਼ਿਸ਼ ਕਰ ਰਿਹਾ ਹੈ, ਉਹ, ਉਨਾ ਹੀ ਮਾਨਸਿਕ ਤੌਰ 'ਤੇ ਦੁਖੀ ਹੁੰਦਾ ਜਾ ਰਿਹਾ ਹੈ। ਪਦਾਰਥਾਂ ਦੀ ਇੰਨੀ ਬਹੁਤਾਤ ਇਕੱਠੀ ਕਰਕੇ ਆਪਣੇ ਲਈ ਖਤਰਾ ਸਹੇੜ ਰਿਹਾ ਹੈ। ਇਸ 'ਚ ਕੋਈ ਅੱਤਕਥਨੀ ਨਹੀਂ ਹੈ ਕਿ ਮਨੁੱਖ ਜਿੰਨਾ ਵੀ ਜ਼ਿਆਦਾ ਪੈਸਾ ਤੇ ਪਦਾਰਥ ਇਕੱਠਾ ਕਰ ਰਿਹਾ ਹੈ, ਉਨੀਆਂ ਹੀ ਉਸ ਦੀਆਂ ਚਿੰਤਾਵਾਂ ਤੇ ਪ੍ਰੇਸ਼ਾਨੀਆਂ ਵੱਧ ਰਹੀਆਂ ਹਨ। ਇਸ ਤਰ੍ਹਾਂ ਦੀ ਸਥਿਤੀ ਦਾ ਉਹ ਮੁਲਕ ਫਾਇਦਾ ਉਠਾ ਰਹੇ ਹਨ, ਜਿਹੜੇ ਇਸ ਪਦਾਰਥ ਨੂੰ ਵੇਚਦੇ ਹਨ। ਉਹ ਦਿਨੋ-ਦਿਨ ਅਮੀਰ ਹੋਈ ਜਾ ਰਹੇ ਹਨ। ਇਸ ਤਰ੍ਹਾਂ ਦੇ ਭੁਲੇਖਾ ਪਾਊ ਭਰਮ-ਜਾਲ ਨੂੰ ਉਹ ਮਾਨਵਤਾ ਦਾ ਵਿਕਾਸ ਦੱਸਦੇ ਹਨ। ਇੱਥੇ ਸੋਚਣ ਵਾਲੀ ਗੱਲ ਇਹ ਹੈ ਕਿ ਕਿਸ ਮਾਨਵੀ ਧਿਰ ਦਾ ਵਿਕਾਸ ਕਰ ਰਹੇ ਹਨ? ਕੀ ਇਸ ਤਰ੍ਹਾਂ ਪਦਾਰਥ ਨੂੰ ਇਕੱਠਾ ਕਰਨਾ ਵਿਕਾਸ ਕਿਹਾ ਜਾ ਸਕਦਾ ਹੈ? ਸ਼ਾਇਦ ਨਹੀਂ? ਇਸ ਨਾਲ ਮਨੁੱਖ ਦੀਆਂ ਸਮਾਜਿਕ ਕਦਰਾਂ-ਕੀਮਤਾਂ 'ਚ ਨਿਘਾਰ ਆ ਰਿਹਾ ਹੈ।

ਅਮੀਰ ਤੇ ਗਰੀਬ ਮਾਨਵ 'ਚ ਪਾੜਾ ਵੱਧ ਰਿਹਾ ਹੈ, ਮਾਨਵੀ ਰਿਸ਼ਤੇ ਤਿੜਕ ਰਹੇ ਹਨ। ਸਮਾਜ 'ਚ ਕਈ ਤਰ੍ਹਾਂ ਦੀਆਂ ਮਾਨਸਿਕ ਬਿਮਾਰੀਆਂ ਫੈਲ ਰਹੀਆਂ ਹਨ। ਮਨੁੱਖ ਦੀ ਮਨੁੱਖ ਨਾਲ ਭਾਈਚਾਰਕ ਸਾਂਝ ਖਤਮ ਹੋ ਰਹੀ ਹੈ। ਮਨੁੱਖ ਆਪਣੇ ਆਪ ਨੂੰ ਭੁੱਲੀ ਜਾ ਰਿਹਾ ਹੈ। ਅੱਜਕਲ੍ਹ ਤਾਂ ਰਿਸ਼ਤੇਦਾਰੀਆਂ ਵੀ ਪੈਸੇ ਨਾਲ ਹੀ ਜੁੜਦੀਆਂ ਹਨ। ਵਿਆਹ-ਸ਼ਾਦੀ ਸਮੇਂ ਮੁੰਡੇ-ਕੁੜੀ ਦੇ ਗੁਣਾਂ ਨੂੰ ਨਿਰਖਣ-ਪਰਖਣ ਦੀ ਥਾਂ ਪੈਸਾ ਹੀ ਸਭ ਰਿਸ਼ਤੇ ਤਹਿ ਕਰਦਾ ਹੈ? ਪੈਸੇ ਦੇ ਲੈਣ-ਦੇਣ 'ਤੇ ਗੱਲ ਮੁੱਕਦੀ ਹੈ। ਇਸ ਤਰ੍ਹਾਂ ਦਾ ਚਲਨ ਸਮਾਜ ਦੇ ਹਰ ਵਰਗ 'ਚ ਦੇਖਿਆ ਜਾ ਸਕਦਾ ਹੈ। ਪੜ੍ਹਿਆ-ਲਿਖਿਆ ਵਰਗ ਨੌਕਰੀ ਲਈ ਦਰ-ਦਰ ਦੇ ਧੱਕੇ ਖਾ ਰਿਹਾ ਹੈ, ਕਿਤੇ ਨੌਕਰੀ ਜਾਂ ਰੁਜ਼ਗਾਰ ਨਹੀਂ ਮਿਲਦਾ। ਨੌਕਰੀਆਂ ਲੈਣ ਲਈ ਰਿਸ਼ਵਤ ਦੇਣੀ ਪੈਂਦੀ ਹੈ ਜਾਂ ਸਿਫਾਰਸ਼ ਕੰਮ ਆਉਂਦੀ ਹੈ। ਲੋਕਾਂ ਨੇ ਭ੍ਰਿਸ਼ਟਾਚਾਰ ਨੂੰ ਵਿਉਪਾਰ ਬਣਾ ਲਿਆ ਹੈ। ਮਨੁੱਖ 'ਚੋਂ ਇਨਸਾਨੀਅਤ ਦਾ ਖਾਤਮਾ ਹੋ ਰਿਹਾ ਹੈ ਤੇ ਹੈਵਾਨੀਅਤ ਦਾ ਚਾਰ-ਚੁਫੇਰੇ ਫੈਲਅ ਹੋ ਰਿਹਾ ਹੈ। ਸਮਾਜ 'ਚ ਹਿੰਸਕ ਘਟਨਾਵਾਂ ਵੱਧ ਰਹੀਆਂ ਹਨ, ਗੁੰਡਾਗਰਦੀ ਦਾ ਨਾਚ ਦਿਨ-ਦਿਹਾੜੇ ਹੁੰਦਾ ਹੈ। ਇਸ ਗੁੰਡਾਗਰਦੀ ਨੂੰ ਰਾਜਨੀਤਿਕ ਪਨਾਹ ਮਿਲੀ ਹੋਈ ਹੈ। ਇਸ ਉਕਤ ਵਰਤਾਰੇ ਦਾ ਅਸਰ ਸਾਨੂੰ ਸਾਡੇ ਬੱਚਿਆਂ 'ਤੇ ਸਾਫ ਨਜ਼ਰ ਆਉਂਦਾ ਹੈ। ਉਹਨਾਂ 'ਚ ਆਪਣੇ ਮਾਤਾ-ਪਿਤਾ, ਭੈਣ-ਭਰਾਵਾਂ ਤੇ ਰਿਸ਼ਤੇਦਾਰਾਂ 'ਚ ਪਿਆਰ-ਮੁਹਬਤ ਦੀ ਭਾਵਨਾ ਘਟਦੀ ਜਾ ਰਹੀ ਹੈ ਤੇ ਨਿੱਜਤਾ ਤੇ ਰਾਤੋ-ਰਾਤ ਅਮੀਰ ਬਣਨ ਦੀ ਇੱਛਾ, ਬਿਨਾਂ ਮਿਹਨਤ ਕੀਤਿਆਂ ਵੱਧ ਰਹੀ ਹੈ। ਵੱਡੀਆਂ-ਵੱਡੀਆਂ ਕੋਠੀਆਂ ਤੇ ਮਕਾਨਾਂ 'ਚ ਮਾਤਾ-ਪਿਤਾ ਆਪਣੇ ਬੱਚਿਆਂ ਦੇ ਕਮਰਿਆਂ ਨੂੰ ਆਲੀਸ਼ਾਨ ਵਸਤਾਂ ਨਾ ਸਜਾਉਂਦੇ ਹਨ ਤੇ ਇਸ ਸਜਾਵਟ 'ਤੇ ਉਹ ਫਖਰ ਮਹਿਸੂਸ ਕਰਦੇ ਹਨ। ਉਹ ਮਾਪੇ ਬੱਚਿਆਂ ਨੂੰ ਰਿਸ਼ਤਿਆਂ ਦੀ ਸਾਂਝ ਨਹੀਂ ਸਮਝਾਉਂਦੇ ਸਗੋਂ ਉਹ ਉਹਨਾਂ ਨੂੰ ਨਿੱਜਤਾ ਤੇ ਸਵੈ-ਕੇਂਦਰਤਾ ਵੱਲ ਧੱਕ ਰਹੇ ਹਨ।

ਇਹੀ ਕਾਰਨ ਹੈ ਕਿ ਬੱਚੇ ਮਾਤਾ-ਪਿਤਾ ਤੋਂ ਅਲੱਗ ਰਹਿ ਕੇ ਕਈ ਗਲਤ ਆਦਤਾਂ ਦੇ ਸ਼ਿਕਾਰ ਹੋ ਜਾਂਦੇ ਹਨ ਤੇ ਉਹ ਸਮਾਜ ਦੀ ਮੁੱਖ ਧਾਰਾ 'ਚ ਸਥਾਪਿਤ ਨਹੀਂ ਹੁੰਦੇ ਤੇ ਆਪਣਾ ਜੀਵਨ ਤਬਾਹ ਕਰ ਲੈਂਦੇ ਹਨ।

ਸੰਸਾਰ ਦੀ ਆਬਾਦੀ ਵਧਣ ਨਾਲ ਵਿਉਪਾਰਕ ਕੰਪਨੀਆਂ ਨੂੰ ਇਕ ਵੱਡੀ ਮੰਡੀ ਪ੍ਰਾਪਤ ਹੋ ਗਈ ਹੈ। ਮਨੁੱਖ ਨੂੰ ਬਾਜ਼ਾਰ ਜਾ ਕੇ ਪਦਾਰਥ ਖਰੀਦਣ ਦੀ ਲੋੜ ਵੀ ਖਤਮ ਹੁੰਦੀ ਜਾ ਰਹੀ ਹੈ। ਕੰਪਨੀਆਂ ਪਦਾਰਥ ਖੁਦ ਤੁਹਾਡੇ ਬੈੱਡਰੂਮ ਤੱਕ ਪਹੁੰਚਾ ਦਿੰਦੀਆਂ ਹਨ। ਬਿਜਲਈ ਮੀਡੀਆ ਤੇ ਪ੍ਰਚਾਰ ਕਰਕੇ ਉਹਨਾਂ ਨੇ ਮਨੁੱਖੀ ਭਾਵਨਾਵਾਂ ਨਾਲ ਅਜਿਹੀ ਸਾਂਝ-ਭਿਆਲੀ ਪਾਈ ਹੈ ਕਿ ਮਨੁੱਖ-ਮਨੁੱਖ ਦੀਆਂ ਭਾਵਨਾਵਾਂ ਨੂੰ ਵਿਸਾਰ ਰਿਹਾ ਹੈ। ਮਨੁੱਖ ਵਿਚ ਸਿਰਫ਼ ਪੈਸੇ ਤੇ ਪਦਾਰਥ ਨਾਲ ਕਦਰ ਰਹਿ ਗਈ ਹੈ। ਅੱਜ ਦਾ ਮਨੁੱਖ ਆਪਣੇ ਪਿਛਲੇ ਸਾਂਝੀਵਾਲਤਾ ਤੇ ਇਨਸਾਨੀਅਤ ਦੇ ਪਿਆਰ ਨੂੰ ਭੁੱਲਦਾ ਜਾ ਰਿਹਾ ਹੈ, ਜਿਸ ਇਤਿਹਾਸ ਨੇ ਉਸ ਨੂੰ ਇਹਨਾਂ ਮਨੁੱਖੀ ਕਦਰਾਂ ਕੀਮਤਾਂ ਦੀ ਯਥਾਰਥਿਕਤਾ ਨੂੰ ਬਣਾਈ ਰੱਖਣ ਲਈ ਸੰਘਰਸ਼ ਕਰਨ ਦੀ ਪ੍ਰੇਰਨਾ ਦਿੱਤੀ ਸੀ।

ਮਨੁੱਖ ਦੀ ਆਤਮਾ ਤੇ ਚੇਤਨਾ ਨੂੰ ਲੱਗਿਆ, ਇਹ ਪਦਾਰਥਵਾਦ ਦਾ ਖੋਰਾ ਸਮਾਜ ਦੇ ਲੋਕ ਬਹੁ-ਪੱਖੀ ਵਿਕਾਸ ਲਈ ਮਾਰੂ ਸਿੱਧ ਹੋ ਰਿਹਾ ਹੈ, ਕਿਉਂਕਿ ਲੱਗਦਾ ਹੈ ਕਿ ਇਸ ਵਿਰੁੱਧ ਲਾਮਬੰਦ ਹੋਣ ਦੀ ਉਸ 'ਚ ਸਮਰੱਥਾ ਸ਼ਾਇਦ ਨਹੀਂ ਹੈ ਤੇ ਉਹ ਆਪਣੀ ਨਿੱਜਤਾ 'ਚ ਹੀ ਸਿਮਟ ਕੇ ਰਹਿ ਗਿਆ ਹੈ। ਜੋ ਲੋਕ ਆਪਣੀ ਨਿੱਜਤਾ ਨੂੰ ਛੱਡ ਕੇ ਇਸ ਵਿਰੁੱਧ ਸੰਘਰਸ਼ ਕਰਨਾ ਚਾਹੁੰਦੇ ਹਨ, ਸਮਾਜ ਉਹਨਾਂ ਨੂੰ ਮੂਰਖ ਲੋਕ ਆਖਦਾ ਹੈ ਪਰ ਜਦਕਿ ਇਸ ਗੱਲ ਦੀ ਬਹੁਤ ਜ਼ਰੂਰਤ ਹੈ ਕਿ ਮਨੁੱਖ ਨੂੰ ਇਸ ਪਦਾਰਥਵਾਦ ਦੇ ਅਖੌਤੀ ਮੋਹ ਤੋਂ ਛੁਟਕਾਰਾ ਦੁਆ ਕੇ ਤੇ ਮਨੁੱਖ ਨੂੰ ਜਾਗਰਿਤ ਕਰਕੇ ਇਨਸਾਨੀਅਤ ਦੇ ਗੁਣਾਂ ਨਾਲ ਜੋੜ ਕੇ ਸਮਾਜਿਕ ਕਰਦਾਂ-ਕੀਮਤਾਂ ਨੂੰ ਮੁੜ ਬਹਾਲ ਕਰਨ ਦੀ ਲੋੜ ਹੈ।

ਮਨੁੱਖ 'ਤੇ ਜਿੰਨਾ ਲੋਕ ਵਿਰੋਧੀ ਮੀਡੀਏ ਨਾਲ ਪ੍ਰਭਾਵ ਪਾਇਆ ਜਾ ਰਿਹਾ ਹੈ, ਅਜੋਕੇ ਸਮੇਂ 'ਚ ਇਸ ਵਿਰੁੱਧ ਸੰਘਰਸ਼ ਵਿੱਢਣ ਦੀ ਲੋੜ ਹੈ। ਇਸ ਲੋਕ ਵਿਰੋਧੀ ਮੀਡੀਆ ਨੂੰ ਠੱਲ੍ਹ ਪਾਉਣ ਲਈ, ਠੋਸ ਕਦਮ ਚੁੱਕਣ ਦੀ ਲੋੜ ਹੈ। ਮਾਨਵਤਾ ਉਪਰ ਪੈ ਰਹੇ ਮਾਰੂ ਪਦਾਰਥਵਾਦ ਦੇ ਪ੍ਰਭਾਵ ਨੂੰ ਖਤਮ ਕਰਕੇ ਮਨੁੱਖ ਦੇ ਅੰਦਰਲੇ ਮਨੁੱਖ ਨੂੰ ਜਗਾਉਣ ਦੀ ਸਖ਼ਤ ਲੋੜ ਹੈ। ਸਕੂਲ ਤੇ ਕਾਲਜ ਅਧਿਆਪਕ, ਵਿਦਿਆਰਥੀਆਂ 'ਚ ਇਨਸਾਨੀਅਤ ਦੇ ਗੁਣ ਪੈਦਾ ਕਰਨ ਲਈ ਵੱਧ ਤੋਂ ਵੱਧ ਯਤਨ ਕਰਨ। ਇਹ ਵਿਦਿਆਰਥੀ ਹੀ ਸਾਡੇ ਸਮਾਜ ਦਾ ਭਵਿੱਖ 'ਚ ਮਾਨਵਵਾਦੀ ਸਾਰਥਿਕ ਵਿਕਾਸ ਕਰਦੇ ਹਨ। ਇਸ ਲਈ ਇਹਨਾਂ 'ਚ ਇਹ ਭਾਵਨਾ ਜਾਗਰਿਤ ਕਰਨ ਦੀ ਸਖ਼ਤ ਲੋੜ ਹੈ ਤਾਂ ਜੋ ਸਾਡੇ ਸਮਾਜ ਦਾ ਵਿਕਾਸ ਹੋ ਸਕੇ।

# ਨਿਧੜਕ ਤੇ ਨਰੋਈ ਕਲਮ ਵਾਲਾ ਪੱਤਰਕਾਰ ਸੰਜੀਵ ਭਨੋਟ, ਮੁਕੰਦਪੁਰ






ਪੰਮੀ ਲਾਲੋ ਮਜਾਰਾ
91-95011-43755

ਪੱਤਰਕਾਰਤਾ ਦੇ ਖੇਤਰ ਨਾਲ ਜੁੜੇ ਸਖਸ਼ ਸੰਜੀਵ ਭਨੋਟ ਨਾ ਪੀਲੇ ਰੰਗ ਦੀ ਪੱਤਰਕਾਰੀ ਕਰਦਾ ਹੈ ਅਤੇ ਨਾ ਹੀ ਲਾਲ-ਨੀਲੇਰੰਗ ਦੀ। ਜ਼ਿਲ੍ਹਾ ਸ਼ਹੀਦ ਭਗਤ ਸਿੰਘ ਨਗਰ ਦੇ ਕਸਬਾ ਮੁਕੰਦਪੁਰ ਦਾ ਜੰਮਪਲ ਤੇ 10 ਅਪ੍ਰੈਲ 1970 ਨੂੰ ਜਨਮਿਆ ਸੰਜੀਵ ਪੱਤਰਕਾਰ ਵੀ ਸੰਜੀਵਨੀ ਬੂਟੀ ਵਰਗੀ ਹੀ ਕਰਦਾ ਹੈ। ਅੱਜ ਦੀ ਆਵਾਜ਼ ਤੋਂ ਲੈ ਕੇ ਦੈਨਿਕ ਜਾਗਰਣ, ਦੈਨਿਕ ਭਾਸਕਰ ਤੇ ਦੇਸ਼-ਵਿਦੇਸ਼ ਟਾਇਮਜ਼ ਕੈਨੇਡਾ ਤੱਕ ਨੂੰ ਆਪਣੀ ਕਲਮ ਦੀਆਂ ਸੇਵਾਵਾਂ ਦੇ ਚੁੱਕਾ ਹੈ ਤੇ ਹੁਣ ਉਹ ਪਿਛਲੇ 5 ਸਾਲ ਤੋਂ ਕਸਬਾ ਮੁਕੰਦਪੁਰ ਤੋਂ ਬਤੌਰ ਪੱਤਰਕਾਰ ਰੋਜ਼ਾਨਾ ਜੱਗਬਾਣੀ ਅਖਬਾਰ ਨੂੰ ਨਿਰਪੱਖ, ਨਿਡਰ ਤੇ ਨਰੋਈ ਸਿਹਤਮੰਦ ਖਬਰਾਂ ਨਾਲ ਨਿਵਾਜ ਕੇ ਆਪਣਾ ਵਡਮੁੱਲਾ ਯੋਗਦਾਨ ਪਾ ਰਿਹਾ ਹੈ।

ਸੰਜੀਵ ਖਬਰ ਭੇਜਣ ਵੇਲੇ ਇਹ ਨਹੀਂਦੇਖਦਾ ਕਿ ਉਹ ਕਿਸੇ ਗੁੰਡੇ-ਰਿਜ਼ਵਾੜੇ, ਬਲਾਤਕਾਰੀਏ ਤੇ ਜਾਂ ਵੱਡੇ ਅਹੁਦੇ 'ਤੇ ਬੈਠੇ ਕਿਸੇ ਪ੍ਰਸ਼ਾਸਨਿਕ ਅਧਿਕਾਰੀ ਦੇ ਖਿਲਾਫ ਹੈ, ਉਹ ਸਿਰਫ ਇਹ ਵੇਖਦਾ ਹੈ ਕਿ ਖਬਰ ਛਪਣ ਤੋਂ ਬਾਅਦ ਸਮਾਜ ਦੇ ਬਹੁ-ਗਿਣਤੀ ਲੋਕਾਂ ਦੇ ਮਨਾਂ 'ਤੇ ਅਮਿੱਟ ਛਾਪ ਛੱਡੇ। ਉਹ ਕਿਸੇ ਦੀ ਜੀ ਹਜ਼ੂਰੀ ਕਰਨ ਵਿਚ ਵਿਸ਼ਵਾਸ ਨਹੀਂ ਰੱਖਦਾ, ਸਗੋਂ ਆਪਣੇ ਕੰਮ ਨੂੰ ਬਾਖੂਬੀ ਮੁਕਾਮ ਤੱਕ ਪਹੁੰਚਾ ਕੇ ਇਮਾਨਦਾਰੀ ਨਾਲ ਅੰਜ਼ਾਮ ਦੇਣਾ ਪਸੰਦ ਕਰਦਾ ਹੈ। ਸੰਜੀਵ ਭਨੋਟ ਦੀ ਅਕਸਰ ਪ੍ਰੈਸ ਕਵਰਿੰਗ ਨੂੰ ਲੈ ਕੇ ਨੋਕ-ਝੋਕ ਹੁੰਦੀ ਹੀ ਰਹਿੰਦੀ ਹੈ ਪਰ ਉਹਨੇ ਕਦੇ ਇਸ ਗੱਲ ਵੱਲ ਧਿਆਨ ਹੀ ਨਹੀਂ ਦਿੱਤਾ। ਉਹਨੇ ਕਈ ਅਜਿਹੀਆਂ ਖਬਰਾਂ ਛਾਪੀਆ ਕਿ ਪੁਲਿਸ ਮਹਿਕਮੇ ਦੇ ਕਈ ਮੁਲਾਜ਼ਮਾਂ ਨੂੰ ਆਪਣੀਆਂ ਬਦਲੀਆਂ ਹੀ ਕਰਵਾਉਣ-ਿਆਂ ਪਈਆਂ। ਇਕ ਡੀ. ਐਸ. ਪੀ. ਤੇ ਇਕ ਬੀ. ਡੀ. ਓ. ਨਾਲ ਉਹਦਾ ਵਾਹ ਪੈ ਗਿਆ ਪਰ ਉਹ ਨਹੀਂ ਝੁਕਿਆ। ਸੰਜੀਵ ਆਖਦਾ ਹੈ ਕਿ ਬੇਈਮਾਨੀ ਦੇ ਜਿੰਨੇ ਮਰਜੀ ਵਾਵਰੋਲੇ ਆਉਣ, ਮੈਂ ਟੁੱਟ ਤਾਂ ਸਕਦਾ ਹੈ ਪਰ ਝੁਕ ਨਹੀਂ ਸਕਦਾ।ਉਹਦੇ ਇਸੇ ਸਤਿਕਾਰ ਯੋਗ ਤਹਿ ਕੀਤੇ ਪੈਂਡੇ ਦੇ ਕਰਕੇ ਗੁਰਜੀਤ ਪੁਰੇਵਾਲ ਤੇ ਕੈਨੇਡਾ ਰਹਿੰਦੇ ਜੋਤੀ ਸ਼ਰਮਾ ਤੇ ਹੈਪੀ ਸ਼ਰਮਾ ਨੇ ਸੰਜੀਵ ਭਨੋਟ ਦਾ ਦੋ ਵਾਰ ਸਨਮਾਨ ਕੀਤਾ ਹੈ। ਮੁਕੰਦਪੁਰ ਕਸਬੇ ਵਿਚ ਖ਼ੂਨਦਾਨ ਕੈਂਪ ਲਾਉਣ ਦੀ ਪ੍ਰਥਾ ਉਹਨੇ ਹੀ ਸਮਾਜ ਸੇਵਕ ਅਮਰੀਕ ਕਟਾਰੀਆ ਨਾਲ ਰਲ ਕੇ ਆਰੰਭੀ ਸੀ।

ਉ ੁ ਹ ਦੇ ੇ ਘਰ ਦਾ ਮਾਹੌਲ ਸ਼ੁਰੂ ਤੋਂ ਹੀ ਸਿਆਸੀ ਰਿਹੈ, ਕਿਉਂਥ ਸਰਵਣ ਸਿੰਘ ਫਿਲੌਰ ਦੀ ਉਹਨਾਂ ਦੇ ਘਰ ਕਾਫੀ ਆਉਣੀ-ਜਾਣੀ ਰਹੀ ਹੈ। ਸੰਜੀਵ ਵੀ ਹੁਣ ਸਿਆਸਤ ਤੋਂ ਉਪਰਾਮ ਹੀ ਹੈ। ਫੁਟਬਾਲ ਕਲੱਬ ਦਾ ਉਹ ਪ੍ਰਧਾਨ ਰਿਹੈ। ਕੋ ੋ ਅ ਾ ਪ ਰ ੇ ਿਟ ਵ ਸੁਸਾਇਟੀ ਦਾ ਮੈਂਬਰ ਤੇ ਸ਼ਿਵ ਮੰਦਰ ਕਮੇਟੀ ਦਾ ਵੀ ਉਹ ਪ੍ਰਧਾਨ ਹੈ। ਉਹਦਾ ਇਕ ਅਸੂਲ ਹੈ ਕਿ ਜਿੱਥੇ ਇਕ ਵਾਰ ਖੜ੍ਹਨ ਦੀ ਹਾਮੀ ਭਰ ਦਿੱਤੀ ਤਾਂ ਭਰ ਦਿੱਤੀ। ਫਿਰ ਭਾਵੇਂ ਕੁਝ ਵੀ ਵਿਗੜ ਜਾਵੇ, ਫਿਰ ਟੱਸ ਤੋਂ ਮੱਸ ਨਹੀਂ ਹੋਣਾ। ਉਹਦੀ ਇਸੇ ਫਿਤਰਤ ਨੇ ਉਹਦੇ ਆਪਣੇ ਪੱਤਰਕਾਰ ਭਾਈਚਾਰੇ 'ਚ ਵੀ ਉਹਦਾ ਆਪਣਾ ਅਸਰ ਰਸੂਖ ਬਣਾਇਆ ਹੋਇਆ ਹੈ।

# ਗੁਰਮੁਖੀ ਵਰਣਮਾਲਾ ਪੁਰਾਣੀ ਹੈ



**ਪੰਜਾਬੀ ਭਾਸ਼ਾ ਅਤੇ ਗੁਰਮੁਖੀ ਦੀ ਇਹ ਬਦਕਿਸਮਤੀ ਹੈ ਕਿ ਪੰਜਾਬੀ ਨੂੰ ਬੋਲਣ ਵਾਲੇ ਕਰੋੜਾਂ ਹਨ ਅਤੇ ਗੁਰਮੁਖੀ ਨੂੰ ਹੁਣ ਇੰਟਰਨੈਟ ਤੇ ਵੀ ਲਿਖਿਆ ਜਾਂਦਾ ਹੈ ਪਰ ਦੋਨਾਂ ਦੇ ਅੰਤਰ ਨੂੰ ਕੁਝ ਲੋਕਾਂ ਤੋਂ ਇਲਾਵਾ ਬਹੁਤੇ ਲੋਕ ਨਹੀਂ ਜਾਣਦੇ। ਭਾਸ਼ਾ ਨੂੰ ਗੁਰਮੁਖੀ ਕਹਿ ਦਿੱਤਾ ਜਾਂਦਾ ਹੈ ਤੇ ਅਤੇ ਇਸੇ ਤਰ੍ਹਾਂ ਲਿਖਤ ਨੂੰ ਪੰਜਾਬੀ ਕਹਿਣ ਵਾਲਿਆਂ ਦੀ ਵੀ ਕਮੀ ਨਹੀਂ ਹੈ। ਇਸ ਘਚੋਲ਼ੇ ਨੂੰ ਖ਼ਤਮ ਕਰਨ ਲਈ ਅਸ਼ੀਂ ਇੱਥੇ ਗੁਰਮੁਖੀ ਲਿੱਪੀ ਬਾਰੇ ਕੁਝ ਲਿਖਤਾਂ ਪਾਠਕਾਂ ਨਾਲ਼ ਸਾਂਝੀਆਂ ਕਰਨ ਜਾ ਰਹੇ ਹਾਂ ਤਾਂ ਕਿ ਉਨ੍ਹਾਂ ਨੂੰ ਆਪਣੀ ਭਾਸ਼ਾ ਅਤੇ ਲਿਪੀ ਬਾਰੇ ਮੁਢਲੀ ਜਾਣਕਾਰੀ ਮਿਲ਼ ਸਕੇ। ਇੱਥੇ ਅਸੀਂ ਜੀ. ਬੀ. ਸਿੰਘ ਦੀ ਪੁਸਤਕ (ਗੁਰਮੁਖੀ ਲਿਪੀ ਦਾ ਜਨਮ ਤੇ ਵਿਕਾਸ, ਪੰਜਾਬ ਯੂਨੀਵਰਸਿਟੀ ਬਿਊਰੋ ਚੰਡੀਗੜ੍ਹ, ਤੀਜਾ ਸੰਸਕਰਣ, 1981) ਵਿਚੋਂ ਇਕ ਅਧਿਆਇ ਧੰਨਵਾਦ ਸਹਿਤ ਇੱਥੇ ਦੇ ਰਹੇ ਹਾਂ। ਯਾਦ ਰੱਖਣ ਵਾਲ਼ੀ ਗੱਲ ਇਹ ਹੈ ਕਿ ਸਾਡੀ ਭਾਸ਼ਾ ਪੰਜਾਬੀ ਹੈ ਅਤੇ ਲਿਪੀ ਗੁਰਮੁਖੀ ਜਿਵੇਂ ਅੰਗਰੇਜ਼ੀ ਭਾਸ਼ਾ ਤੇ ਲਿਪੀ ਰੋਮਨ ਅਤੇ ਹਿੰਦੀ ਭਾਸ਼ਾ ਤੇ ਉਸਦੀ ਲਿਪੀ ਦੇਵਨਾਗਰੀ।**

ਜੀ ਬੀ ਸਿੰਘ

ਅਕਬਰ ਦੇ ਨਾਲ ਅਮਨ ਚੈਨ ਦਾ ਸਮਾਂ ਆਇਆ ਅਤੇ ਪੰਜਾਬੀ ਬੋਲੀ ਦੀ ਲਿਟਰੇਚਰ ਵੀ ਸ਼ੁਰੂ ਹੋ ਗਈ। ਬਾਬਾ ਫਰੀਦ ਤੋਂ ਲੈ ਕੇ ਗੁਰੂ ਨਾਨਕ ਦੇਵ ਤੱਕ ਜੋ ਥੋੜ੍ਹੀ ਬਹੁਤੀ ਰਚਨਾ ਪੰਜਾਬ ਵਿਚ ਦੀਨ ਇਸਲਾਮ ਦੇ ਫੈਲਾਣ ਲਈ ਅਤੇ ਨਵੇਂ ਬਣੇ ਮੁਸਲਮਾਨਾਂ ਦੀ ਦੀਨੀ ਸਿੱਖਿਆ ਲਈ, ਮੁਸਲਮਾਨ ਫਕੀਰਾਂ ਨੇ ਬਣਾਈ। ਵੁਹ ਪਿੱਛੋਂ ਸਿੱਖਾਂ ਦੀਆਂ ਬਣਾਈਆਂ ਜਨਮ-ਸਾਖੀਆਂ ਆਦਿ ਵਿਚ ਖੱਪ ਕੇ ਗੁੰਮ ਹੋ ਜਾਣ ਤੋਂ ਬਚ ਰਹੀ। ਪਰ ਇਸ ਨੂੰ ਵੇਖਦਿਆਂ ਹੋਇਆਂ ਵੀ ਇਹ ਨਹੀਂ ਕਿਹਾ ਜਾ ਸਕਦਾ ਕਿ ਗੁਰੂ ਨਾਨਕ ਸਾਹਿਬ ਤੋਂ ਪਹਿਲੇ ਪੰਜਾਬੀ ਬੋਲੀ ਤੇ ਉਸ ਵਿਚ ਮਾੜੀ ਮੋਟੀ ਲਿਟਰੇਚਰ ਹੈ ਹੀ ਨਹੀਂ ਸੀ। ਤਿਵੇਂ ਹੀ ਇਹ ਵੀ ਨਹੀਂ ਕਿਹਾ ਜਾ ਸਕਦਾ ਕਿ 'ਗੁਰਮੁਖੀ' ਅੱਖਰਾਂ ਦਾ ਜ਼ਿਕਰ ਗੁਰੂ ਅੰਗਦ ਦੇਵ ਦੇ ਨਾਮ ਨਾਲ ਜੁੜਨ ਤੋਂ ਪਹਿਲੇ ਇਹ ਅੱਖਰ ਹੈ ਹੀ ਨਹੀਂ ਸਨ। ਇਸ ਗੱਲ ਦਾ ਖੰਡਨ ਤਾਂ ਖੁਦ ਗੁਰਬਾਣੀ ਕਰ ਰਹੀ ਹੈ। ਕੋਈ 35 ਅੱਖਰਾਂ ਦੀ ਵਰਣਮਾਲਾ ਗੁਰੂ ਨਾਨਕ ਸਾਹਿਬ ਦੇ ਬਚਪਨ ਵੇਲੇ ਮੌਜੂਦ ਸੀ, ਅਤੇ ਉਸ ਵਰਣਮਾਲਾ ਵਿਚ ਉਹੋ ਪੈਂਤੀ ਅੱਖਰ, ਉਸੇ ਤਰਤੀਬ ਵਿਚ ਸਨ, ਜੋ ਕਿ ਅਤੇ ਜਿਸ ਤਰਤੀਬ ਵਿਚ ਕਿ ਉਹ 'ਗੁਰਮੁਖੀ' ਵਰਣਮਾਲਾ ਵਿਚ ਹਨ। ਪੈਂਤੀ ਅੱਖਰਾਂ ਦੀ ਇਹ ਵਰਣਮਾਲਾ ਪਾਂਧੇ ਤੋਂ ਗੁਰੂ ਨਾਨਕ ਜੀ ਨੇ ਸਿੱਖੀ ਅਤੇ ਇਸੇ ਨੂੰ ਮੁੱਖ ਰੱਖ ਕੇ 'ਪੱਟੀ' ਵਾਲੀ ਰਚਨਾ ਕੀਤੀ। ਇਹ ਵਰਣਮਾਲਾ ਹਿੰਦੂਆਂ ਦੀ ਸਿੱਖਿਆ ਪ੍ਰਣਾਲੀ ਦਾ ਮੁੱਢ ਸੀ ਅਤੇ ਇਹੋ ਵਰਣਮਾਲਾ ਹੀ ਪਿੱਛੋਂ 'ਗੁਰਮੁਖੀ' ਅਖਵਾਣ ਵਾਲੀ ਹੋ ਸਕਦੀ ਹੈ, ਕਿਉਂ ਜੋ ਜੇ ਪੈੜੇ ਮੋਖੇ ਦੇ ਜਨਮ ਸਾਖੀ ਲਿਖਣ ਵਾਲੀ ਕਹਾਣੀ ਨੂੰ ਜਿਸ ਤਰ੍ਹਾ ਕਿ ਉਹ ਬਾਲੇ ਵਾਲੀ ਜਨਮ ਸਾਖੀ ਵਿਚ ਦਿੱਤੀ ਹੈ, ਸੱਚ ਮੰਨ ਲਈਏ, ਤਦ ਪ੍ਰਤੱਖ ਹੈ ਕਿ ਪੈੜੇ ਮੋਖੇ ਨੂੰ ਗੁਰਮੁਖੀ ਲਿਖਣੀ, ਗੁਰੂ ਅੰਗਦ ਜੀ ਨੂੰ ਮਿਲਣ ਤੋਂ ਪਹਿਲੇ ਹੀ ਚੰਗੀ ਤਰ੍ਹਾਂ ਆਉਂਦੀ ਸੀ, ਜਿਸ ਤੇ ਗੁਰੂ ਅੰਗਦ ਜੀ ਨੇ ਐਡਾ ਵੱਡਾ ਕੰਮ ਉਸ ਦੇ ਸਪੁਰਦ ਕੀਤਾ ਅਤੇ ਇਹ ਗੁਰੂ ਅੰਗਦ ਜੀ ਦਾ ਗੁਰੂ ਗੱਦੀ ਪੁਰ ਬੈਠੇ ਦੂਜਾ ਵਰ੍ਹਾ ਜਾ ਰਿਹਾ ਸੀ। ਕਦੋਂ ਉਹਨਾਂ ਨੇ ਗੁਰਮੁਖੀ ਬਣਾਈ ਅਤੇ ਕਦੋਂ ਉਹ ਲੋਕਾਂ ਵਿਚ ਫੈਲੀ? ਕਿਉਂ ਜੋ ਝੱਟ ਹੀ ਬਾਅਦ ਕਿਤਨੇ ਹੀ ਗੁਰਮੁਖੀ ਦੇ ਲਿਖਾਰੀ ਜਿਹਨਾਂ ਵਿਚ ਬੂੜਾ ਪਾਂਧਾ ਆਦਿ ਬ੍ਰਾਹਮਣ ਵੀ ਸਨ, ਆ ਮੌਜੂਦ ਹੋਏ। ਜਦਕਿ ਹੋਰ ਸਭਇਲਾਕਿਆਂ ਵਿਚ ਆਪੋ ਆਪਦੇ ਅੱਖਰ ਅਵੱਸ਼ ਤੇ ਕੁਦਰਤੀ ਤੌਰ ਪੁਰ ਪੈਦਾ ਹੋ ਚੁੱਕੇ ਸਨ ਅਤੇ ਜਦ ਐਸੇ ਅੱਖਰ 'ਪੁਰਾਤਨ ਪੰਜਾਬੀ' ਮੌਜੂਦ ਸਨ, ਜੈਸਾ ਕਿ ਪੰਡਤ ਗੌਰੀ ਸ਼ੰਕਰ ਜੀ ਅਤੇ ਅਲ- ਬੈਰੂਨੀ ਵਗੈਰਾ ਦੱਸਦੇ ਜਾਪਦੇ ਹਨ, ਤਦ ਕੋਈ ਕਾਰਨ ਨਹੀਂ ਦਿਸਦਾ ਕਿ ਕਿਉਂ ਗੁਰੂ ਅੰਗਦ ਜੀ ਉਹਨਾਂ ਨੂੰ ਛੱਡ ਕੇ ਇਕ ਨਵੀਂ ਲਿਪੀ ਬੇਲੋੜੀ ਬਣਾਂਦੇ। ਜਦ ਇਕ ਲਿਪੀ ਦੇਸ ਵਿਚ ਮੌਜੂਦ ਹੋਵੇ, ਭਾਵੇਂ ਉਸਦਾ ਰਿਵਾਜ਼ ਘੱਟ ਗਿਆ ਹੋਵੇ, ਕੋਈ ਕਾਰਨ ਨਹੀਂ ਦਿਸਦਾ ਕਿ ਉਸ ਨੂੰ ਛੱਡ ਕੇ ਇਕ ਨਵੀਂ ਲਿਪੀ ਬਣਾਈ ਜਾਵੇ।

ਫਿਰ ਜੋ ਇਕ ਨਵੀਂ ਲਿਪੀ ਕਿਸੇ ਨੇ ਬਣਾਈ ਮੰਨੀਏ ਵੀ, ਤਦ ਵੀ ਇਹ ਸਵਾਲ ਖੜ੍ਹਾ ਹੋਵੇਗਾ ਕਿ ਪੁਰਾਣੀ ਨਾਲੋਂ ਇਸ ਦਾ ਫਰਕ ਕੀ ਤੇ ਕਿੰਨਾ ਕੁ ਸੀ? ਅਤੇ ਇਹ ਫਰਕ ਸਹਿਜ ਸੁਭਾ ਸਮੇਂ ਨਾਲ ਆਪੇ ਪੈ ਗਿਆ ਸੀ? ਜਿਸ ਤਰ੍ਹਾਂ ਕਿ ਸਭ ਥਾਂ ਹੋਇਆ ਹੈ, ਅਤੇ ਖੁਦ 'ਗੁਰਮੁਖੀ' ਵਿਚ ਗੁਰੂ ਅਰਜਨ ਦੇਵ ਦੇ ਵੇਲੇ ਤੋਂ ਹੁਣ ਤੱਕ ਪੈ ਚੁੱਕਾ ਹੈ, ਜਾਂ ਕਿਸੇ ਨੇ ਜਾਣ ਬੁੱਝ ਕੇ ਪਾਇਆ ਸੀ? ਅਤੇ ਜੇ ਪਾਇਆ ਸੀ ਤਾਂ ਕਿਸ ਪ੍ਰਯੋਜਨ ਨਾਲ? ਅਤੇ ਕਿਤਨਾ ਕੁ? ਕੀ ਅੱਖਰਾਂ ਦੀਆਂ ਸ਼ਕਲਾਂ ਵਿਚ ਫਰਕ ਪਿਆ? ਜਾਂ ਅੱਖਰਾਂ ਦੀ ਵਰਣਮਾਲਾ ਅੰਦਰ ਤਰਤੀਬ ਬਦਲ ਗਈ? ਕੀ 'ਗੁਰਮੁਖੀ' ਵਰਣਮਾਲਾ ਵਿਚ ਬੇਲੋੜੇ ਅੱਖਰ, ਪੁਰਾਣੇ ਸਮੇਂ ਵਿਚ ਹੋ ਚੁੱਕੇ ਵਿਕਾਸ ਦੀ ਨਿਸ਼ਾਨੀ, ਮਨੁੱਖ ਦੇ ਸਰੀਰ ਵਿਚ ਵੈਸਟੀਂਜਲ ਅੰਗਾਂ ਵਾਂਗ ਤਾਂ ਮੌਜੂਦ ਨਹੀਂ? ਫਿਰ ਜੋ 'ਗੁਰਮੁਖੀ' ਗੁਰੂ ਅੰਗਦ ਜੀ ਨੇ ਬਣਾਈ, ਤਦ ਗੁਰੂ ਨਾਨਕ ਦੇਵ ਨੇ ਆਪਣੀ ਰਚਨਾ ਕਿਹੜੇ ਅੱਖਰਾਂ ਵਿਚ ਲਿਖੀ? ਜੇਕਰ ਗੁਰਮੁਖੀ ਵਰਣਮਾਲਾ ਗੁਰੂ ਅੰਗਦ ਜੀ ਨੇ ਗੁਰੂ ਨਾਨਕ ਦੇਵ ਦੀ ਬਾਣੀ ਲਿਖਣ ਲਈ ਬਣਾਈ ਕਹੋ, ਤਦ ਜ਼ਰੂਰੀ ਸੀ ਕਿ ਗੁਰੂ ਬਾਣੀ ਵਿਚ ਆਈਆਂ ਸਭ ਆਵਾਜ਼ਾਂ ਲਈ ਕੁਝ ਚਿੰਨ੍ਹ ਹੁੰਦੇ, ਜੋ ਨਹੀਂ ਹਨ। ਗੁਰੂ ਨਾਨਕ ਜੀ ਦਾ ਵਾਕ ਹੈ :-

ਯਕ ਅਰਜ਼ ਗੁਫ਼ਤਮ ਪੇਸ਼ੇ ਤੋ, ਦਰ ਗੱਸ਼ ਕੁਨ ਕਰਤਾਰ।।
ਹੱਕਾ ਕਰੀਮ ਕਬੀਰ ਤੂ, ਬੇ ਐਬਪਰਵਰਦਗਾਰ।।

ਇੱਥੇ ਇਕ ਸ਼ਿਅਰ ਦੇ ਲਿਖਣ ਲਈ ਜੋ ਵੱਡੇ ਕਾਫ ਤੇ ਐਨ ਵਾਸਤੇ ਵੱਖਰੇ ਚਿੰਨ੍ਹ ਨਾ ਵੀ ਹੋਣ, ਤਦ ਵੀ ਜ਼ੁਆਦ, ਫ਼ੇ ਅਤੇ ਸ਼ੀਨ ਅਤੇ ਇਜ਼ਾਫਤ ਦੀ ਜ਼ੇਰ ਵਾਸਤੇ ਤਾਂ ਚਿੰਨ੍ਹ ਹੋਣੇ ਚਾਹੀਦੇ ਸਨ। ਇਹਨਾਂ ਹਰਫਾਂ ਦੀ ਆਵਾਜ਼ ਅੱਡ ਹੈ ਅਤੇ ਪੰਜਾਬੀ ਲੋਕ ਬੜੀ ਆਸਾਨੀ ਨਾਲ ਉਹਨਾਂ ਨੂੰ ਬੁਲਾ ਸਕਦੇ ਹਨ। ਗੁਰੂ ਸਾਹਿਬ ਦੇ ਵੇਲੇ ਤੱਕ ਵਾਲੇ ਅਨੇਕਾਂ ਲਫਜ਼ ਫਾਰਸੀ ਬੋਲੀ ਵਿਚੋਂ ਪੰਜਾਬੀ ਵਿਚ ਰਲ ਚੁੱਕੇ ਸਨ, ਦੇਸੀ ਲਫਜ਼ ਵੀ ਬਹੁਤੇਰੇ ਇਸ ਆਵਾਜ਼ ਵਾਲੇ ਵਰਤੇ ਜਾਂਦੇ ਸਨ, ਘੱਟ ਤੋਂ ਘੱਟ ਇਸ ਆਵਾਜ਼ ਲਈ ਤਾਂ ਵੱਖ ਚਿੰਨ੍ਹ ਚਾਹੀਦਾ ਸੀ।

ਦੂਜੇ ਪਾਸੇ ਗੁਰਮੁਖੀ ਵਰਣਮਾਲਾ ਵਿਚ ਕੁਝ ਅੱਖਰ ਬੇਲੋੜੇ ਵੀ ਹਨ। ਙ ਅਤੇ ਞ ਬਹੁਤ ਥੋੜ੍ਹੇ, ਲਫਜ਼ਾਂ, 'ਮਙਨੀ', ਜੰਞ' ਵਗੈਰਾ ਵਿਚ,ਜੋ ਲੋਕ ਗੁਣਗੁਣਾ ਕੇ ਨੱਕ ਵਿਚੋਂ ਬੋਲਦੇ ਹਨ, ਇਹ ਆਵਾਜ਼ਾਂ ਬੁਲਾਂਦੇ ਹਨ। ਸਾਰੇ ਗੁਰੂ ਗ੍ਰੰਥ ਸਾਹਿਬ ਵਿਚੋਂ ਇਹ ਅੱਖਰ ਇਕ ਹੱਥ ਦੀਆਂ ਉਂਗਲੀਆਂ ਤੇ ਗਿਣੇ ਜਾ ਸਕਦੇ ਹਨ, ਉਹ ਵੀ 'ਪੈਂਤੀਸ ਅਖਰੀ', 'ਬਾਵਨ ਅਖਰੀ', 'ਪੱਟੀ' ਆਦਿ ਬਾਣੀਆਂ ਵਿਚੋਂ, ਜਿੱਥੇ ਇਹਨਾਂ ਬਿਨਾਂ ਗੁਜ਼ਾਰਾ ਨਹੀਂ ਹੋ ਸਕਦਾ ਸੀ। ਗੁਰੂ ਅੰਗਦ ਦੇਵ ਜੀ ਵਰਣਮਾਲਾ ਬਣਾਣ ਵੇਲੇ ਇਹੋ ਹੀ ਛੱਡ ਦਿੰਦੇ। 'ਣ' ਭਾਵੇਂ ਬਹੁਤ ਵਰਤਿਆ ਹੈ, ਪਰ 'ਣ' ਅਤੇ 'ਨ' ਦੀ ਵਰਤੋਂ ਵਿਚ ਗੁਰਮੁਖੀ ਕਿਤਾਬਾਂ ਕਿਸੇ ਕਾਇਦੇ ਪੁਰ ਨਹੀਂ ਟੁਰਦੀਆਂ; ਇਸ ਅੱਖਰ ਦੇ ਰੱਖਣ ਦੀ ਵੀ ਕੋਈ ਲੋੜ ਨਹੀਂ ਸੀ। ਲੰਡਿਆਂ ਵਿਚ ਇਹ ਤਿੰਨੇ ਅਨੁਨਾਸਿਕ ਅੱਖਰ ਬਹੁਤਿਆਂ ਨੇ ਛੱਡ ਦਿੱਤੇ ਹਨ ਅਤੇ ਠੀਕ ਕੀਤਾ ਹੈ। 'ੜ' ਪੰਜਾਬੀ ਬੋਲੀ ਲਈ ਬੇਸ਼ੱਕ ਬੜਾ ਜ਼ਰੂਰੀ ਅੱਖਰ ਹੈ, ਅਤੇ ਨਾਗਰੀ, ਸਾਰਦਾ, ਟਾਕਰੀ ਵਿਚ ਮੌਜੂਦ ਨਹੀਂ। ਪਰ ਖੁਦ ਸੰਸਕ੍ਰਿਤ ਵਿਚ ਇਸ ਦੇ ਨਾਲ ਮਿਲਦੀ ਆਵਾਜ਼ 'ਲ' ਤੇ 'ਡ' ਦੇ ਵਿਚਾਲੇ, ਤੇ ਕਦੇ 'ਲ' ਤੇ 'ਰ' ਦੇ ਵਿਚਾਲੇ ਮੌਜੂਦ ਹੈ ਅਤੇ ਮਹਾਰਾਸ਼ਟਰੀ ਆਦਿ ਬੋਲੀਆਂ ਵਿਚ ਵੀ ਹੈ ਅਤੇ ਇਸ ਦੇ ਵਾਸਤੇ ਇਕ ਖਾਸ ਚਿੰਨ੍ਹ ਵੀ 'ਲ' ਨਾਲ ਮਿਲਦਾ ਹੈ। ਗੁਰਮੁਖੀ ਦਾ 'ੜ' ਵੀ ਪੁਰਾਣੇ 'ਡ' ਦੀ ਸ਼ਕਲ ਤੋਂ ਬਣਿਆ ਪ੍ਰਤੱਖ ਦਿਸ ਰਿਹਾ ਹੈ।

ਠੀਕ ਠੀਕ ਤੇ ਅਕਲ ਸਮਝ ਨਾਲ ਬਣਾਈ ਗਈ ਵਰਣਮਾਲਾ ਉਹ ਹੁੰਦੀ ਹੈ ਕਿ ਜਿਸ ਬੋਲੀ ਲਈ ਉਹ ਬਣਾਈ ਗਈ ਹੋਵੇ, ਉਸ ਵਿਚ ਵਰਤੀਆਂ ਜਾਣ ਵਾਲੀਆਂ ਸਾਰੀਆਂ ਆਵਾਜ਼ਾਂ ਲਈ ਅੱਡ ਅੱਡ ਚਿੰਨ੍ਹ ਹੋਣ; ਕਿਸੇ ਆਵਾਜ਼ ਦੇ ਲਿਖਣ ਲਈ ਦੋ ਚਿੰਨ੍ਹ ਨਾਂਹ ਹੋਣ; ਸਾਰੀਆਂ ਸਵਰ ਆਵਾਜ਼ਾਂ ਲਈ ਵੀ ਚਿੰਨ੍ਹ ਹੋਣ; ਕੋਈ ਚਿੰਨ੍ਹ ਫਾਲਤੂ ਤੇ ਬੇਲੋੜੇ ਨਾ ਹੋਣ। ਅੰਗਰੇਜ਼ੀ ਬੋਲੀ ਰੋਮਨ ਅੱਖਰਾਂ ਵਿਚ ਲਿਖੀ ਜਾਂਦੀ ਹੈ, ਇਹ ਵਰਣਮਾਲਾ ਇਸ ਮਤਲਬ ਲਈ ਨਾਕਸ ਹੈ, ਸੋ ਹੁਣ ਵਿਦਵਾਨਾਂ ਨੇ 42 ਅੱਖਰਾਂ ਦੀ ਨਵੀਂ ਵਰਣਮਾਲਾ ਬਣਾਈ ਹੈ, ਜੋ ਉਹ ਸਾਇੰਸ ਆਦਿ ਦੀਆਂ ਕਿਤਾਬਾਂ ਵਿਚ ਵਰਤਣ ਲੱਗ ਪਏ ਹਨ।

'ਗੁਰਮੁਖੀ' ਵਰਣਮਾਲਾ ਇਸ ਕਸਵੱਟੀ ਪੁਰ ਪੂਰੀ ਨਹੀਂ ਨਿਕਲਦੀ। ਉਸ ਵਿਚ ਕੋਈ ਵਾਧਾ ਘਾਟਾ, ਕਿ ਤਰਤੀਬ ਦਾ ਅਦਲ ਬਦਲ, ਕਿਸੇ ਦਾ ਕੀਤਾ ਗਿਆ ਸਿੱਧ ਨਹੀਂ ਹੁੰਦਾ। ਤਿੰਨ ਸਵਰ ਅੱਖਰਾਂ ਦੇ ਪਿੱਛੇ 'ਸ' ਤੇ 'ਹ' ਨੂੰ ਥਾਂ ਮਿਲੀ ਹੈ, ਅਤੇ ਸਭ ਤੋਂ ਪਹਿਲਾਂ ਅੱਖਰ, ਨਾਗਰੀ ਵਾਂਗ ' : ' ਨਹੀਂ, ਸਗੋਂ 'ੳ' ਹੈ। ਪਰ ਪਹਿਲੇ ਵਰਣ ਵਿਚ ਇਹ ਤਰਤੀਬ 'ਮਹਾਜਨੀ' ਆਦਿ ਵਿਚ ਵੀ ਹੈ। ਮਲੂਮ ਹੁੰਦਾ ਹੈ ਕਿ ਮੁੱਢ ਵਿਚ (ੳ) ਲਿਖਣ ਕਰਕੇ ਇਸ ਅੱਖਰ ਨੂੰ ਪੈਂਤੀ ਵਿਚ ਵੀ ਪਹਿਲੇ ਰੱਖ ਦਿੱਤਾ ਹੈ; ਸੰਸਕ੍ਰਿਤ ਵਿਆਕਰਣੀਆਂ ਦੀ ਤਰਤੀਬ, ਪਹਿਲੇ ਸੰਘ ਦਾ ਸਵਰ 'v', ਫਿਰ ਤਾਲੂ ਦਾ 'ੲ' ਅਤੇ ਪਿੱਛੋਂ ਹੇਠਾਂ ਦਾ 'ੳ' ਤੋੜ ਦਿੱਤਾ ਹੈ। ਪਰ ਗੁਰਮੁਖੀ ਵਰਣਮਾਲਾ ਵਿਚ ਇਹ ਵੀ ਕੋਈ ਨਵੀਂ ਗੱਲ ਨਹੀਂ।

ਪੁਰਾਣੀ 'ਪੰਜਾਬੀ ਲਿਪੀ' ਦੇ ਕੋਈ ਲੇਖ ਨਾਂਹ ਵੀ ਮੌਜੂਦ ਹੋਣ, ਤਦ ਵੀ ਅਸੀਂ, ਪਾਸ ਪੜੌਸ ਦੀਟਾਂ ਲਿਪੀਆਂ ਨਾਗਰੀ, ਟਾਕਰੀ, ਸਾਰਦਾ ਅਤੇ ਮਹਾਜਨੀ ਆਦਿ ਨਾਲ ਟਾਕਰਾ ਕਰਕੇ ਨਿਤਾਰਾ ਕਰ ਸਕਦੇ ਹਾਂ ਕਿ ਉਹ 'ਪੁਰਾਣੀ ਪੰਜਾਬੀ' ਲਿਪੀ ਕਿਹੋ ਜਿਹੀ ਸੀ ਅਤੇ ਇਹ ਨਿਤਾਰਾ ਅਸੀਂ ਉਪਰ ਕਰ ਆਏ ਹਾਂ। ਰਾਏ ਫੀਰੋਜ਼ ਦੇ ਮਕਬਰੇ ਤੋਂ ਅਨੇਕਾਂ ਲੋਕਾਂ ਦੇ ਲਿਖੇ ਨਾਵਾਂ ਤੇ ਦਸਤਖਤਾਂ ਦੇ ਨਮੂਨੇ ਵੀ ਦੇ ਚੁੱਕੇ ਹਾਂ।

ਸਰਦਾਰ ਦਲਜੀਤ ਸਿੰਘ ਸਾਹਿਬ ਸੀ. ਐਸ. ਆਈ. ਨੇ 29 ਜੂਨ ਸੰਨ 1919 ਨੂੰ ਇੰਡੀਅਨ ਸੈਕਸ਼ਨ ਆਫ ਦਾ ਬੰਗਲਾ ਸੁਸਾਇਟੀ ਆਫ ਆਰਟਸ ਦੇ ਸਾਹਮਣੇ ਸਿੱਖ ਮਜ਼ਹਬ ਸੰਬੰਧੀ ਇਕ ਲੇਖ ਪੜ੍ਹਿਆ ਸੀ, ਅਤੇ ਉਸ ਵਿਚ ਕਿਹਾ ਸੀ ਕਿ:- The religion owed to Guru Angad the invention of the Gurmukhi character.

ਲਾਲਾ ਸ਼ਿਵ ਦਯਾਲ ਸਾਹਿਬ ਸੇਠ ਐਮ. ਏ. ਇੰਸਪੈਕਟਰ ਆਫ ਸਕੂਲਜ਼ ਨੇ 31 ਜੁਲਾਈ 1916 ਦੀ ਅਖਬਾਰ ਟ੍ਰਿਬਿਊਨ, ਲਾਹੌਰ ਵਿਚ, ਇਸ ਦਾਅਵੇ ਦੀ ਤਰਦੀਦ ਕਰਦਿਆਂ ਹੋਇਆਂ ਇਹ ਕਿਹਾ ਕਿ ਗੁਰਮੁਖੀ ਅੱਖਰ ਗੁਰੂ ਨਾਨਕ ਸਾਹਿਬ ਤੋਂ ਪਹਿਲੇ ਮੌਜੂਦ ਸਨ। ਹੋਰ ਦਲੀਲਾਂ ਵਿਚੋਂ ਇਕ ਦਲੀਲ ਇਹ ਸੀ ਕਿ ਹਰਦਵਾਰ, ਗਿਆ, ਕਾਂਗੜਾ, ਦੂਨ ਦੇ ਮੰਦਰਾਂ, ਅਮਰ ਨਾਥ ਅਤੇ ਹੋਰ ਤੀਰਥਾਂ ਦੇ ਪਾਂਡਿਆਂ ਦੀਆਂ ਵਹੀਆਂ ਵਿਚ ਪੰਜਾਬੀ ਯਾਤਰੀਆਂ ਦੇ ਦਸਤਖਤ ਲੰਡਿਆਂ ਤੋਂ 'ਗੁਰਮੁਖੀ' ਦੋਹਾਂ ਵਿਚ ਗੁਰੂ ਨਾਨਕ ਸਾਹਿਬ ਦੇ ਵੇਲੇ ਤੋਂ ਪਹਿਲੇ ਦੇ ਹਨ।

ਇਕ 'ਪੁਰਾਣੀ ਪੰਜਾਬੀ ਲਿਪੀ' ਪੰਜਾਬ ਵਿਚ ਪ੍ਰਚੱਲਿਤ ਸੀ, ਜਿਸ ਵਿਚ ਸੰਸਕ੍ਰਿਤ ਦੀਆਂ ਕਿਤਾਬਾਂ ਲਿਖੀਆਂ ਜਾਂਦੀਆਂ ਸਨ। ਯਾਰ੍ਹਵੀਂ ਸਦੀ ਈਸਵੀ ਵਿਚ ਬੇਰੂਨੀ ਇਸ ਨੂੰ ਹੋਰ ਕਈ ਤਰ੍ਹਾਂ ਦੇ ਅੱਖਰਾਂ ਸਮੇਤ, ਜੋ ਭਾਟੀਸ਼ ਦੇਸ ਤੇ ਸਿੰਧ ਦੇ ਉੱਤਰੀ ਹਿੱਸੇ ਵਿਚ ਲਿਖੇ ਜਾਂਦੇ ਸਨ, 'ਅਰਧ-ਨਾਗਰੀ' ਦੇ ਸਾਂਝੇ ਨਾਂ ਹੇਠ ਸ਼ਾਮਲ ਕਰਦਾ ਹੈ ਅਤੇ ਇਸਨੂੰ ਕਸ਼ਮੀਰ ਦੀ 'ਸਿਧ-ਮਾਤ੍ਰਿਕਾ' ਅਤੇ ਮਾਲਵੇ ਜਾਂ ਉਜੈਨ ਦੀ ਉਸ ਵੇਲੇ ਦੀ 'ਨਾਗਰੀ' ਲਿਪੀਆਂ ਦੇ ਵਿਚਾਲੇ ਦੱਸਦਾ ਹੈ। ਜੋ ਲਿਪੀ ਰਾਏ ਫੀਰੋਜ਼ ਦੇ ਮਕਬਰੇ ਦੀਆਂ ਲਿਖਤਾਂ ਵਿਚ ਵਰਤੀ ਹੈ, ਉਹ ਉਹੋ ਹੈ ਜਿਸ ਨੂੰ ਅੱਜ ਅਸੀਂ 'ਗੁਰਮੁਖੀ' ਆਖਦੇ ਹਾਂ। ਇਸ ਲਿੱਪੀ ਦਾ ਨਾਂ, ਸਾਡੇ ਵੇਲੇ ਤੱਕ, ਭੱਟੀ ਰਾਜਪੂਤਾਂ ਦੇ ਇਲਾਕੇ ਵਿਚ 'ਭਟਛਰੀ' ਜਾਂ 'ਬਟਖਰੀ' ਚਲਾ ਆਇਆ ਹੈ; ਅਤੇ ਇਹ ਨਾਂ ਉਡਾ ਹੀ ਪੁਰਾਣਾ ਹੈ ਕਿ ਜਿੱਡਾ ਉੱਤਰੀ ਸਿੰਧ ਵਿਚ ਪ੍ਰਚੱਲਿਤ ਅੱਖਰਾਂ ਦਾ ਨਾਂ 'ਉਚੀ ਅੱਖਰ' ਹੈ। ਇਹ ਨਾਂ 'ਉਚੀ ਹਿੰਦਗੀ' ਜਾਂ 'ਉਚੀ ਅੱਖਰ', ਤੇਹਰਵੀ ਸਦੀ ਈਸਵੀ ਵਿਚ, ਜਦ ਸੱਸ਼ਦ ਕਲਾਲ ਬੁਖਾਰੀ ਇੱਥੇ ਆਇਆ, ਹੁੰਦਾ ਸੀ।

ਸੋ ਅਸੀਂ ਕਹਿ ਸਕਦੇ ਹਾਂ ਕਿ ਜਿਸ ਸੰਸਕ੍ਰਿਤ ਕਿਤਾਬਾਂ ਦੀ ਲਿਪੀ ਨੂੰ ਪੰਡਤ ਗੌਰੀ ਸ਼ੰਕਰ ਜੀ ਨੇ, ਹੋਰ ਕੋਈ ਨਾ ਮਾਲੂਮ ਨਾਂਹ ਹੋਣ ਕਰਕੇ, ਪੁਰਾਣੀ ਪੰਜਬੀ ਲਿਪੀ ਦਾ ਨਾਂ ਦਿੱਤਾ ਹੈ, ਯਾਹਰਵੀਂ ਸਦੀ ਵਿਚ ਉਸ ਦਾ ਨਾਂ 'ਅਰਧ-ਨਾਗਰੀ' ਸੀ, ਤੇਹਰਵੀਂ ਸਦੀ ਵਿਚ ਉਸੇ ਨੂੰ ਭਾਟੀਯ ਦੇਸ਼ ਦੇ ਲੋਕ 'ਭਟਛਰੀ' ਸੱਦੇ ਸਨ। ਇਹ ਨਾਂ ਕਰੀਬ ਕਰੀਬ ਸਾਡੇ ਵੇਲੇ ਤੱਕ ਥੋੜ੍ਹਾ ਬਹੁਤਾ ਸੀਨਾ-ਬ-ਸੀਨਾ ਚਲਦਾ ਆਇਆ। ਸਿੱਖਾਂ ਨੇ ਇਸੇ ਲਿਪੀ ਦਾ ਨਾਂ 'ਗੁਰਮੁਖੀ ਅੱਖਰ' ਰੱਖ ਦਿੱਤਾ। ਇਹ ਅਸੀਂ ਅੱਗੇ ਚੱਲ ਕੇ ਦੱਸਾਂਗੇ ਕਿ ਇਹ ਨਾਂ ਕਿਸ ਤਰ੍ਹਾਂ ਉਹਨਾਂ ਅੱਖਰਾਂ ਦਾ ਪੈ ਗਿਆ।

ਸਵਾਲ ਹੋ ਸਕਦਾ ਹੈ ਕਿ ਜਦ ਸੰਸਕ੍ਰਿਤ ਪੁਸਤਕ ਪੁਰਾਣੀ ਪੰਜਾਬੀ ਵਿਚ ਲਿਖੇ ਜਾਂਦੇ ਸਨ, ਤਦ ਨਾਗਰੀ ਦੇ ਸ਼, ਸ਼ ਅਤੇ ਣ ਦੇ ਟਾਕਰੇ ਤੇ ਭੀ ਕੋਈ ਚਿੰਨ੍ਹ ਜ਼ਰੂਰ ਹੁੰਦੇ ਹੋਣਗੇ; ਉਹ ਚਿੰਨ੍ਹ ਕੀ ਸਨ?

ਅਤੇ ਉਹ ਚਿੰਨ੍ਹ 'ਗੁਰਮੁਖੀ' ਵਿਚੋਂ ਕਿੱਥੇ ਗਏ? ਜਾਚਣ ਨਾਲ ਇਹ ਉਤਰ ਸੁੱਝਦਾ ਹੈ ਕਿ ਉਹ 'ਸਾਰਦਾ' ਜਾਂ 'ਟਾਕਰੀ' ਨਾਲ ਮਿਲਦੇ ਹੋਣਗੇ, ਜਿਨ੍ਹਾਂ ਵਰਣਮਾਲਾ ਵਿਚ ਉਹ ਅੱਖਰ ਹੁਣ ਵੀ ਹਨ।

ਪਰ 'ਸਾਰਦਾ' ਨਾਲ ਟਾਕਰਾ ਕੀਤਿਆਂ ਇਹ ਭੇਦ ਵੀ ਕੁਝ ਖੁੱਲ੍ਹ ਜਾਂਦਾ ਹੈ। ਸਾਰਦਾ ਵਿਚ 'L' ਦੇ ਬਰਾਬਰ ਤੇ 'e ਅਤੇ 'ਸ਼' ਦੇ ਲਈ 'ਮ' ਦਾ ਚਿੰਨ੍ਹ ਹੈ, ਜੋ ਗੁਰਮੁਖੀ ਦੇ ਵੀ ਅੱਖਰ ਹਨ। ਇਸੇ ਤਰ੍ਹਾਂ 'ਪ' ਦੇ ਲਈ ਸਾਰਦਾ ਵਿਚ ਚਿੰਨ੍ਹ 'ਖ' ਹੈ, ਜੋ ਗੁਰਮੁਖੀ ਵਿਚ ਨਾਗਰੀ ਦੇ 'ਖ' ਦੀ ਥਾਂ ਹੈ; ਕਿਉਂ ਜੋ ਪੰਜਾਬੀ ਉਚਾਰਣ ਵਿਚ 'ਪ' ਦਾ ਉਚਾਰ ਸਦਾ 'ਖ' ਦਾ ਹੋ ਜਾਂਦਾ ਹੈ, ਜਿਸ ਤਰ੍ਹਾਂ 'ਰਿਸ਼ੀ' ਨੂੰ 'ਰਿਖੀ' ਪੜ੍ਹਨਗੇ।

ਇਸ ਤੋਂ ਦਿਸਦਾ ਹੈ ਕਿ 'ਸ਼' ਅਰ 'ਪ' ਦਾ ਕੰਮ ਪੁਰਾਣੀ ਪੰਜਾਬੀ ਲਿਪੀ ਵਿਚ, ਸ਼ਾਇਦ 'ਸ' ਅਰ 'ਖ' ਹੇਠਾਂ ਬਿੰਦੀਆਂ ਪਾ ਕੇ ਤੇ ' l ' ਅਰ 'ਖ' ਬਣਾ ਕੇ ਜਾਂ ਕੋਈ ਪਹਿਚਾਣ ਦਾ ਨਿਸ਼ਾਨ ਦੇ ਕੇ, ਲੈ ਲਿਆ ਜਾਂਦਾ ਹੋਵੇਗਾ। ਅਰ ਇਹੋ ਹਾਲ 'ਸ਼੍ਰ (ਹਿੰਦੀ ਵਿਚ)' ਦਾ ਹੋ ਸਕਦਾ ਹੈ; 'ਅ' ਦੇ ਹੇਠਾਂ 'ਰ' ਦੀ ਟੰਗ ਲਗਾ ਕੇ ਇਸ ਸਵਰ ਦਾ ਕੰਮ ਲੈ ਲੈਂਦੇ ਹੋਣਗੇ। ॥

ਸੋ ਇਹ ਕੋਈ ਵੱਖਰੇ ਚਿੰਨ੍ਹ ਨਹੀਂ ਸਨ, ਇਸੇ ਕਰਕੇ ਗੁਰਮੁਖੀ ਵਿਚ ਨਹੀਂ ਆਏ। ਇਸੇ ਤਰ੍ਹਾਂ ਸਵਰਾਂ ਦੇ ਵੀ ਤਿੰਨ ਹੀ ਚਿੰਨ ਹਨ, ਕਿਉਂ ਜੋ ਬਾਕੀ ਸਭ ਸਵਰ ਲਗਾ ਕੇ ਬਣ ਜਾਂਦੇ ਹਨ। ਪਰ ਪੂਰੀ ਤਸੱਲੀ ਦੇਣ ਵਾਲਾ ਉਤਰ ਤਾਂ ਕੋਈ ਪੁਰਾਣੀ ਪੰਜਾਬੀ ਵਿਚ ਲਿਖਿਆ ਲੇਖ ਜਾਂ ਪੁਸਤਕ ਹੀ ਦੇ ਸਕਦੀ ਹੈ, ਜੋ ਅੱਜ ਤੱਕ ਮੈਨੂੰ ਪ੍ਰਾਪਤ ਨਹੀਂ ਹੋ ਸਕੀ।

# ਮਨੁੱਖੀ ਜੀਵਨ ਵਿਚ ਧਰਮ ਦੀ ਉਪਯੋਗਿਤਾ

ਗਿਆਨ ਸ਼ੀਲ
91-98159-51640



'ਧਰਮ' ਦਾ ਮਸਲਾ ਇਕ ਅਜਿਹਾ ਮਸਲਾ ਹੈ, ਜਿਹੜਾ ਮਾਨਵੀ ਇਤਿਹਾਸ ਵਿਚ ਸਭ ਤੋਂ ਵੱਧ ਚਰਚਾ ਦਾ ਵਿਸ਼ਾ ਰਿਹਾ ਹੈ। ਇਸਦੇ ਨਾਲ ਹੀ 'ਰਾਜਨੀਤੀ' ਦਾ ਵਿਸ਼ਾ ਵੀ ਇਕ ਅਹਿਮ ਵਿਸ਼ਾ ਰਿਹਾ ਹੈ। ਇਹ ਸੁਭਾਵਿਕ ਹੀ ਹੈ ਕਿਉਂਕਿ ਇਹਨਾਂ ਦੋਹਾਂ ਮੁੱਦਿਆਂ ਨੇ ਇਨਸਾਨੀ ਜੀਵਨ ਨੂੰ ਵੱਡੇ ਪੈਮਾਨੇ 'ਤੇ ਪ੍ਰਭਾਵਿਤ ਕੀਤਾ ਹੈ। ਇਸ ਪ੍ਰਭਾਵ ਦੇ ਦੋਵੇਂ ਪਹਿਲੂ ਹਨ- ਸਕਾਰਾਤਮਕ ਵੀ ਅਤੇ ਨਕਾਰਾਤਮਕ ਵੀ। ਧਰਮ ਅਤੇ ਰਾਜਨੀਤੀ ਦਾ ਸਰਵਉੱਚ ਉਦੇਸ਼ ਮਨੁੱਖੀ ਜੀਵਨ ਨੂੰ ਸੁੱਖਮਈ ਬਣਾਉਣਾ ਹੈ। ਧਰਮ ਸਾਨੂੰ ਮੁੱਢਲੇ ਤੌਰ 'ਤੇ ਇਹ ਸਿਖਾਉਂਦਾ ਹੈ ਕਿ ਅਸੀਂ ਖ਼ੁਦ ਵੀ ਸੁੱਖਮਈ ਜੀਵਨ ਕਿਵੇਂ ਜੀਅ ਸਕਦੇ ਹਾਂ ਤੇ ਦੂਸਰਿਆਂ ਨੂੰ ਵੀ ਸੁੱਖਮਈ ਜੀਵਨ ਜਿਊਣ ਵਿਚ ਕਿਵੇਂ ਸਹਾਇਤਾ ਕਰ ਸਕਦੇ ਹਾਂ। ਧਰਮ ਦੀ ਵਿਆਖਿਆ ਵੱਖ-ਵੱਖ ਸਮਿਆਂ ਵਿਚ ਵੱਖ-ਵੱਖ ਦਾਰਸ਼ਨਿਕਾਂ ਦੁਆਰਾ ਵੱਖ-ਵੱਖ ਕੀਤੀ ਜਾਂਦੀ ਰਹੀ ਹੈ। ਧਰਮ ਦੇ ਅਰਥ ਦੀ ਵਿਆਖਿਆ ਅਤੇ ਉਸਦੇ ਕਾਰਜ ਜਾਂ ਉਪਯੋਗਿਤਾ ਦੇ ਸਬੰਧ ਵਿਚ ਬਾਬਾ ਸਾਹਿਬ ਡਾ. ਅੰਬੇਡਕਰ ਪ੍ਰੋ. ਮੀਲਵੁੱਡ ਦੇ ਕਥਨ ਦਾ ਸੰਦਰਭ ਦੇ ਕੇ ਆਖਦੇ ਹਨ ਕਿ 'ਧਰਮ ਸਮਾਜਿਕ ਨਿਯੰਤਰਣ ਦੀ ਏਜੰਸੀ ਦੇ ਰੂਪ ਵਿਚ ਕੰਮ ਕਰਦਾ ਹੈ। ਮਤਲਬ ਸਮੂਹ, ਵਿਅਕਤੀ ਦੇ ਜੀਵਨ ਦਾ ਨਿਯੰਤਰਣ ਸਮੂਹ ਦੇ ਬਿਹਤਰ ਜੀਵਨ ਅਤੇ ਉਸਦੀ ਭਲਾਈ ਲਈ ਕਰਦਾ ਹੈ।' ਉਹ ਅੱਗੇ ਆਖਦੇ ਹਨ ਕਿ 'ਧਰਮ ਦਾ ਕਾਰਜ ਵੀ ਉਹੀ ਹੈ, ਜੋ ਕਾਨੂੰਨ ਅਤੇ ਸਰਕਾਰ ਦਾ ਹੈ। ਧਰਮ ਇਕ ਅਜਿਹਾ ਮਾਧਿਅਮ ਹੈ, ਜਿਸਦੇ ਦੁਆਰਾ ਸਮਾਜ-ਵਿਵਸਥਾ ਨੂੰ ਬਣਾਈ ਰੱਖਣ ਲਈ ਸਮਾਜ, ਵਿਅਕਤੀ ਦੇ ਆਚਰਣ ਉਪਰ ਨਿਗਰਾਨੀ ਰੱਖਦਾ ਹੈ ਅਤੇ ਗਲਤ ਆਚਰਣ ਤੋਂ ਰੋਕਦਾ-ਟੋਕਦਾ ਵੀ ਹੈ। ਧਰਮ ਦੀ ਤੁਲਨਾ ਵਿਚ, ਸਰਕਾਰ ਅਤੇ ਕਾਨੂੰਨ ਸਮਾਜਿਕ ਨਿਯੰਤਰਣ ਦੀ ਉਮੀਦ ਮੁਤਾਬਕ ਉਪਯੋਗੀ ਸਾਧਨ ਨਹੀਂ ਹਨ। ਕਾਨੂੰਨ ਅਤੇ ਵਿਵਸਥਾ ਦਾ ਨਿਯੰਤਰਣ ਇੰਨਾ ਗਹਿਰਾ ਪ੍ਰਭਾਵ ਨਹੀਂ ਪਾਉਂਦਾ ਕਿ ਸਮਾਜ-ਵਿਵਸਥਾ ਨੂੰ ਸਥਿਰਤਾ ਪ੍ਰਦਾਨ ਕੀਤੀ ਜਾ ਸਕੇ। ਦੂਜੇ ਪਾਸੇ ਧਾਰਮਿਕ ਮਾਨਤਾ ਆਪਣੀ ਵਿਲੱਖਣਤਾ ਦੇ ਕਾਰਨ ਸਮਾਜਿਕ ਨਿਯੰਤਰਣ ਦਾ ਸਰਵਉੱਚ ਕਾਰਗਰ ਸਾਧਨ ਸਿੱਧ ਹੋਈ ਹੈ। ਕਾਨੂੰਨ ਅਤੇ ਸਰਕਾਰ ਨਾ ਤਾਂ ਉਨੇ ਕਾਰਗਰ ਸਿੱਧ ਹੋਏ ਹਨ ਅਤੇ ਨਾ ਹੀ ਹੋ ਸਕਦੇ ਹਨ। ਨਿਸ਼ਚਿਤ ਤੌਰ 'ਤੇ ਹੀ ਧਰਮ ਦੇ ਸਹਾਰੇ ਤੋਂ ਬਿਨਾਂ ਕਾਨੂੰਨ ਅਤੇ ਸਰਕਾਰ ਬਹੁਤ ਅਧੂਰੇ ਸਾਧਨ ਰਹਿ ਜਾਂਦੇ ਹਨ। ਧਰਮ ਸਭ ਤੋਂ ਬਲਸ਼ਾਲੀ ਸਮਾਜਿਕ ਗਰੂਤਾਕਰਸ਼ਣ ਹੈ ਅਤੇ ਉਸ ਤੋਂ ਬਗੈਰ ਸਮਾਜ-ਵਿਵਸਥਾ ਨੂੰ ਉਸਦੇ ਪਰਿਕਰਮਾ ਪੱਥ ਉਪਰ ਰੱਖਣਾ ਸੰਭਵ ਨਹੀਂ ਹੋਵੇਗਾ।''

ਇਕ ਸਮਾਂ ਉਹ ਵੀ ਸੀ ਜਦੋਂ ਇਨਸਾਨ ਨੂੰ ਕੁ-ਦਰਤੀ ਆਫਤਾਂ ਆਉਣ ਦੇ ਪਿੱਛੇ ਕੀ ਕਾਰਨ ਹੈ, ਇਸਦੀ ਸਮਝ ਨਹੀਂ ਸੀ ਜਿਵੇਂ ਭੂਚਾਲ ਆਉਣਾ, ਬੱਦਲਾਂ ਦਾ ਗਰਜਣਾ, ਅਸਮਾਨੀ ਬਿਜਲੀ ਚਮਕਣੀ, ਬਾਰਿਸ਼ ਅਤੇ ਹੜ੍ਹ ਆਦਿ। ਉਸਨੂੰ ਸਮਝ ਨਹੀਂ ਆਉਂਦੀ ਸੀ ਕਿ ਇਹ ਕੀ ਹੋ ਰਿਹਾ ਹੈ ਜਾਂ ਕਿਵੇਂ ਹੋ ਰਿਹਾ ਹੈ। ਇਸ ਕਾਰਨ ਉਹ ਸਹਿਮ ਜਾਂਦਾ ਸੀ। ਉਸਨੇ ਕਲਪਨਾ ਕੀਤੀ ਕਿ ਸ਼ਾਇਦ ਇਸ ਸਭ ਦੇ ਪਿੱਛੇ ਕੋਈ ਅਜਿਹੀ ਆਦ੍ਰਿਸ਼ ਸ਼ਕਤੀ ਹੈ ਜੋ ਮੇਰੇ ਤੋਂ ਖਫ਼ਾ ਹੋ ਗਏ ਹੈ ਤੇ ਉਸਨੂੰ ਮਨਾਉਣ ਜਾਂ ਖੁਸ਼ ਕਰਨ ਲਈ ਉਸਨੇ ਤਰ੍ਹਾਂ-ਤਰ੍ਹਾਂ ਦੇ ਟੂਣੇ-ਟੋਟਕੇ ਜਾਂ ਕਰਮਕਾਂਡ ਕਰਨੇ ਸ਼ੁਰੂ ਕਰ ਦਿੱਤੇ। ਉਸ ਆਦ੍ਰਿਸ਼ ਸ਼ਕਤੀ ਨੂੰ ਪ੍ਰਸੰਨ ਕਰਨ ਲਈ ਜਾਂ ਉਸਦੇ ਪ੍ਰਕੋਪ ਤੋਂ ਬਚਣ ਲਈ ਉਹ ਉਸਨੂੰ ਕੁਝ ਨਾ ਕੁਝ ਭੇਂਟ ਕਰਨ ਲੱਗ ਪਿਆ। ਜਿਸ ਵਿਚ ਬੇਜ਼ੁਬਾਨ ਜਾਨਵਰਾਂ ਦੀਆਂ ਹੀ ਨਹੀਂ ਬਲਕਿ ਨਰ ਬਲੀਆਂ ਵੀ ਦਿੱਤੀਆਂ ਜਾਣ ਲੱਗ ਪਈਆਂ। ਕਬੀਲਿਆਂ ਵਿਚ ਔਝਾ ਪੈਦਾ ਹੋ ਗਏ ਜੋ ਆਪਣੇ ਕਬੀਲੇ ਜਾਂ ਸਮੂਹ ਨੂੰ ਕਿਸੇ ਵੀ ਤਰ੍ਹਾਂ ਦੀ ਆਫਤ ਤੋਂ ਬਚਾਉਣ ਲਈ ਨੁਮਾਇੰਦਗੀ ਕਰਨ ਦਾ ਦਾਅਵਾ ਕਰਨ ਲੱਗ ਪਏ। ਮੰਤਰ-ਜਾਪ, ਯੱਗ, ਪੂਜਾ-ਪਾਠ ਆਦਿ ਵਜੂਦ ਵਿਚ ਆ ਗਏ। ਅਜਿਹੇ ਸਮਿਆਂ ਵਿਚ ਇਹੀ ਯੱਗ, ਬਲੀ, ਪੂਜਾ ਪਾਠ ਆਦਿ ਕਰਮਕਾਂਡ ਧਰਮ ਦਾ ਰੂਪ ਸਨ। ਹੌਲੀ-ਹੌਲੀ ਉਸ ਆਦ੍ਰਿਸ਼ ਸ਼ਕਤੀ ਨੂੰ ਵੱਖ-ਵੱਖ ਰੂਪਾਂ ਵਿਚ ਮੰਨਣਾ ਸ਼ੁਰੂ ਕਰ ਦਿੱਤਾ ਗਿਆ। ਖਾਸ ਤੌਰ 'ਤੇ ਜਿਵੇਂ ਭਾਰਤ

(ਬਾਕੀ ਸਫਾ 19 ਤੇ)

# ਏਕੁ ਪਿਤਾ ਏਕਸ ਕੇ ਹਮ ਬਾਰਿਕ



ਅਵਤਾਰ ਸਿੰਘ ਮਿਸ਼ਨਰੀ
510-432-5827

ਇੱਕ ਓਅੰਕਾਰ ਦਾ ਉਪਦੇਸ਼ ਦੇ ਕੇ, ਬਾਬੇ ਨਾਨਕ ਨੇ ਮੰਨੂੰ ਵਰਗੇ ਮੁਤਸਬੀ ਬਾਮਣਾਂ ਅਤੇ ਮੁਲਾਣਿਆਂ ਵੱਲੋਂ ਦੁਰਕਾਰੇ, ਆਰਥਿਕ ਪੱਖੋਂ ਕਮਜੋਰ ਲੋਗਾਂ, ਜਿਨ੍ਹਾਂ ਨੂੰ ਇਹ ਨੀਚ ਬਣਾ ਜਲੀਲ ਕਰਦੇ, ਬਰਾਬਰ ਸਤਿਕਾਰਦੇ ਹੋਏ, ਫੁਰਮਾਨ ਜਾਰੀ ਕੀਤਾ-ਨੀਚਾ ਅੰਦਰਿ ਨੀਚ ਜਾਤਿ ਨੀਚੀ ਹੂ ਅਤਿ ਨੀਚੁ॥ਨਾਨਕ ਤਿਨ ਕੇ ਸੰਗਿ ਸਾਥਿ ਵਡਿਆ ਸਿਉ ਕਿਆ ਰੀਸੁ॥ ਜਿਥੈ ਨੀਚ ਸਮਾਲੀਅਨਿ ਤਿਥੈ ਨਦਰਿ ਤੇਰੀ ਬਖਸ਼ੀਸ਼॥(੧੫) ਪਹਿਲ ਕਦਮੀ ਕਰਦੇ ਨੀਚ ਜਾਤ ਮੰਨੇ ਗਏ ਭਾਈ ਮਰਦਾਨਾ ਜੀ ਨੂੰ ਆਪਣਾ ਭਾਈ ਬਣਾ ਨਿਵਾਜਿਆ। ਭਾਈ ਲਾਲੋ ਕਿਰਤੀ ਤਰਖਾਣ ਦੀ ਕੋਧਰੇ ਦੀ ਰੋਟੀ ਅੰਮ੍ਰਿਤ ਕਹਿ ਖਾਣੀ ਅਤੇ ਊਚਜਾਤੀ ਮਲਕ ਭਾਗੋ ਦੇ ਮਾਲ ਪੂੜੇ ਪਕਵਾਨ ਭਰੀ ਸਭਾ ਵਿੱਚ ਠੁਕਰਾਉਣੇ ਇਸੇ ਕੜੀ ਦਾ ਹਿੱਸਾ ਹਨ। ਧਾਰਮਿਕ ਕਠੜਵਾਦ ਤੋਂ ਉੱਪਰ ਉੱਠ, ਮੰਦਰਾਂ, ਮਸਜਦਾਂ ਅਤੇ ਜੋਗੀ ਮੱਠਾਂ, ਹਿੰਦੂ ਤੀਰਥਾਂ ਅਤੇ ਮੁਸਲਮਾਨਾਂ ਦੇ ਮੱਕੇ ਆਦਿਕ ਧਰਮ ਅਸਥਾਨਾਂ 'ਤੇ ਜਾ ਕੇ ਦ੍ਰਿੜਤਾ ਨਾਲ ਕਹਿਣਾ ਹਿੰਦੂ-ਮੁਸਲਮਾਨ ਆਦਿਕ ਵਾਲੇ ਝਗੜੇ ਛੱਡੋ, ਅਸੀਂ ਸਾਰੇ ਇਨਸਾਨ ਹਾਂ। ਗੁਰੂ ਨਾਨਕ ਦੇ ਪੰਜਵੇਂ ਜਾਂਨਸ਼ੀਨ ਗੁਰੂ ਅਰਜਨ ਸਾਹਿਬ ਨੇ ਵੀ ਇਸ ਦੀ ਪ੍ਰੋੜਤਾ ਕਰਦੇ ਫੁਰਮਾਇਆ-ਨਾ ਹਮ ਹਿੰਦੂ ਨਾ ਮੁਸਲਮਾਨ॥ ਅਲਾਹ ਰਾਮ ਕੇ ਪਿੰਡੁ ਪਰਾਨ॥ (1136) ਉਪ੍ਰੋਕਤ ਸਭ ਨੂੰ ਸਭ ਥਾਂਵਾਂ ਤੇ ਜਾ ਕੇ ਸਾਂਝਾ ਉਪਦੇਸ਼ ਦਿੱਤਾ ਕਿ-ਏਕੁ ਪਿਤਾ ਏਕਸ ਕੇ ਹਮ ਬਾਰਿਕ॥ (੬੧੧) ਤੁਮ ਮਾਤ ਪਿਤਾ ਹਮ ਬਾਰਿਕ ਤੇਰੇ॥(੨੬੮) ਸਾਡਾ ਸਭ ਦਾ ਮਾਤਾ ਪਿਤਾ ਇੱਕ ਤੇ ਅਸੀਂ ਸਾਰੇ ਉਸੇ ਦੇ ਪੈਦਾ ਕੀਤੇ ਬੱਚੇ ਬੱਚੀਆਂ ਹਾਂ।

ਆਓ ਅਖੌਤੀ ਜਾਤ-ਪਾਤ ਊਚ ਨੀਚ ਬਾਰੇ ਗੁਰੂ ਬਾਬਾ ਨਾਨਕ ਦੇ ਜਾਂਨਸ਼ੀਨਾਂ ਅਤੇ ਰੱਬੀ ਭਗਤਾਂ ਦੇ ਉਪਦੇਸ਼ ਵੀ ਵੀਚਾਰੀਏ। ਇਸ ਜਾਤਿ-ਪਾਤਿ ਤੇ ਵਰਣ-ਵੰਡ ਦਾ ਭਰਵਾਂ ਖੰਡਣ ਭਾਵੇਂ ਗੁਰੂ ਰਵਿਦਾਸ ਅਤੇ ਸਤਿਗੁਰੂ ਕਬੀਰ ਸਾਹਿਬ ਵਰਗੇ ਕ੍ਰਾਂਤੀਕਾਰੀ ਭਗਤਾਂ ਅਤੇ ਸੂਫੀ ਫਕੀਰਾਂ ਨੇ ਆਪਣੀ ਜਾਨ ਨੂੰ ਖਤਰੇ ਵਿੱਚ ਪਾ ਕੇ ਬੜੀ ਤਨਦੇਹੀ ਨਾਲ ਕਰਦੇ ਹੋਏ ਕਿਹਾ ਕਿ-ਅਵਲਿ ਅਲਹ ਨੂਰ ਉਪਾਇਆ ਕੁਦਰਤਿ ਕੇ ਸਭਿ ਬੰਦੇ॥ਏਕੁ ਨੂਰ ਤੇ ਸਭਿ ਜਗ ਉਪਜਿਆ ਕਉਣ ਭਲੇ ਕਉਣ ਮੰਦੇ॥(੧੩੪੯)ਜੌ ਤੂੰ ਬ੍ਰਾਹਮਣ ਬ੍ਰਾਹਮਣੀ ਜਾਇਆ॥ਤਉ ਆਨ ਬਾਟ ਕਾਹੇ ਨਹੀ ਆਇਆ॥ਤੁਮ ਕਤ ਬ੍ਰਾਹਮਣ ਹਮ ਕਤ ਸੂਦ॥ ਹਮ ਕਤ ਲੋਹੂ ਤੁਮ ਕਤ ਦੂਧ॥ ਕਹੁ ਕਬੀਰ ਜੋ ਬ੍ਰਹਮ ਬੀਚਾਰੈ॥ਸੋ ਬ੍ਰਾਹਮਣ ਕਹੀਅਤੁ ਹੈ ਹਮਾਰੈ(੩੨੪) ਭਾਵ ਜੇ ਤੂੰ ਉਚ ਜਾਤੀ ਸੀ ਅਤੇ ਤੂੰ ਬ੍ਰਾਹਮਣੀ ਦੇ ਪੇਟ ਤੋਂ ਪੈਦਾ ਹੋਇਆ ਸੀ ਤਾਂ ਜਿਸ ਰਸਤੇ ਔਰਤ ਹੋਰਨਾਂ ਨੂੰ ਜਨਮ ਦਿੰਦੀ ਹੈ ਤੂੰ ਉਸ ਰਸਤੇ ਕਿਉਂ ਪੈਦਾ ਹੋਇਆ? ਤੇਰਾ ਪੈਦਾ ਹੋਣ ਦਾ ਰਸਤਾ ਵੀ ਹੋਰ ਹੋਣਾ ਚਾਹੀਦਾ ਸੀ।ਸਾਡੇ ਵਿੱਚ ਕਿਵੇਂ ਲਹੂ ਤੇ ਤੇਰੇ ਵਿੱਚ ਦੁੱਧ ਹੈ? ਭਾਵ ਸਾਰੀ ਸ੍ਰਿਸ਼ਟੀ ਦੇ ਮਨੁੱਖਾਂ ਅੰਦਰ ਖੂਨ ਲਾਲ ਰੰਗ ਦਾ ਹੀ ਹੈ ਜੋ ਤੇਰੇ ਵਿੱਚ ਤੇ ਸਾਡੇ ਵਿੱਚ ਵੀ ਲਾਲ ਹੈ ਫਿਰ ਤੂੰ ਬ੍ਰਾਹਮਣ ਤੇ ਅਸੀਂ ਸ਼ੂਦਰ ਕਿਵੇਂ ਹੋਏ? ਸਾਡੇ ਵਿੱਚ ਤਾਂ ਬ੍ਰਹਮ ਦੀ ਵਿਚਾਰ ਕਰਨ ਵਾਲਾ ਹੀ ਬ੍ਰਾਮਣ ਮੰਨਿਆਂ ਜਾਂਦਾ ਹੈ। ਇਉਂ ਭਗਤਾਂ ਨੇ ਜਾਤਿ-ਪਾਤਿ ਵਿਰੁੱਧ ਪ੍ਰਚਾਰ ਕੀਤਾ ਪਰ ਬੋਲ ਬਾਲਾ ਬ੍ਰਾਹਮਣ ਦਾ ਹੋਣ ਕਰਕੇ ਅਤੇ ਬ੍ਰਾਹਮਣ ਮੁਗਲੀਆ ਹਕੂਮਤ ਦਾ ਝੋਲੀ ਚੁੱਕ ਹੋਣ ਕਰਕੇ ਵਕਤੀਆ ਹਕੂਮਤ ਦੇ ਕੰਨ ਇਨ੍ਹਾਂ ਕ੍ਰਾਂਤੀਕਾਰੀ ਭਗਤਾਂ ਵਿਰੁੱਧ ਭਰੇ ਕਿ ਇਹ ਲੋਕ ਹਕੂਮਤ ਲਈ ਖਤਰਾ ਹਨ ਇਨ੍ਹਾਂ ਦੀ ਬੁਲੰਦ ਅਵਾਜ਼ ਨੂੰ ਇੱਥੇ ਹੀ ਦਬਾ ਦਿੱਤਾ ਜਾਵੇ। ਇਵੇਂ ਹਕੂਮਤ ਕੋਲੋਂ ਸੱਚ ਦੇ ਮੁਤਲਾਸ਼ੀਆਂ ਨੂੰ ਤਸੀਹੇ ਵੀ ਦਵਾਏ। ਇਨ੍ਹਾਂ ਦੇ ਇਤਿਹਾਸ ਵਿੱਚ ਵੀ ਰਲਾ ਪਾ ਦਿੱਤਾ ਗਿਆ ਅਗਰ ਗੁਰੂ ਨਾਨਕ ਸਾਹਿਬ ਇਨ੍ਹਾਂ ਭਗਤਾਂ ਦੀ ਰਚਨਾ ਨਾਂ ਸੰਭਾਲਦੇ ਤਾਂ ਉਹ ਵੀ ਇਨ੍ਹਾਂ ਜਾਤਿ ਅਭਿਮਾਨੀਆਂ ਨੇ ਰੱਦੂ-ਬੱਦੂ ਕਰ ਦੇਣੀ ਸੀ ਜੋ ਬਾਬੇ ਨਾਨਕ ਨੇ ਪੋਥੀ ਸਾਹਿਬ ਵਿੱਚ ਸੰਭਾਲ ਲਈ ਅਤੇ ਗੁਰੂ ਅਰਜਨ ਸਾਹਿਬ ਨੇ ਗੁਰੂ ਗ੍ਰੰਥ ਸਾਹਿਬ ਵਿੱਚ ਅੰਕਿਤ ਕੀਤੀ।

ਕੀ ਸਾਡੇ ਪ੍ਰਮਾਤਮਾਂ ਵੀ ਵੱਖਰੇ-ਵੱਖਰੇ ਹਨ? ਕੀ ਊਚ-ਨੀਚ, ਜਾਤਾਂ-ਪਾਤਾਂ ਨੂੰ ਮੰਨਣ ਵਾਲੇ ਪ੍ਰਮਾਤਮਾਂ ਦੀ ਜਾਤਿ ਦੱਸ ਸਕਦੇ ਹਨ? ਜੇ ਨਹੀਂ ਤਾਂ ਪ੍ਰਮਾਤਮਾਂ ਦੀ ਪੈਦਾ ਕੀਤੀ ਮਨੁੱਖਾ ਜਾਤਿ (ਇਨਸਾਨੀਅਤ) ਨੂੰ ਵਰਣ-ਵੰਡ ਵਿੱਚ ਵੰਡ ਕੇ ਕਿਉਂ ਮਨੁੱਖਤਾ ਦੀਆਂ ਵੰਡੀਆਂ ਪਾਈ ਜਾ ਰਹੇ ਹਨ? ਗੁਰੂ ਸਾਹਿਬ ਤਾਂ ਕਹਿ ਰਹੇ ਹਨ ਕਿ-ਜਾਤਿ ਕਾ ਗਰਬੁ ਨ ਕਰਿ ਮੂਰਖ ਗਾਵਾਰਾ॥ ਇਸੁ ਗਰਬ ਤੇ ਚਲਹਿ ਬਹੁਤਿ ਵਿਕਾਰਾ॥ (੧੧੨੭) ਹੇ ਮੂਰਖ ਗਵਾਰ ਤੂੰ ਉੱਚੀ ਜਾਤਿ ਦਾ ਹੰਕਾਰ ਕਿਉਂ ਕਰਦਾ ਹੈਂ ਜੋ ਬਹੁਤੇ ਵਿਕਾਰਾਂ ਨੂੰ ਪੈਦਾ ਕਰਦਾ ਹੈ। ਜਾਤੀ ਦੈ ਕਿਆ ਹਥਿ ਸਚਿ ਪਰਖੀਐ॥ ਮਹੁਰਾ ਹੋਵੈ ਹਥਿ ਮਰੀਐ ਚਖੀਐ॥ (੧੪੨) ਗੁਰੂ ਜੀ ਦੋ ਟੁਕ ਫੈਸਲਾ ਕਰਦੇ ਹਨ ਕਿ ਉੱਚੀ ਜਾਤਿ ਵਾਲੇ ਦੇ ਹੱਥ ਵਿੱਚ ਜੇ ਜ਼ਹਿਰ ਹੈ ਤਾਂ ਚੱਖਣ ਤੇ ਉਹ ਮਰੇਗਾ ਹੀ ਇਹ ਨਹੀ ਕਿ ਉੱਚੀ ਜਾਤਿ ਉਸ ਨੂੰ ਬਚਾ ਲਵੇਗੀ।



ਸਾਰੀ ਮਨੁੱਖਤਾ ਵਿੱਚ ਰੱਬ ਦੀ ਹੀ ਜੋਤਿ ਹੈ ਜੋ ਇਨਸਾਨੀ ਏਕਤਾ ਦਾ ਅਕੱਟ ਸਬੂਤ ਦੇ ਰਹੀ ਹੈ-ਸਭ ਮਹਿ ਜੋਤਿ ਜੋਤਿ ਹੈ ਸੋਇ॥ ਤਿਸਦੈ ਚਾਨਣਿ ਸਭਿ ਮਹਿ ਚਾਨਣੁ ਹੋਇ॥(੬੬੩) ਪ੍ਰਭੂ ਨੂੰ ਭੁਲਣ ਵਾਲਾ ਹੀ ਕਮਜਾਤਿ ਹੈ ਅਤੇ ਨਾਮ ਵਿਹੂਣਾ ਹੀ ਨੀਵੀਂ ਜਾਤਿ ਵਾਲਾ ਹੈ-ਖਸਮ ਵਿਸਾਰਹਿ ਤੇ ਕਮਜਾਤਿ॥ ਨਾਨਕ ਨਾਵੈ ਬਾਝੁ ਸਨਾਤਿ॥(੩੪੯) ਗੁਰੂ ਰਾਮਦਾਸ ਜੀ ਨੇ ਉਨ੍ਹਾਂ ਭਗਤਾਂ ਦਾ ਜਿਕਰ ਕੀਤਾ ਜਿਨ੍ਹਾਂ ਨੂੰ ਜਾਤਿ ਅਭਿਮਾਨੀ ਬ੍ਰਾਹਮਣ ਆਦਿਕ ਨੀਚ ਜਾਤਿ ਕਹਿ ਕੇ ਦੁਰਕਾਰਦੇ ਅਤੇ ਉਨ੍ਹਾਂ ਦਾ ਪ੍ਰਛਾਵਾਂ ਤੱਕ ਲੈਣਾ ਮਾੜਾ ਸਮਝਦੇ ਸਨ। ਉਹ ਰੱਬ ਦਾ ਨਾਮ ਜਪ ਕੇ ਅਤੇ ਚੰਗੇ ਕਰਮ ਕਰਕੇ ਉੱਚੇ-ਸੁੱਚੇ ਹੋ ਗਏ, ਲੋਕ ਉਨ੍ਹਾਂ ਦੀ ਸੇਵਾ ਅਤੇ ਸੰਗਤਿ ਕਰਨ ਲੱਗ ਪਏ, ਰੱਬ ਨੇ ਉਨ੍ਹਾਂ ਦੀ ਕੋਈ ਨੀਵੀ ਜਾਤਿ ਨਾ ਦੇਖੀ ਸਗੋਂ ਉਨ੍ਹਾਂ ਨੂੰ ਆਪਣੀ ਗਲਵਕੜੀ ਵਿੱਚ ਲੈ ਪਿਆਰ ਕੀਤਾ-ਨੀਚ ਜਾਤਿ ਹਰਿ ਜਪਦਿਆ ਉਤਮ ਪਦਵੀ ਪਾਇ॥ ਪੂਛਹੁ ਬਿਦਰ ਦਾਸੀ ਸੁਤੈ ਕਿਸਨੁ ਉਤਰਿਆ ਘਰਿ ਜਿਸੁ ਜਾਇ॥੧॥ ਰਵਿਦਾਸੁ ਚਮਾਰੁ ਉਸਤਤਿ ਕਰੇ ਹਰਿ ਕੀਰਤਿ ਨਿਮਖ ਇਕ ਗਾਇ॥ ਪਤਿਤ ਜਾਤਿ ਉਤਮ ਭਇਆ ਚਾਰਿ ਵਰਨ ਪਏ ਪਗਿ ਆਇ॥੨॥ ਨਾਮਦੇਅ ਪ੍ਰੀਤਿ ਲਗੀ ਹਰਿ ਸੇਤੀ ਲੋਕੁ ਛੀਪਾ ਕਹੈ ਬੁਲਾਇ॥ ਖਤ੍ਰੀ ਬ੍ਰਾਹਮਣ ਪਿਠਿ ਦੇ ਛੋਡੇ ਹਰਿ ਨਾਮਦੇਉ ਲੀਆ ਮੁਖਿ ਲਾਇ॥੩॥(੭੩੩) ਸੋ ਭਗਤਾਂ ਤੇ ਗੁਰੂ ਸਾਹਿਬਾਨਾਂ ਜਾਤਿ-ਪਾਤਿ ਤੇ ਵਰਣ-ਵੰਡ ਦੀ ਛੂਆ-ਛਾਤ ਨੂੰ ਉਕਾ ਹੀ ਕਬੂਲ ਨਾ ਕਰਦਿਆਂ ਹੋਇਆਂ ਸਾਂਝੀਆਂ ਸੰਗਤਾਂ ਤੇ ਪੰਗਤਾਂ ਕਾਇਮ ਕੀਤੀਆਂ, ਇੱਕ ਥਾਂ ਰਲ ਕੇ ਇਸ਼ਨਾਨ ਕਰਨ ਲਈ ਸਰੋਵਰ ਬਣਵਾਏ, ਸਰਬਸਾਂਝੇ ਧਰਮ ਅਸਥਾਂਨ ਬਣਾਏ ਤੇ ਕਿਹਾ-ਸਭੇ ਸਾਂਝੀਵਾਲ ਸਦਾਇਨਿ ਤੂੰ ਕਿਸੈ ਨਾ ਦਿਸਹਿ ਬਾਹਰਾ ਜਉ॥(੯੭)

ਅੱਜ ਸਾਡੇ ਧਾਰਮਿਕ ਤੇ ਰਾਜਨੀਤਿਕ ਆਗੂ ਜਾਤਿ-ਪਾਤਿ ਦੇ ਜਾਲ ਵਿੱਚ ਫਸ ਕੇ ਬਾਕੀਆਂ ਨੂੰ ਵੀ ਗੁਮਰਾਹ ਕਰ ਰਹੇ ਹਨ ਜਿਵੇਂ ਬੇਦੀ-ਸੋਢੀ ਅਜੀ ਅਸੀਂ ਗੁਰੂ ਨਾਨਕ ਦੀ ਕੁਲ ਵਿੱਚੋਂ ਹਾਂ, ਅਸੀਂ ਸੋਢੀ ਕੁਲ ਦੇ ਹਾਂ, ਅਸੀਂ ਭੱਲੇ ਹਾਂ ਗੁਰੂ ਕੁਲਾਂ ਪੂਜਣਯੋਗ ਹਨ।ਜਿਸ ਗੁਰੂ ਨੇ ਕਿਸੇ ਜਾਤਿ ਕੁਲ ਨੂੰ ਕੋਈ ਮਾਨਤਾ ਹੀ ਨਾ ਦਿੱਤੀ ਹੋਵੇ, ਉਹ ਪੂਜਣਯੋਗ ਕਿਵੇਂ ਹੋ ਗਈ? ਜੋ ਗੁਰੂ ਦੀ ਜਾਤਿ ਉਹ ਹੀ ਗੁਰੂ ਦੇ ਸਿੱਖ ਦੀ ਜਾਤਿ। ਕੀ ਬੇਦੀ ਤੇ ਸੋਢੀ ਹੀ ਗੁਰੂ ਕੁਲ ਵਿੱਚੋਂ ਤੇ ਬਾਕੀ ਗੁਰੂ ਤੋਂ ਵੱਖਰੇ ਹਨ? ਨਹੀਂ ਅਸੀਂ ਸਾਰੇ ਹੀ ਗੁਰੂ ਦੇ ਸਿੱਖ ਹਾਂ ਨਾ ਕਿ ਬੇਦੀਆਂ ਸੋਢੀਆਂ ਦੇ। ਅੱਜ ਅਸੀਂ ਬੜੇ ਫਕਰ ਨਾਲ ਕਹਿੰਦੇ ਹਾਂ ਇਹ ਜੱਟ ਸਿੱਖ, ਇਹ ਮਜ਼ਬੀ ਸਿੱਖ, ਓਹ ਰਵਿਦਾਸੀਆ ਸਿੱਖ, ਇਹ ਛੀਂਬਾ, ਓਹ ਨਾਈ ਸਿੱਖ ਅਤੇ ਇਹ ਰਾਮਗੜੀਏ ਸਿੱਖ, ਅਸੀਂ ਨਾਮਧਾਰੀ ਸਿੱਖ ਹਾਂ। ਜਿਵੇਂ ਬ੍ਰਾਹਮਣ ਸ਼ੂਦਰਾਂ ਤੋਂ ਨਫਰਤ ਕਰਦਾ ਸੀ ਇਵੇਂ ਹੀ ਅਸੀਂ ਅੱਜ ਇੱਕ ਦੂਜੇ ਤੋਂ ਕਰ ਰਹੇ ਹਾਂ ਇਸਦਾ ਪ੍ਰਤੱਖ ਸਬੂਤ ਅਸੀਂ ਧਰਮ ਅਸਥਾਨ ਵੀ ਵੱਖਰੀਆਂ-ਵੱਖਰੀਆਂ ਜਾਤਾਂ ਬਰਦਰੀਆਂ ਦੇ ਨਾਮ ਤੇ ਬਣਾਏ ਹੋਏ ਹਨ। ਲੜਕੇ ਲੜਕੀ ਦਾ ਰਿਸ਼ਤਾ ਕਰਨ ਵੇਲੇ ਸੌ ਜਾਤਿ ਬਰਾਦਰੀ ਪੁੱਛਦੇ ਹਾਂ ਇਥੋਂ ਤੱਕ ਕਿ ਸਿੱਖੀ ਧਾਰਨ ਕਰਕੇ ਵੀ, ਸਾਡੀ ਜਾਤਿ-ਪਾਤਿ ਵਾਲੀ ਨਫਰਤ ਨਹੀਂ ਜਾਂਦੀ, ਕਿਉਂ? ਖਾਸ ਕਰਕੇ ਸਿੱਖਾਂ ਵਿੱਚ ਜੱਟ ਬਰਾਦਰੀ ਵਿੱਚ ਜਾਤਿ-ਪਾਤਿ ਸਿਖਰਾਂ 'ਤੇ ਹੈ। ਪਹਿਲੀ ਤਾਂ ਗੱਲ ਜੱਟ ਕਹੀਆਂ ਜਾਂਦੀਆਂ ਨੀਵੀਆਂ ਜਾਂ ਦਲਿਤ ਜਾਤਾਂ ਵਿੱਚ ਰਿਸ਼ਤੇ-ਨਾਤੇ ਕਰਦੇ ਹੀ ਨਹੀਂ, ਜੇ ਕਿਸੇ ਅਤਿ ਮਜਬੂਰੀ ਕਾਰਨ ਕਰਨਾ ਹੀ ਪੈ ਜਾਵੇ ਤਾਂ ਲੜਕੀ ਦਾ ਕਦੇ ਨਹੀਂ ਕਰਗੇ, ਲੜਕਾ ਭਾਵੇਂ ਬਾਗੀ ਹੋ ਕੇ ਕਰ ਲਵੇ। ਜੱਟਾਂ ਦੇ ਪਿੰਡਾਂ ਵਿੱਚ ਵੀ ਦਲਿਤਾਂ ਭਾਵ ਮੰਨੀਆਂ ਗਈਆਂ ਨੀਵੀਆਂ ਜਾਤਾਂ ਦੀਆਂ ਬਸਤੀਆਂ ਵੱਖਰੀਆਂ ਰੱਖੀਆਂ ਜਾਂਦੀਆਂ ਅਤੇ ਖੇਤਾਂ ਵਿੱਚ ਕੰਮ ਕਰਨ ਵਾਲਿਆਂ ਨੂੰ ਕਮੀਨ-ਕਾਂਦੂ ਕਿਹਾ ਜਾਂਦਾ ਹੈ। ਨਿਹੰਗ ਸਿੰਘ ਜੋ ਆਪਣੇ ਆਪ ਨੂੰ ਗੁਰੂ ਕੀਆਂ ਲਾਡਲੀਆਂ ਫੌਜਾਂ ਆਖਦੇ ਹਨ, ਖੰਡੇ ਦੀ ਪਹੁਲ ਦਲਿਤਾਂ ਨੂੰ ਚੌਥੇ ਪੌੜੀਏ ਕਹਿ, ਅਲੱਗ ਬਾਟੇ ਵਿੱਚ ਦਿੰਦੇ ਨੇ, ਬਾਣਾ ਸਿੰਘਾਂ ਦਾ ਕਰਮ-ਕਰਤੂਤ ਜਾਤਿ ਅਭਿਮਾਨੀ ਬ੍ਰਾਹਮਣਾਂ ਵਾਲੀ। ਉੱਤੋਂ-ਉੱਤੋਂ ਸਾਡੇ ਬਹੁਤੇ ਪ੍ਰਚਾਰਕ ਤੇ ਪ੍ਰਬੰਧਕ ਸਟੇਜਾਂ 'ਤੇ ਜਰੂਰ-ਏਕੁ ਪਿਤਾ ਏਕਸ ਕੇ ਹਮ ਬਾਰਿਕ॥ (੬੧੧) ਦਾ ਹੋਕਾ ਦਿੰਦੇ ਹਾਨ ਪਰ ਪ੍ਰੈਕਟੀਕਲ ਰੂਪ ਵਿੱਚ ਗੁਰੂ ਦਾ ਹੁਕਮ ਮੰਨ, ਜਾਤਿ-ਪਾਤਿ ਦੇ ਕੋਹੜ ਨੂੰ ਛੱਡਦੇ ਨਹੀਂ। ਹਾਂ ਜੇ ਕਿਤੇ ਕੋਈ ਲੜਕੀ ਲੜਕਾ ਜਾਤਿ ਬਰਾਦਰੀ ਤੋਂ ਉੱਪਰ ਉੱਠ ਕੇ ਗੁਣਾਂ ਅਤੇ ਪ੍ਰੇਮ ਦੇ ਅਧਾਰ ਤੇ ਰਿਸ਼ਤਾ ਕਰ ਵੀ ਲੈਂਦਾ ਹੈ ਤਾਂ ਅਸੀਂ ਮਾਂ-ਬਾਪ ਉਸ ਨੂੰ ਕਬੂਲ ਹੀ ਨਹੀਂ ਕਰਦੇ ਸਗੋਂ ਲੜਕੇ ਲੜਕੀ ਨੂੰ ਕਤਲ ਕਰਨ ਤੱਕ ਚਲੇ ਜਾਂਦੇ ਹਾਂ ਕਿਉਂ? ਪ੍ਰਚੱਲਤ ਕਹਾਵਤ ਅਨੁਸਾਰ "ਹਾਥੀ ਦੇ ਦੰਦ ਖਾਣ ਦੇ ਹੋਰ ਤੇ ਵਿਖਾਣ ਦੇ ਹੋਰ" ਭਾਵ ਕਹਿੰਦੇ ਕੁਛ ਤੇ ਕਰਦੇ ਕੁਛ ਹੋਰ ਹਾਂ। ਉੱਤੋਂ-ਉੱਤੋਂ ਗੁਰੂ ਨੂੰ ਮੱਥਾ ਵੀ ਟੇਕਦੇ, ਪੂਜਾ-ਪਾਠ ਵੀ ਕਰਦੇ, ਗੁਰੂ ਵਾਲੇ ਅੰਮ੍ਰਿਤਧਾਰੀ ਵੀ ਅਖਵਾਉਂਦੇ ਹਾਂ ਪਰ ਗੱਲ ਬਾਮਣ ਗੁਰੂ ਦੀ ਮੰਨਦੇ ਹਾਂ ਪਰ-ਕਬੀਰ ਬਾਮਨੁ ਗੁਰੂ ਹੈ ਜਗਤ ਕਾ ਭਗਤਨ ਕਾ ਗੁਰ ਨਾਹਿ॥ ਅਰਝਿ ਉਰਝਿ ਕੇ ਪਚਿ ਮੂਆ ਚਾਰੋਂ ਬੇਦੋਂ ਮਾਹਿ॥(੧੩੭੭) ਜਾਤਾਂ ਪਾਤਾਂ ਨੂੰ ਮੰਨਣ ਤੇ ਧਾਰਨ ਵਾਲਿਓ ਦੱਸੋ ਅਸੀਂ ਬਾਮਣ ਦੇ ਸਿੱਖ ਹਾਂ ਜਾਂ ਗੁਰੂ ਦੇ? ਜੋ ਗੁਰੂ ਦਾ ਹੁਕਮ ਹੀ ਨਹੀਂ ਮੰਨਦਾ ਉਹ ਗੁਰੂ ਦਾ ਸਿੱਖ ਕਿਵੇਂ ਹੋ ਸਕਦਾ ਹੈ? ਅੱਜ ਹੁਕਮ ਅਸੀਂ ਗੁਰੂ ਨੁਮਾਂ ਭੇਖੀ ਸਾਧਾਂ-ਸੰਤਾਂ, ਅਖਾਉਤੀ ਜਥੇਦਾਰਾਂ, ਆਪੋ ਆਪਣੀਆਂ ਜਾਤੀ ਪਾਰਟੀਆਂ ਦਾ ਮੰਨਦੇ ਹਾਂ, ਗੁਰੂ ਨੂੰ ਤਾਂ ਐਵੇਂ ਲੋਕ ਦਿਖਾਵੇ ਖਾਤਿਰ ਸੀਸ ਨਿਵਾਉਂਦੇ ਹਾਂ-ਸੀਸ ਨਿਵਾਇਐ ਕਿਆ ਥੀਏ ਜਾਂ ਰਿਦੈ ਕਸੁਧੇ ਜਾਹਿ॥(੪੭੦) ਗੁਰੂ ਹੁਕਮ ਨਾਂ ਮੰਨਣਾ ਲੋਕ ਦਿਖਾਵਾ ਨਹੀਂ ਤਾਂ ਹੋਰ ਕੀ ਹੈ? ਇਨ੍ਹਾਂ ਸਤਰਾਂ ਦਾ ਲਿਖਾਰੀ ਇਕੱਲਾ ਲਿਖ ਹੀ ਨਹੀਂ ਰਿਹਾ ਪ੍ਰੈਕਟੀਕਲ ਰੂਪ ਵਿੱਚ ਵੀ ਜਾਤਿ-ਪਾਤਿ ਦੇ ਕੋਹੜ ਨੂੰ ਛੱਡ ਚੁੱਕਾ ਅਤੇ ਕਰਤਾਰ ਪਾਸ ਅਰਦਾਸ ਕਰਦਾ ਹੈ ਕਿ ਉਹ ਜਾਤਿ ਅਭਿਮਾਨੀਆਂ ਨੂੰ ਵੀ ਸੁਮਤਿ ਬਖਸ਼ੇ! ਜੋ ਊਚ-ਨੀਚ ਦੇ ਕੋਹੜ ਨੂੰ ਸਦਾ ਲਈ ਗੁਰੂ ਦਾ ਹੁਕਮ ਮੰਨਦੇ ਹੋਏ ਤਿਆਗ ਦੇਣ।

ਇਉਂ ਬਾਬੇ ਨਾਨਕ, ਉਨ੍ਹਾਂ ਦੇ ਜਾਂਨਿਸ਼ਨਾਂ ਅਤੇ ਰੱਬੀ ਭਗਤਾਂ ਨੇ, ਸਰਬ ਸਾਂਝੀਵਾਲਤਾ ਦਾ ਉਪਦੇਸ਼ ਦੇ, ਸਭ ਨੂੰ ਇੱਕ ਪਿਤਾ ਦੇ ਬੱਚੇ-ਬੱਚੀਆਂ ਦਰਸਾਉਂਦੇ ਹੋਏ, ਨੀਚਾਂ ਨੂੰ ਆਪਣਾ ਭਾਈ ਬਣਾ, ਊਚ ਕਰ ਦਿੱਤਾ।

ਸਾਰੇ ਇੱਕ ਥਾਂ ਖਾ ਪੀ, ਸੰਗਤ ਵਿੱਚ ਬਾਣੀ ਪੜ੍ਹ ਵਿਚਾਰ ਅਤੇ ਕੰਮ ਕਰ ਸਕਦੇ ਹਨ। ਇਸ ਲਈ ਸੰਗਤ-ਪੰਗਤ-ਲੰਗਰ, ਸਰਬਸ਼ਾਂਝੀਆਂ ਧਰਮਸ਼ਾਲਾਵਾਂ ਅਤੇ ਸਰਾਵਾਂ ਬਣਵਾਈਆਂ, ਸਰੋਵਰ, ਬੌਲੀਆਂ, ਅਤੇ ਖੂਹ ਲਗਵਾਏ ਜਿੱਥੇ ਸਾਰੇ ਨਹਾ ਅਤੇ ਪਾਣੀ ਪੀ ਸਕਦੇ ਸਨ। ਅੱਜ ਗੁਰੂ ਬਾਬੇ ਨਾਨਕ ਸਾਹਿਬ ਦਾ ਪ੍ਰਕਾਸ਼ ਦਿਹਾੜਾ ਮਨਾਇਆ ਤਾਂ ਹੀ ਮੁਬਾਰਕ ਹੈ ਜੇ ਅਸੀਂ ਉਨ੍ਹਾਂ ਦੇ ਉਪਦੇਸ਼ਾਂ ਨੂੰ, ਆਪਣੇ ਰੋਜ਼ਾਨਾਂ ਜੀਵਨ ਵਿੱਚ ਧਾਰਨ ਕਰੀਏ ਅਤੇ ਜਾਤ-ਪਾਤ, ਊਚ-ਨੀਚ ਵਾਲੇ ਨਫਰਤੀ ਕੋਹੜ ਨੂੰ ਆਪਣੀ ਮਾਨਸਿਕਤਾ ਤੋਂ ਗੁਰੂ ਗਿਆਨ ਦੇ ਨਸ਼ਤਰ ਨਾਲ ਕੱਟ ਕੇ ਲਾਹ ਸੁੱਟੀਏ।

# ਪੰਜਾਬੀ 'ਸੂਬਾ', ਅੱਜ ਦਾ ਪੰਜਾਬ 51ਵੇਂ ਵਰ੍ਹੇ ਵਿੱਚ?



ਜਸਵੰਤ ਸਿੰਘ 'ਅਜੀਤ'
91 9 827-19890

ਕਦੀ ਪੰਜ ਦਰਿਆਵਾਂ ਦੀ ਧਰਤੀ ਦੇ ਪੰਜ-ਆਬ, ਦੀ ਹੋਈ ਦੂਸਰੀ ਵੰਡ ਨਾਲ ਹੋਂਦ ਵਿੱਚ ਆਇਆ ਪੰਜਾਬੀ ਸੂਬਾ, ਜਿਸਨੂੰ ਅੱਜਕਲ ਪੰਜਾਬ ਆਖਿਆ ਜਾਂਦਾ ਹੈ, 31 ਅਕਤੂਬਰ ਨੂੰ ਆਪਣੀ ਸਥਾਪਨਾ ਦੇ 50 ਵਰ੍ਹੇ ਪੂਰੇ ਕਰ, ਪਹਿਲੀ ਨਵੰਬਰ ਨੂੰ ੫੧ਵੇਂ ਵਰ੍ਹੇ ਵਿੱਚ ਪ੍ਰਵੇਸ਼ ਕਰ ਗਿਆ ਹੈ। ਬੀਤੇ 50 ਵਰ੍ਹਿਆਂ ਵਿੱਚ ਪੰਜਾਬੀਆਂ ਨੇ ਕੀ ਖਟਿਆ ਅਤੇ ਕੀ ਗਵਾਇਆ? ਇਸਦੀ ਇੱਕ ਬਹੁਤ ਹੀ ਲੰਬੀ ਕਹਾਣੀ ਹੈ, ਜਿਸਦਾ ਜ਼ਿਕਰ ਫਿਰ ਕਿਸੇ ਸਮੇਂ ਕਰਨ ਲਈ ਛੱਡ, ਅਜ ਦੇ ਹਾਲਾਤ ਪੁਰ ਚਰਚਾ ਕੀਤੀ ਜਾਏ ਤਾਂ ਸਭ ਤੋਂ ਪਹਿਲਾਂ ਉਨ੍ਹਾਂ ਆਮ ਪੰਜਾਬੀਆਂ ਦੀ ਗਲ ਕਰਨੀ ਹੋਵੇਗੀ ਜੋ ਇਹ ਮੰਨ ਕੇ ਚਲ ਰਹੇ ਹਨ ਕਿ 'ਪੰਜਾਬੀ ਸੂਬੇ' ਦੇ ਹੋਂਦ ਵਿੱਚ ਆਉਣ ਨਾਲ ਅਕਾਲੀਆਂ ਦਾ ਮਾਤ੍ਰ ਇੱਕੋ-ਇੱਕ ਉਦੇਸ਼ ਪੂਰਾ ਹੋਇਆ ਹੈ, ਤੇ ਉਹ ਇਹ ਕਿ ਜਦੋਂ ਕਦੀ ਵੀ ਇਸ ਪ੍ਰਦੇਸ਼ ਵਿੱਚ ਅਕਾਲੀ-ਭਾਜਪਾ ਗਠਜੋੜ ਦੀ ਸਰਕਾਰ ਬਣਨ ਦੀਆਂ ਸੰਭਾਵਨਾਵਾਂ ਹੋਣ, ਅਕਾਲੀਆਂ ਦਾ ਪ੍ਰਦੇਸ਼ ਦੇ ਮੁੱਖ ਮੰਤਰੀ ਦੇ ਅਹੁਦੇ ਪੁਰ ਦਾਅਵਾ ਬਰਕਰਾਰ ਰਹਿ ਸਕੇ। ਇਸਤੋਂ ਬਿਨਾਂ ਨਾ ਤਾਂ ਪੰਜਾਬੀ ਸੂਬੇ ਦੇ ਗਠਨ ਤੋਂ ਬਾਅਦ ਅੱਜ ਤਕ, ਉਸਦੇ ਗਠਨ ਨਾਲ ਸੰਬੰਧਤ ਰਹੀ, ਮੁੱਖ ਮੰਗ, ਪੰਜਾਬੀ ਭਾਸ਼ਾ ਨੂੰ ਸਨਮਾਨ ਦਿੱਤੇ ਜਾਣ ਦਾ ਉਦੇਸ਼ ਪੂਰਾ ਹੋ ਸਕਿਆ ਹੈ। ਅਰਥਾਤ ਇਨ੍ਹਾਂ 50 ਵਰ੍ਹਿਆਂ ਵਿੱਚ ਪੰਜਾਬੀ ਭਾਸ਼ਾ ਦੇ ਪ੍ਰਚਾਰ-ਪਸਾਰ ਨੂੰ ਉਤਸਾਹਿਤ ਕਰਨ ਦਾ ਨਾ ਤਾਂ ਮੌਕਾ ਹੀ ਬਣ ਪਾਇਆ ਹੈ ਅਤੇ ਨਾ ਹੀ ਪ੍ਰਦੇਸ਼ ਦੀ ਰਾਜ-ਭਾਸ਼ਾ ਵਜੋਂ ਪੰਜਾਬੀ ਭਾਸ਼ਾ ਨੂੰ ਉਹ ਸਨਮਾਨ ਮਿਲ ਸਕਿਆ ਹੈ, ਜਿਸਦੀ ਉਹ ਅਧਿਕਾਰੀ ਹੈ। ਹੋਰ ਤਾਂ ਹੋਰ ਉਸਨੂੰ, ਉਹ ਸਨਮਾਨ ਵੀ ਨਹੀਂ ਮਿਲ ਪਾਇਆ ਹੈ, ਜੋ ਉਸਨੂੰ ਦੁਆਣ ਲਈ ਮੋਰਚੇ ਲਾਏ ਜਾਂਦੇ ਰਹੇ ਅਤੇ ਜਿਨ੍ਹਾਂ ਵਿੱਚ ਹਜ਼ਾਰਾਂ ਪੰਜਾਬੀ ਜੇਲ੍ਹਾਂ ਵਿੱਚ ਡੱਕੇ, ਮਾਰਾਂ-ਕੁਟਾਂ ਖਾਂਦੇ ਰਹੇ, ਫਲਸਰੂਪ ਕਈ ਪੰਜਾਬੀ ਸ਼ਹੀਦ ਵੀ ਹੋ ਗਏ।

ਪੁਰਾਣੇ ਟਕਸਾਲੀ ਅਕਾਲੀ ਆਗੂ ਦਸਦੇ ਹਨ ਕਿ, ਜਦੋਂ ਪੰਜਾਬੀ ਸੂਬੇ ਦੀ ਮੰਗ ਨੂੰ ਪੂਰਿਆਂ ਕਰਨ ਦੇ ਉਦੇਸ਼ ਨਾਲ ਉਸਦੇ ਗਠਨ ਦੀ ਪ੍ਰਕ੍ਰਿਆ ਸ਼ੁਰੂ ਹੋ ਰਹੀ ਸੀ, ਉਸ ਸਮੇਂ ਇਸ 'ਸਫਲਤਾ' ਦਾ ਸੇਹਰਾ ਬੰਨ੍ਹ ਸੁਆਗਤ ਸਨਮਾਨ ਕਰਵਾਉਣ ਲਈ ਸੰਤ ਫਤਹ ਸਿੰਘ ਵਿਦੇਸ਼ ਰਵਾਨਾ ਹੋ ਗਏ। ਪਿਛੇ ਰਹੇ ਕਥਤ ਸੀਨੀਅਰ ਅਕਾਲੀ ਲੀਡਰਾਂ ਨੇ ਹੋ ਰਹੀ ਹਦਬੰਦੀ ਵਿੱਚ ਸੂਬੇ ਦੇ ਅਤੇ ਆਪਣੇ ਹਿਤਾਂ ਦੀ ਰਖਿਆ ਕਰਨ ਦੀ ਜ਼ਿਮੇਂਦਾਰੀ ਨਿਭਾਉਣ ਪ੍ਰਤੀ ਕੋਈ ਦਿਲਚਸਪੀ ਨਹੀਂ ਵਿਖਾਈ। ਨਤੀਜਾ ਇਹ ਹੋਇਆ ਪੰਜਾਬ ਲਈ ਉਸਾਰੇ ਗਏ ਚੰਡੀਗੜ੍ਹ ਨੂੰ ਉਸਤੋਂ ਖੋਹ ਲਿਆ ਗਿਆ ਅਤੇ ਕਈ ਪੰਜਾਬੀ ਬੋਲਦੇ ਇਲਾਕੇ ਪੰਜਾਬ ਪਾਸੋਂ ਤੋੜ ਉਨ੍ਹਾਂ ਨਾਲ ਹਿੰਦੀ ਬੋਲਦੇ ਇਲਾਕੇ ਜੋੜ ਇੱਕ ਨਵੇਂ ਰਾਜ, ਹਰਿਆਣੇ ਦਾ ਗਠਨ ਕਰ ਦਿੱਤਾ ਗਿਆ। ਇਸੇਤਰ੍ਹਾਂ ਪੰਜਾਬ ਨਾਲੋਂ ਤੋੜ ਪਹਾੜੀ ਇਲਾਕੇ ਇੱਕ ਪਾਸੇ ਕਰ ਹਿਮਾਚਲ ਨੂੰ ਦੇ ਦਿੱਤੇ ਗਏ। ਇਸ ਤਰ੍ਹਾਂ ਜੋ ਪੰਜਾਬ ਦਿੱਲੀ ਦੀਆਂ ਸਰਹਦਾਂ ਤਕ ਫੈਲਿਆ ਹੋਇਆ ਸੀ, ਉਹ ਇੱਕ ਲੰਗੜੀ 'ਸੂਬੀ' ਬਣ ਕੇ ਰਹਿ ਗਿਆ। ਇਨ੍ਹਾਂ ਟਕਸਾਲੀ ਅਕਾਲੀਆਂ ਦਾ ਦਾਅਵਾ ਹੈ ਕਿ ਇਸ ਛੋਟੀ ਜਿਹੀ ਸੂਬੀ ਨੂੰ ਲੈ ਕੇ ਅਕਾਲੀ ਆਗੂਆਂ ਨੇ ਇੱਕ ਪਾਸੇ ਮਗਰਮੱਛੀ ਅਥਰੂ ਵਹਾਏ ਤੇ ਦੂਸਰੇ ਪਾਸੇ ਇਸ 'ਸਫਲਤਾ' ਪੁਰ ਖੁਸ਼ੀ ਦੇ ਸ਼ਾਦਿਆਨੇ ਵਜਾ, ਇਸੇ ਸੋਚ ਅਧੀਨ ਬਗਲਾਂ ਵਜਾਈਆਂ ਕਿ ਇਸ ਸਿੱਖ ਬਹੁਗਿਣਤੀ ਵਾਲੇ ਸੂਬੇ ਵਿੱਚ, ਉਨ੍ਹਾਂ ਦੀ ਹੀ ਤੂਤੀ ਬੋਲਦੀ ਰਹੇਗੀ ਅਤੇ ਇਸਦੇ ਮੁੱਖ ਮੰਤਰੀ ਦੇ ਅਹੁਦੇ ਪੁਰ ਉਨ੍ਹਾਂ ਦਾ ਦਾਅਵਾ ਪੱਕਾ ਬਣਿਆ ਰਹੇਗਾ। ਉਨ੍ਹਾਂ ਅਨੁਸਾਰ ਇਹ ਅਕਾਲੀ ਆਗੂ, ਜਦੋਂ ਸੱਤਾ ਤੋਂ ਬਾਹਰ ਹੁੰਦੇ ਹਨ, ਤਾਂ ਚੰਡੀਗੜ੍ਹ ਅਤੇ ਪੰਜਾਬੀ ਬੋਲਦੇ ਇਲਾਕਿਆਂ ਪੁਰ ਦਾਅਵੇ ਠੋਕ ਪੰਜਾਬੀਆਂ ਦੀਆਂ ਭਾਵਨਾਵਾਂ ਨਾਲ ਖੇਡਣਾ ਸ਼ੁਰੂ ਕਰ ਦਿੰਦੇ ਹਨ, ਜਿਉਂ ਹੀ ਸੱਤਾ ਦੀ ਕੁਰਸੀ ਪੁਰ ਬੈਠਦੇ ਹਨ, ਇਨ੍ਹਾਂ ਮੰਗਾਂ ਨੂੰ ਠੰਡੇ ਬਸਤੇ ਵਿੱਚ ਸੁਟ ਅਗਲੀ ਵਾਰ ਵਾਸਤੇ ਰਾਖਵੇਂ ਕਰ ਲੈਂਦੇ ਹਨ। 'ਲੰਗੜੇ ਪੰਜਾਬੀ ਸੂਬੇ' ਦੇ ਗਠਨ ਤੋਂ ਬਾਅਦ ਕਈ ਵਾਰ ਕੇਂਦਰ ਵਿੱਚ ਗੈਰ-ਕਾਂਗਰਸੀ ਸਰਕਾਰਾਂ ਬਣੀਆਂ, ਜਿਨ੍ਹਾਂ ਵਿੱਚ ਸ਼੍ਰੋਮਣੀ ਅਕਾਲੀ ਦਲ ਦੀ ਭਾਈਵਾਲੀ ਵੀ ਰਹੀ, ਪਰ ਉਸ ਸਮੇਂ ਦੌਰਾਨ ਅਕਾਲੀ ਨੇਤਾਵਾਂ ਨੇ ਕਦੀ ਵੀ ਪੰਜਾਬ ਤੇ ਸਿੱਖਾਂ ਦੇ ਹਿਤਾਂ-ਅਧਿਕਾਰਾਂ ਦੀ ਗਲ ਨਹੀਂ ਕੀਤੀ। ਕੇਂਦਰੀ ਸਰਕਾਰ ਵਿੱਚ ਇੱਕ ਕੁਰਸੀ ਦੀ ਭਾਈਵਾਲੀ ਲੈ, ਪੰਜਾਬ ਤੇ ਸਿੱਖ-ਪੰਥ ਦੇ ਹਿਤਾਂ ਨੂੰ ਠੰਡੇ ਬਸਤੇ ਵਿੱਚ 'ਸਾਂਭੀ' ਰਖਣ ਵਿੱਚ ਵੀ ਕਦੀ ਝਿਝਕ ਮਹਿਸੂਸ ਨਹੀਂ ਕੀਤੀ।

ਜੇ ਸੱਚਾਈ ਸਵੀਕਾਰ ਕਰਨ ਦੀ ਦਲੇਰੀ ਹੋਵੇ ਤਾਂ ਇੱਕ ਸੱਚਾਈ ਇਹ ਵੀ ਹੈ ਕਿ ਅਣਵੰਡੇ ਪੰਜਾਬ ਵਿੱਚ ਜੋ ਪੰਜਾਬੀ ਰਾਜਸੀ ਵਿਚਾਰਧਾਰਕ ਸੋਚ ਤੋਂ ਉਪਰ ਉਠ, ਸਾਂਝਾ, ਸਦੱਭਾਵਨਾ-ਪੂਰਣ ਤੇ ਪਿਆਰ ਭਰਿਆ ਜੀਵਨ ਜੀਉਂਦੇ ਤੇ ਦਿਲਾਂ ਦੀਆਂ ਡੂੰਘਿਆਈਆਂ ਵਿਚੋਂ ਉਮੜੇ ਪਿਆਰ ਨਾਲ ਇੱਕ-ਦੂਸਰੇ ਦੇ ਦੁੱਖ-ਸੁੱਖ ਵਿੱਚ ਸ਼ਾਮਲ ਹੁੰਦੇ ਚਲੇ ਆ ਰਹੇ ਸਨ, ਉਹ ਭਾਂਵੇਂ ਅੱਜ ਵੀ ਇੱਕ-ਦੂਸਰੇ ਦਾ ਦੁਖ-ਸੁਖ ਵੰਡਾਣ ਲਈ ਅੱਗੇ ਆ ਜਾਂਦੇ ਹਨ, ਪ੍ਰੰਤੂ ਰਾਜਸੀ ਵਿਚਾਰਧਾਰਕ ਸੋਚ ਦੇ ਅਧਾਰ 'ਤੇ ਉਹ ਉਸੇ ਤਰ੍ਹਾਂ ਵੰਡੇ ਹੋਏ ਹਨ, ਜਿਵੇਂ ਪੰਜਾਬੀ ਸੂਬਾ ਮੋਰਚੇ ਦੇ ਦੌਰਾਨ ਉਹ ਵੰਡੇ ਗਏ ਸਨ। ਅਰਥਾਤ ਅੱਜ ਵੀ ਉਹ, ਸ਼੍ਰੋਮਣੀ ਅਕਾਲੀ ਦਲ (ਬਾਦਲ) ਨੂੰ ਸਿੱਖਾਂ ਅਤੇ ਭਾਜਪਾ ਨੂੰ ਹਿੰਦੂਆਂ ਦਾ ਹੀ ਪ੍ਰਤੀਨਿਧ ਮੰਨ, ਚਲਦੇ ਆ ਰਹੇ ਹਨ। ਸ਼੍ਰੋਮਣੀ ਅਕਾਲੀ ਦਲ (ਬਾਦਲ) ਦੇ ਕੌਮੀ ਪ੍ਰਧਾਨ ਸ. ਸੁਖਬੀਰ ਸਿੰਘ ਬਾਦਲ ਨੇ ਸ਼ਾਇਦ, ਅਕਾਲੀ ਦਲ ਦੀ ਹਿੰਦੂਆਂ ਦੇ ਸਹਿਯੋਗ 'ਤੇ ਸਮਰਥਨ ਲਈ, ਭਾਜਪਾ ਪੁਰ ਰਾਜਸੀ ਨਿਰਭਰਤਾ ਖੱਤਮ ਕਰਨ ਦੇ ਉਦੇਸ਼ ਨਾਲ, ਸ਼੍ਰੋਮਣੀ ਅਕਾਲੀ ਦਲ (ਬਾਦਲ) ਨੂੰ ਕੌਮੀ 'ਤੇ ਧਰਮ-ਨਿਰਪੱਖ ਪਾਰਟੀ ਦੇ ਰੂਪ ਵਿੱਚ ਸਥਾਪਤ ਕਰਨ ਲਈ ਹਿੰਦੂਆਂ ਅਤੇ ਪੰਜਾਬ ਵਿਚਲੇ ਹੋਰ ਵਰਗਾਂ ਨੂੰ ਸ਼੍ਰੋਮਣੀ ਅਕਾਲੀ ਦਲ ਵਿੱਚ ਉਚੇ ਅਤੇ ਜ਼ਿਮੇਂਦਾਰ ਅਹੁਦਿਆਂ ਪੁਰ ਹਿਸੇਦਾਰੀ ਦਿੱਤੀ, ਇਸਦੇ ਬਾਵਜੂਦ ਉਹ ਸਿੱਖਾਂ ਦੀ ਸਰਵੁੱਚ ਧਾਰਮਕ ਜਥੇਬੰਦੀ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਪੁਰ ਕਬਜ਼ਾ ਬਣਾਈ ਰੱਖ, ਉਸਦੇ ਫੰਡਾਂ ਅਤੇ ਸਾਧਨਾਂ ਦੀ ਦਲ ਦੇ ਰਾਜਸੀ ਹਿਤਾਂ ਲਈ ਵਰਤੋਂ ਕਰਨ ਦੀ ਲਾਲਸਾ ਦਾ ਤਿਆਗ ਨਾ ਕਰ ਸਕੇ, ਜਿਸ ਕਾਰਣ, ਅਕਾਲੀ ਦਲ ਨੂੰ ਕੇਵਲ ਸਿੱਖਾਂ ਦਾ ਹੀ ਪ੍ਰਤੀਨਿਧ ਹੋਣ ਦੇ ਮਿਲੇ ਉਭਾਰ ਤੋਂ ਮੁਕੱਤ ਨਾ ਕਰ ਸਕੇ। ਇੱਕ ਦਿਲਚਸਪ ਪੱਖ ਇਹ ਵੀ ਰਿਹਾ ਕਿ ਦਲ ਵਿੱਚ ਪੰਜਾਬ ਦੇ ਸਾਰੇ ਵਰਗਾਂ ਨੂੰ ਪ੍ਰਤੀਨਿਧਤਾ ਦਿੱਤੇ ਜਾਣ ਦੇ ਬਾਵਜੂਦ ਸ. ਸੁਖਬੀਰ ਸਿੰਘ ਬਾਦਲ ਇੱਕ ਪਾਸੇ ਤਾਂ ਦਲ ਨੂੰ ਧਰਮ-ਨਿਰਪੱਖ ਕੌਮੀ ਪਾਰਟੀ ਵਜੋਂ ਸਥਾਪਤ ਕਰਨ ਵਿੱਚ ਸਫਲ ਨਹੀਂ ਹੋ ਸਕੇ, ਦੂਸਰੇ ਪਾਸੇ ਸਿੱਖਾਂ ਨੇ ਵੀ ਉਸਦੇ ਇੱਕ-ਮਾਤ੍ਰ ਆਪਣਾ ਪ੍ਰਤੀਨਿਧ ਹੋਣ ਪੁਰ ਵੀ ਸੁਆਲੀਆ-ਨਿਸ਼ਾਨ ਲਾਉਣਾ ਸ਼ੁਰੂ ਕਰ ਦਿੱਤਾ। ਹਾਲਾਂਕਿ ਸ਼੍ਰੋਮਣੀ ਅਕਾਲੀ ਦਲ (ਬਾਦਲ) ਪੰਜਾਬ ਵਿਚਲੇ ਸਿੱਖਾਂ ਦੇ ਇੱਕ 'ਵਰਗ ਵਿਸ਼ੇਸ਼' ਦੇ ਸਹਿਯੋਗ ਨਾਲ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੀ ਸੱਤਾ ਪੁਰ ਆਪਣਾ ਕਬਜ਼ਾ ਬਣਾਈ ਰਖਣ ਵਿੱਚ ਸਫਲ ਹੁੰਦਾ ਚਲਿਆ ਆ ਰਿਹਾ ਹੈ। ਇਸਦੇ ਨਾਲ ਹੀ ਪੰਜਾਬ ਭਾਜਪਾ ਦੇ ਮੁੱਖੀਆਂ ਨੇ ਵੀ ਸ਼੍ਰੋਮਣੀ ਅਕਾਲੀ ਦਲ (ਬਾਦਲ) ਪੁਰ ਆਪਣਾ ਦਬਾਉ ਬਣਾਈ ਰਖਣ ਦੇ ਉਦੇਸ਼ ਨਾਲ, ਉਸ ਵਲੋਂ ਹਿੰਦੂਆਂ ਵਿੱਚ ਕੀਤੀ ਜਾ ਰਹੀ ਘੁਸਪੈਠ ਦੇ ਜਵਾਬ ਵਿੱਚ, ਸਿੱਖਾਂ ਵਿੱਚ ਆਪਣੀ ਪੈਂਠ ਸਥਾਪਤ ਕਰਨ ਦੇ ਉਦੇਸ਼ ਨਾਲ ਸਿੱਖਾਂ ਨੂੰ ਆਪਣੇ ਨਾਲ ਸਿੱਧਾ ਜੋੜਨ ਲਈ ਜੋ ਕਦਮ ਵਧਾਏ, ਉਨ੍ਹਾਂ ਵਿੱਚ ਸਹਿਯੋਗ ਕਰਨ ਲਈ ਆਰ ਐਸ ਐਸ ਦੀ ਸਹਿਯੋਗੀ ਜੱਥੇਬੰਦੀ ਰਾਸ਼ਟਰੀ ਸਿੱਖ ਸੰਗਤ ਅਗੇ ਆ ਗਈ, ਇਸਦੇ ਬਾਵਜੂਦ ਭਾਜਪਾ ਵੀ, ਪੰਜਾਬੀ ਸੂਬਾ ਮੋਰਚੇ ਦੌਰਾਨ ਹਿੰਦੂਆਂ ਦੀ ਪ੍ਰਤੀਨਿਧ ਜੱਥੇਬੰਦੀ ਹੋਣ ਦੇ ਮਿਲੇ ਉਭਾਰ ਤੋਂ ਆਪਣੇ ਆਪਨੂੰ ਮੁਕੱਤ ਨਹੀਂ ਕਰ ਸਕੀ।

### ਸਿਆਸਤ ਦੀ ਪੁਣਛਾਣ

# ਪੰਜਾਬ ਦੀ ਸਿਆਸੀ ਸਥਿਤੀ ਤਿਲਕਵੇਂ ਫਰਸ਼ ਵਰਗੀ

## ਕਿਹੜਾ ਤੀਸ ਮਾਰ ਖਾਂ ਮੂਧੇ-ਮੂੰਹ ਜਾ ਡਿੱਗੇ, ਕੋਈ ਨਹੀਂ ਜਾਣਦਾ



ਪੰਮੀ ਲਾਲੋ ਮਜਾਰਾ
91-95011-43755

ਪੰਜਾਬ ਦੇ ਸਿਆਸੀ ਮਾਹਿਰ ਤੇ ਸਿਆਸਤਦਾਨ ਹੈਰਾਨ-ਪ੍ਰੇਸ਼ਾਨ ਹਨ। ਕੋਈ ਲੰਗੜੀ ਵਿਧਾਨ ਸਭਾ ਦਾ ਅੰਦਾਜ਼ਾ ਲਾ ਰਿਹਾ ਹੈ ਤੇ ਕੋਈ ਅਕਾਲੀ ਦਲ ਦੀ ਮੁੜ ਵਾਪਸੀ ਦਾ ਖਦਸ਼ਾ ਪ੍ਰਗਟ ਕਰ ਰਿਹਾ ਹੈ। ਆਪ ਵਾਲੇ ਆਪਣੀ ਸਰਕਾਰ ਬਣਾ ਕੇ ਬੈਠੇ ਹਨ ਤੇ ਕਾਂਗਰਸ ਵਾਲੇ ਆਪਣੀਆਂ ਬਾਂਹਾਂ ਫੈਲਾਈ ਬੈਠੇ ਹਨ। ਪਰ ਕਈ ਮੇਰੇ ਵਰਗੇ ਇਹ ਵੀ ਸੋਚਦੇ ਹਨ ਕਿ ਇਸ ਵਾਰ ਕਿਤੇ ਸਿਆਸੀ ਖੀਰ ਕੁੱਤਿਆਂ ਜੋਗੀ ਨਾ ਹੋ ਜਾਵੇ। ਪਰ ਕੁੱਲ ਮਿਲਾ ਕੇ ਤਾਂ ਇਸ ਵੇਲੇ ਸਿਆਸੀ ਹਾਲਾਤ ਤਿਲਕਵੇਂ ਫਰਸ਼ ਵਰਗੇ ਹੀ ਬਣੇ ਹੋਏ ਹਨ, ਪਤਾ ਨਹੀਂ ਕਿਹੜਾ ਬਾਦਲ, ਕੈਪਟਨ, ਕੇਜਰੀਵਾਲ ਤੇ ਨਵਜੋਤ ਸਿੱਧੂ ਵਰਗਾ ਤਕੜਾ ਭਲਵਾਨ ਤਿਲਕ ਕੇ ਮੂਧੇ ਮੂੰਹ ਜਾ ਡਿੱਗੇ ਤੇ ਸੁੱਚਾ ਸਿੰਘ ਛੋਟੇਪੁਰ ਤੇ ਕਰੀਮਪੁਰੀ ਵਰਗਾ ਜੰਮ ਜਾਏ ਤੇ ਸਿਆਸੀ ਹੀਰੋ ਬਣ ਜਾਵੇ।

### ਸੁੱਚਾ ਸਿੰਘ ਨੂੰ ਕੋਈ ਟਾਰਗੇਟ ਨਹੀਂ ਕਰਦਾ

ਆਪ ਦੇ ਸਾਬਕਾ ਕਨਵੀਨਰ ਸੁੱਚਾ ਸਿੰਘ ਛੋਟੇਪੁਰ ਤੇ ਨਾ ਹੀ ਕਾਂਗਰਸ ਹਮਲਾ ਕਰ ਰਹੀ ਹੈ ਤੇ ਨਾ ਹੀ ਅਕਾਲੀ ਦਲ ਵਾਲੇ। ਦੋਵਾਂ ਪਾਰਟੀਆਂ ਨੂੰ ਪਤਾ ਹੈ ਕਿ ਛੋਟੇਪੁਰ ਨੂੰ ਅਸੀਂ ਜਿੰਨਾ ਸਿਆਸੀ ਸਪੋਰਟ ਕਰਾਂਗੇ, ਆਪ ਦਾ ਉਨਾ ਹੀ ਸਿਆਸੀ ਬੇੜਾ ਗਰਕ ਹੋਵੇਗਾ। ਕਿਉਂਕਿ ਦੋਵਾਂ ਪਾਰਟੀਆਂ ਨੂੰ ਖਤਰਾ ਵੀ 'ਆਪ' ਤੋਂ ਹੀ ਹੈ। ਸੁੱਚਾ ਸਿੰਘ ਖੁਦ ਭਾਵੇਂ ਆਪਣੀ ਸੀਟ ਵੀ ਨਾ ਜਿੱਤ ਸਕੇ ਪਰ ਆਪ ਦੇ ਕਈ ਧਨੰਤਰ ਆਗੂਆਂ ਨੂੰ ਹਰਾਉਣ ਦੀ ਸਮਰੱਥਾ ਜ਼ਰੂਰ ਰੱਖਦਾ ਹੈ। ਸ਼ਾਇਦ ਇਹੀ ਵਜ੍ਹਾ ਹੈ ਕਿ ਕਾਂਗਰਸ ਤੇ ਅਕਾਲੀ ਦਲ ਵਾਲੇ ਸੁੱਚਾ ਸਿੰਘ ਛੋਟੇਪੁਰ ਨਾਲ ਦੋਸਤਾਨਾ ਵਿਵਹਾਰ ਕਰ ਰਹੇ ਹਨ।

### ਨਵਜੋਤ ਸਿੱਧੂ ਕੋਈ ਸੰਜੀਵਨੀ ਬੂਟੀ ਤਾਂ ਨਹੀਂ

ਮੀਡੀਆ ਵਾਲੇ ਜਿੰਨਾ ਮਰਜ਼ੀ ਰੌਲਾ ਪਾਈ ਜਾਣ ਪਰ ਕੁਝ ਸਿਆਸੀ ਮਾਹਿਰਾਂ ਦੀ ਰਾਏ ਹੈ ਕਿ ਨਵਜੋਤ ਸਿੱਧੂ ਕੋਈ ਸੰਜੀਵਨੀ ਬੂਟਾ ਤਾਂ ਨਹੀਂ ਹੈ ਜੋ ਆਪ ਤੇ ਕਾਂਗਰਸ ਨੂੰ ਜੀਵਨ ਦਾਨ ਦੇ ਦੇਵੇਗਾ। ਸਿੱਧੂ ਸਿਰਫ਼ ਅਕਾਲੀ ਦਲ ਤੋਂ ਆਪਣੀ ਬੇਇੱਜ਼ਤੀ ਦਾ ਬਦਲਾ ਲੈਣ ਲਈ ਹੀ ਆਪ ਤੇ ਕਾਂਗਰਸ ਨਾਲ ਆਪਣੀ ਗੰਢ ਤੁੱਪ ਕਰ ਰਿਹਾ ਹੈ। ਪਾਠਕਾਂ ਨੂੰ ਯਾਦ ਹੋਵੇਗਾ ਕਿ ਮੁੱਖ ਮੰਤਰੀ ਬਾਦਲ ਨੇ ਸਿੱਧੂ ਨੂੰ ਮਿਲਣ ਤੋਂ ਹੀ ਨਾਂਹ ਕਰ ਦਿੱਤੀ ਸੀ। ਸਿੱਧੂ ਦੀਆਂ ਇੱਛਾਵਾਂ ਤਾਂ ਮੁੱਖ ਮੰਤਰੀ ਬਣਨ ਦੀਆਂ ਹਨ, ਪਰ ਹਾਲ ਦੀ ਘੜੀ ਉਹ ਇਹ ਵੇਖ ਰਿਹਾ ਹੈ ਕਿ ਆਪ ਵਾਲੇ ਉਹਦੀ ਸਿਆਸੀ ਕੀਮਤ ਵੱਧ ਲਾਉਂਦੇ ਹਨ ਕਿ ਕਾਂਗਰਸ ਵਾਲੇ। ਜਿਸ ਪਾਸੇ ਤੋਂ ਵੀ ਸਿੱਧੂ ਦੇ ਠੂਠੇ 'ਚ ਵੱਧ ਖੈਰ ਪੈ ਗਈ, ਉਹ ਪੀਸ਼ਾ ਦੇ ਮੀਨਾਰ ਵਾਂਗ ਉਧਰ ਹੀ ਝੁਕ ਜਾਵੇਗਾ। ਸਿੱਧੂ ਆਪ ਨਾਲ ਚਲਾ ਜਾਵੇ ਤੇ ਚਾਹੇ ਕਾਂਗਰਸ ਨਾਲ, ਉਹ ਫਾਲਤੂ ਗੱਲਾਂ ਵੱਧ ਤੇ ਕੰਮ ਦੀਆਂ ਗੱਲਾਂ ਘੱਟ ਕਰੇਗਾ, ਮਤਲਬ ਪ੍ਰੇਸ਼ਾਨੀ ਦਾ ਹੀ ਸਬੱਬ ਬਣੇਗਾ। ਅਗਰ ਉਹ ਚੋਣਾਂ ਤੋਂ ਬਾਅਦ ਕਿਸੇ ਸਰਕਾਰ ਵਿਚ ਵੀ ਹੋ ਗਿਆ ਤਾਂ ਸਰਕਾਰ ਦੇ ਨੱਕ 'ਚ ਦਮ ਕਰੀ ਰੱਖੇਗਾ।

### ਕੈਪਟਨ ਦੀ ਮੰਸ਼ਾ ਆਖਿਰ ਕੀ?

ਕੈਪਟਨ ਅਮਰਿੰਦਰ ਸਿੰਘ ਦੀ ਇਕ ਹੀ ਤਮੰਨਾ ਹੈ ਕਿ ਕਿਸੇ ਤਰ੍ਹਾਂ ਕਾਂਗਰਸ ਨੂੰ ਇਕੱਲਿਆਂ ਹੀ ਪੰਜਾਬ ਵਿਚ ਬਹੁਮਤ ਮਿਲ ਜਾਵੇ ਤੇ ਮੈਂ ਬਣ ਜਾਵਾਂ ਮੁੱਖ ਮੰਤਰੀ। ਮੁੱਖ ਮੰਤਰੀ ਬਣ ਕੇ ਪੂਰੇ ਭਾਰਤ ਵਿਚ ਕਾਂਗਰਸ ਦੀ ਵਾਪਸੀ ਦਾ ਹੀਰੋ ਬਣ ਜਾਵਾਂ। ਲੱਗਦਾ ਕੈਪਟਨ ਨੇ ਜੋ ਗਲਤੀਆਂ ਅਤੀਤ ਵਿਚ ਕੀਤੀਆਂ ਹਨ, ਉਹਨਾਂ ਤੋਂ ਹੁਣ ਵੀ ਕੁਝ ਨਹੀਂ ਸਿੱਖਿਆ। 2012 ਵਿਚ ਵੀ ਜੇ ਕਾਂਗਰਸ ਨੇ ਪੀਪਲਜ਼ ਪਾਰਟੀ ਨਾਲ ਸਮਝੌਤਾ ਕੀਤਾ ਹੁੰਦਾ ਤਾਂ ਸ਼ਾਇਦ ਪਿਛਲੀ ਵਾਰ ਮੁੱਖ ਮੰਤਰੀ ਕੈਪਟਨ ਹੀ ਹੁੰਦਾ। ਇਸ ਵਾਰ ਵੀ ਕੈਪਟਨ, ਸਿੱਧੂ, ਬਸਪਾ ਤੇ ਖੱਬੇ ਪੱਖੀ ਪਾਰਟੀਆਂ ਦੇ ਸਬੰਧ ਵਿਚ ਕਰ ਰਿਹਾ ਹੈ। ਕੈਪਟਨ ਚਾਹੁੰਦਾ ਹੈ ਕਿ ਕਾਂਗਰਸ ਇਕੱਲਿਆਂ ਹੀ ਮੱਲ ਮਾਰ ਜਾਵੇ, ਪਰ ਇਸ ਤਰ੍ਹਾਂ ਹਰਗਿਜ਼ ਨਹੀਂ ਹੋ ਸਕਦਾ। ਕੈਪਟਨ ਨੇ ਬਸਪਾ ਨਾਲ ਸਮਝੌਤੇ ਦਾ ਬਿਆਨ ਦੇ ਕੇ ਇਕ ਤੀਰ ਨਲ ਕਈ ਨਿਸ਼ਾਨੇ ਮਾਰਨ ਦੀ ਕੋਸ਼ਿਸ਼ ਕੀਤੀ ਸੀ ਪਰ ਬਸਪਾ ਨੇ ਸਾਰੀ ਫੂਕ ਕੱਢ ਦਿੱਤੀ। ਕੈਪਟਨ ਦਾ ਬਿਆਨ ਸੀ ਕਿ ਬਸਪਾ ਪਹਿਲਾਂ ਕਾਂਗਰਸ ਨਾਲ ਉੱਤਰ ਪ੍ਰਦੇਸ਼ ਵਿਚ ਸਮਝੌਤਾ ਕਰੇ, ਫਿਰ ਪੰਜਾਬ 'ਚ ਕਰਾਂਗੇ। ਕੈਪਟਨ ਸ਼ਾਇਦ ਭੁੱਲ ਗਿਆ ਕਿ ਪੰਜਾਬ, ਉੱਤਰ ਪ੍ਰਦੇਸ਼ ਤਾਂ ਨਹੀਂ ਹੈ।

### ਆਪ ਦੀਆਂ ਸੀਟਾਂ 'ਤੇ ਕਾਂਗਰਸ ਦਾ ਰੰਗ

ਜ਼ਿਲ੍ਹਾ ਸ਼ਹੀਦ ਭਗਤ ਸਿੰਘ ਦੀਆਂ ਬੰਗਾ, ਨਵਾਂ ਸ਼ਹਿਰ ਤੇ ਬਲਾਚੌਰ ਤੋਂ ਆਪ ਦੇ ਐਲਾਨੇ ਉਮੀਦਵਾਰਾਂ ਦਾ ਪਿਛੋਕੜ ਲੱਗਭੱਗ ਕਾਂਗਰਸੀ ਹੀ ਹੈ। ਸਭ ਤੋਂ ਵੱਡੀ ਗੱਲ ਇਹ ਹੈ ਕਿ ਤਿੰਨੇ ਐਲਾਨੇ ਉਮੀਦਵਾਰ ਕਿਤੇ ਬਾਅਦ ਵਿਚ ਜਾ ਕੇ ਆਪ ਵਿਚ ਸ਼ਾਮਲ ਹੋਏ ਸਨ ਤੇ ਇਹ ਤਿੰਨੇ ਉਮੀਦਵਾਰ ਟਿਕਟਾਂ ਦੀ ਰੇਸ ਵਿਚ ਕਿਤੇ ਵੀ ਨਹੀਂ ਸਨ, ਮਤਲਬ ਕਿ ਤਿੰਨਾਂ ਸੀਟਾਂ ਤੋਂ ਹੀ ਜੂਨੀਅਰ ਵਰਕਰਾਂ ਨੂੰ ਟਿਕਟਾਂ ਦੇ ਦਿੱਤੀਆਂ ਗਈਆਂ ਤੇ ਸੀਨੀਅਰ ਆਗੂਆਂ ਨੂੰ ਦਰ-ਕਿਨਾਰ ਕਰ ਦਿੱਤਾ ਗਿਆ। ਆਪ ਦੇ ਸੀਨੀਅਰ ਆਗੂਆਂ ਵਿਚ ਇਸ ਕਦਰ ਰੋਸ ਹੈ ਕਿ ਜਾਂ ਤਾਂ ਉਹ ਚੁੱਪ ਕਰਕੇ ਘਰ ਬੈਠ ਗਏ ਹਨ ਤੇ ਜਾਂ ਟਿਕਟਾਂ ਲੈਣ ਲਈ ਦੂਸਰੀਆਂ ਪਾਰਟੀਆਂ ਨਾਲ ਸੰਪਰਕ ਸਾਧ ਰਹੇ ਹਨ। ਆਪ ਵੱਲੋਂ ਕਾਂਗਰਸੀ ਪਿਛੋਕੜ ਰੱਖਣ ਵਾਲੇ ਉਮੀਦਵਾਰਾਂ ਨੂੰ ਟਿਕਟਾਂ ਦੇਣ ਦਾ ਮਤਲਬ ਲੋਕ ਆਪਣੇ-ਆਪਣੇ ਢੰਗ ਨਾਲ ਕੱਢ ਰਹੇ ਹਨ। ਕੋਈ ਕਹਿੰਦਾ ਹੈ ਕਿ ਇਹ ਤਿੰਨੋਂ ਉਮੀਦਵਾਰ ਧਨਾਢ ਹਨ, ਪੈਸੇ ਲੈ ਕੇ ਇਹਨਾਂ ਨੂੰ ਟਿਕਟਾਂ ਦਿੱਤੀਆਂ ਗਈਆਂ ਹਨ ਤੇ ਕੋਈ ਕਹਿੰਦਾ ਹੈ ਕਿ ਜੇ ਆਪ ਦੇ ਉਮੀਦਵਾਰ ਨਾ ਵੀ ਜਿੱਤੇ ਤਾਂ ਕੋਈ ਗੱਲ ਨਹੀਂ, ਘੱਟ ਤੋਂ ਘੱਟ ਕਾਂਗਰਸੀ ਤਾਂ ਜਿੱਤ ਹੀ ਜਾਣਗੇ। ਜੇ ਆਪ ਤੇ ਕਾਂਗਰਸ ਨੂੰ ਬਹੁਮਤ ਨਾ ਮਿਲਿਆ ਤਾਂ ਆਪਸ ਵਿਚ ਰਲ ਕੇ ਤਾਂ ਸਰਕਾਰ ਬਣਾ ਲੈਣਗੇ। ਇਸੇ ਕਰਕੇ ਹੀ ਤਾਂ ਕਾਂਗਰਸ ਤੇ ਆਪ ਅੰਦਰੋ ਅੰਦਰੀ ਫਰੈਂਡਲੀ ਮੈਚ ਖੇਡ ਰਹੀਆਂ ਹਨ, ਅਕਾਲੀ ਦਲ ਨੂੰ ਹਰਾਉਣ ਲਈ। ਜੇ ਵੇਖਿਆ ਜਾਵੇ ਤਾਂ ਦਿੱਲੀ ਵਿਧਾਨ ਸਭਾ ਚੋਣਾਂ ਵਿਚ ਵੀ ਭਾਜਪਾ ਨੂੰ ਹਰਾਉਣ ਲਈ ਆਪ ਤੇ ਕਾਂਗਰਸ ਪਹਿਲਾਂ ਵੀ ਫਰੈਂਡਲੀ ਮੈਚ ਖੇਡ ਚੁੱਕੀਆਂ ਹਨ।

### ਕਦੇ ਨਵਜੋਤ ਸਿੱਧੂ ਲੋਕਾਂ 'ਤੇ ਹੱਸਦਾ ਸੀ

### ਤੇ ਹੁਣ ਲੋਕ ਨਵਜੋਤ ਸਿੱਧੂ ਤੇ ਹੱਸਦੇ ਹਨ।

ਸਿਆਸਤ ਦਾ ਖੇਤਰ ਅਲੱਗ ਹੈ ਤੇ ਕਮੇਡੀ ਦਾ ਖੇਤਰ ਅਲੱਗ। ਚੁਸਤ ਚਲਾਕ ਤੇ ਆਪਣੇ-ਆਪ ਨੂੰ ਸੱਤ ਪੱਤਣਾਂ ਦਾ ਤਾਰੂ ਸਮਝਣ ਵਾਲਾ ਸਿੱਧੂ ਇਸੇ ਕਰਕੇ ਸਿਆਸਤ ਨੂੰ ਸਮਝਣ ਵਿਚ ਭੁੱਲ ਕਰ ਗਿਆ। ਸਿੱਧੂ ਨੂੰ ਸਿਆਸਤ ਦੀ ਰੱਤੀ ਭਰ ਵੀ ਸਮਝ ਹੁੰਦੀ ਤਾਂ ਸ਼ਾਇਦ ਉਹ ਭਾਜਪਾ ਹੀ ਨਾ ਛੱਡਦਾ। ਪਹਿਲਾਂ ਸਿੱਧੂ ਨੇ ਕ੍ਰਿਕਟ ਦੀ ਖੇਡ ਨੂੰ ਅੱਧਵਾਟੇ ਛੱਡਿਆ। ਫਿਰ ਪਟਿਆਲੇ ਨਾਲ ਬੇਵਫਾਈ ਕੀਤੀ ਤੇ ਫਿਰ ਸ੍ਰੀ ਅੰਮ੍ਰਿਤਸਰ ਨਾਲ ਗੱਦਾਰੀ ਕੀਤੀ। ਫਿਰ ਰਹਿੰਦੀ-ਖੂੰਹਦੀ ਕਸਰ ਉਹਨੇ ਰਾਜ ਸਭਾ ਦੀ ਮੈਂਬਰੀ ਛੱਡ ਕੇ ਪੂਰੀ ਕਰ ਦਿੱਤੀ। ਜਦਕਿ ਰਾਜ ਸਭਾ ਦੀ ਮੈਂਬਰੀ ਲਈ ਖੁਦ ਪ੍ਰਧਾਨ ਮੰਤਰੀ ਨੇ ਉਹਦੇ ਨਾਂ ਦੀ ਸਿਫਾਰਸ਼ ਕੀਤੀ ਸੀ। ਗੱਲ ਕਾਹਦੀ ਨਵਜੋਤ ਸਿੱਧੂ ਨੂੰ ਇਹ ਭਰਮ ਪੈ ਗਿਆ ਸੀ ਕਿ ਸ਼ਾਇਦ ਕਿ ਸ਼ਾਇਦ ਇਹ ਸਿਆਸਤ ਮੇਰੇ ਹਾਣ ਦੀ ਵੀ ਨਹੀਂ ਹੈ, ਮੇਰਾ ਕੱਦ ਤਾਂ ਸਿਆਸਤ ਤੋਂ ਕਿਤੇ ਉਪਰ ਹੈ। ਜੇ ਨਵਜੋਤ ਸਿੱਧੂ ਇਸ ਗੱਲ ਨੂੰ ਯਾਦ ਰੱਖਦਾ ਕਿ ਇਸ ਚੰਦਰੀ ਸਿਆਸਤ ਨੇ ਬਲਵੰਤ ਸਿੰਘ ਰਾਮੂਵਾਲੀਆ, ਕੁਲਦੀਪ ਮਾਣਕ, ਹਰਭਜਨ ਮਾਨ, ਮੁਹੰਮਦ ਸਦੀਕ, ਹੰਸ ਰਾਜ ਹੰਸ, ਕੇ. ਐਸ. ਮੱਖਣ, ਗੁੱਲ ਪਨਾਗ, ਸ਼ਤਰੂਘਨ ਸਿਨਹਾ ਤੇ ਹੋਰ ਪਤਾ ਨਹੀਂ ਕਿੰਨਿਆਂ ਕੁ ਨੂੰ ਆਪਣੇ ਬੇਦਰਦ ਪੈਰਾਂ ਹੇਠ ਦਰੜ ਕੇ ਰੱਖ ਦਿੱਤਾ ਹੈ ਤਾਂ ਸ਼ਾਇਦ ਸਿੱਧੂ ਕਦੇ ਵੀ ਆਪਣੀ ਮੰਜ਼ਿਲ ਤੋਂ ਨਾ ਭਟਕਦਾ। 'ਆਵਾਜ਼-ਏ-ਪੰਜਾਬ' ਨਾਂ ਦਾ ਫੋਰਮ ਬਣਾ ਕੇ ਸਿੱਧੂ ਕਦੇ ਆਪ ਨੂੰ ਬਲੈਕਮੇਲ ਕਰਨ ਦੀ ਕੋਸ਼ਿਸ਼ ਕਰਦਾ ਹੈ ਤੇ ਕਦੇ ਕਾਂਗਰਸ ਨੂੰ। ਪਰ ਸਿੱਧੂ ਸ਼ਾਇਦ ਇਹ ਭੁੱਲ ਗਿਆ ਹੈ ਕਿ ਕਿਸੇ ਨੂੰ ਬਲੈਕਮੇਲ ਕਰਨ ਲਈ ਆਪਣੇ ਪੱਲੇ ਵੀ ਕੁਝ ਚਾਹੀਦਾ ਹੈ। ਹੁਣ ਸਿੱਧੂ ਸਿਆਸਤ ਦੇ ਭੰਵਰ 'ਚ ਇਸ ਕਦਰ ਡੁੱਬ ਗਿਆ ਹੈ ਕਿ ਉਹ ਕੋਈ ਖੁਦ ਫੈਸਲਾ ਹੀ ਨਹੀਂ ਲੈ ਪਾ ਰਿਹਾ। ਤੇ ਇਸੇ ਕਰਕੇ ਲੋਕ ਨਵਜੋਤ ਸਿੱਧੂ ਦੀ ਸੋਚ 'ਤੇ ਠਹਾਕੇ ਮਾਰ-ਮਾਰ ਕੇ ਹੱਸ ਰਹੇ ਹਨ।

### ਕੈਪਟਨ ਵੀ ਕਸੂਤਾ ਫਸਿਆ ਹੋਇਆ ਹੈ

ਆਪਣੇ-ਆਪ ਨੂੰ ਪੰਜਾਬ ਦਾ ਸੰਭਾਵੀ ਮੁੱਖ ਮੰਤਰੀ ਸਮਝਣ ਵਾਲਾ ਕੈਪਟਨ ਅਮਰਿੰਦਰ ਸਿੰਘ ਹਾਲੇ ਵੀ ਉਧੇੜ-ਬੁਣ ਵਿਚ ਸਿਆਸਤ ਵਿਚ ਉਲਝਿਆ ਹੋਇਆ ਹੈ। ਨਵਜੋਤ ਸਿੱਧੂ ਨੂੰ ਉਪ ਮੁੱਖ ਮੰਤਰੀ ਦਾ ਅਹੁਦਾ ਦੇਣ ਲਈ ਨਾ ਮੰਨਣਾ, ਖੱਬੇ ਪੱਖੀ ਪਾਰਟੀਆਂ ਤੇ ਬਸਪਾ ਨਾਲ ਗੱਠਜੋੜ ਦੀ ਰਣਨੀਤੀ ਨੂੰ ਆਖਰੀ ਛੋਹ ਨਾ ਦੇਣਾ, ਵਿਧਾਨ ਸਭਾ ਚੋਣਾਂ ਤੋਂ ਪਹਿਲਾਂ 6 ਮਹੀਨੇ ਉਮੀਦਵਾਰਾਂ ਦਾ ਐਲਾਨ ਨਾ ਕਰਨਾ, ਹੰਸ ਰਾਜ ਹੰਸ ਤੇ ਰਾਜ ਸਭਾ ਮੈਂਬਰ ਸਮਸ਼ੇਰ ਸਿੰਘ ਦੇ ਵਿਚਕਾਰ ਪੈਦਾ ਹੋਈ ਖਿੱਚੋ-ਤਾਣ ਨੂੰ ਦੂਰ ਨਾ ਕਰਨਾ, ਸ਼ਾਇਦ ਇਸੇ ਉਲਝਣ ਦਾ ਹਿੱਸਾ ਕਿਹਾ ਜਾ ਸਕਦਾ ਹੈ।

### ਕੇ. ਐਸ. ਮੱਖਣ ਦੇ ਅਕਾਲੀ ਦਲ ਵਿਚ ਜਾਣ ਦੇ ਚਰਚੇ

ਪਤਾ ਲੱਗਾ ਹੈ ਕਿ ਪੰਜਾਬ ਦਾ ਧਨੰਤਰ ਗਵੱਈਆ ਤੇ ਸ੍ਰੀ ਆਨੰਦਪੁਰ ਸਾਹਿਬ ਤੋਂ ਬਸਪਾ ਦੀ ਟਿਕਟ ਤੇ 2014 ਵਿਚ ਲੋਕ ਸਭਾ ਦੀ ਚੋਣ ਲੜਨ ਵਾਲਾ ਕੇ. ਐਸ. ਮੱਖਣ ਇਸ ਵਾਰ ਅਕਾਲੀ ਦਲ ਦੀ ਟਿਕਟ ਤੇ ਕਪੂਰਥਲਾ ਵਿਧਾਨ ਸਭਾ ਹਲਕੇ ਤੋਂ ਰਾਜਨੀਤਿਕ ਜ਼ੋਰ-ਅਜ਼ਮਾਇਸ਼ ਕਰਨ ਦੀ ਤਿਆਰੀ ਕਰ ਰਿਹਾ ਹੈ। ਮੱਖਣ ਬੇਸ਼ੱਕ ਅਕਾਲੀ ਦਲ ਵਿਚ ਚਲਾ ਜਾਵੇ ਪਰ ਉਹਨੇ ਖੁਦ ਆਪਣੇ ਇਕ ਬਿਆਨ ਵਿਚ ਕਿਹਾ ਸੀ ਕਿ ਬਸਪਾ ਮੇਰੇ ਲਈ ਬਹੁਤ ਹੀ ਲੱਕੀ ਰਹੀ ਹੈ ਕਿਉਂਕਿ ਮੈਂ ਸਾਰੇ ਕੇਸਾਂ ਵਿਚੋਂ ਬਰੀ ਹੋ ਗਿਆ ਹਾਂ। ਪਰ ਹੁਣ ਵੇਖਣਾ ਇਹ ਹੋਵੇਗਾ ਕਿ ਕੇ. ਐਸ. ਮੱਖਣ ਨੂੰ ਅਕਾਲੀ ਦਲ ਲੱਕੀ ਬਹਿੰਦਾ ਹੈ ਕਿ ਅਨਲੱਕੀ।

### ਵੋਟਰ, ਸਪੋਰਟਰ ਤੇ ਅਫਸਰ ਸਭ ਦੁਚਿੱਤੀ ਵਿਚ

ਖੁਦ ਨੇਤਾ ਤਾਂ ਇਸ ਵਾਰ ਦੁਚਿੱਤੀ ਵਿਚ ਹੈ ਹੀ ਹਨ, ਵੋਟਰ, ਸਪੋਰਟਰ ਤੇ ਸਾਰੀ ਅਫਸਰਸ਼ਾਹੀ ਵੀ ਦੁਚਿੱਤੀ ਵਿਚ ਹੀ ਨਜ਼ਰ ਆ ਰਹੀ ਹੈ। ਅਕਸਰ ਚੋਣਾਂ ਵਿਚ ਜਿਸ ਪਾਰਟੀ ਦਾ ਹੱਕ ਉਪਰ ਹੁੰਦਾ ਹੈ, ਅਫਸਰਸ਼ਾਹੀ ਉਸੇ ਪਾਰਟੀ ਵੱਲ ਹੀ ਝੁਕ ਜਾਂਦੀ ਹੈ, ਪਰ ਇਸ ਵਾਰ ਅਫਸਰਸ਼ਾਹੀ ਕੋਈ ਵੀ ਰਿਸਕ ਲੈਣ ਨੂੰ ਤਿਆਰ ਨਹੀਂ। ਕਿਉਂਕਿ ਪਿਛਲੀ ਵਾਰ ਚੋਣ ਨਤੀਜਿਆਂ ਤੋਂ ਪਹਿਲਾਂ ਹੀ ਅਫਸਰ ਕੈਪਟਨ ਅਮਰਿੰਦਰ ਦੇ ਗੋਡੇ ਘੁੱਟਣ ਲੱਗ ਪਏ ਸਨ। ਪਰ ਜਦ ਨਤੀਜੇ ਆਏ ਤਾਂ ਸਭ ਕੁਝ ਉਲਟ-ਪੁਲਟ ਹੋ ਗਿਆ ਸੀ, ਮਤਲਬ ਅਕਾਲੀ ਦਲ ਦੀ ਮੁੜ ਸਰਕਾਰ ਬਣ ਗਈ ਸੀ।

### ਸ਼ਰਾਬ ਮਾਫੀਆ ਦੀ ਗੁੰਡਾਗਰਦੀ

ਸ਼ਰਾਬ ਮਾਫੀਆ ਲੋਕਾਂ ਦੀ ਗੁੰਡਾਗਰਦੀ ਇਕ ਮਿੰਟ ਵੀ ਨਹੀਂ ਚੱਲ ਸਕਦੀ, ਜੇ ਇਹਨਾਂ ਗੁੰਡਿਆਂ ਨੂੰ ਸਰਕਾਰ ਦੀ ਸਰਪ੍ਰਸਤੀ ਹਾਸਲ ਨਾ ਹੋਵੇ। ਇਹਨਾਂ ਦੀਆਂ ਤੇਜ ਰਫਤਾਰ ਗੱਡੀਆਂ ਐਂਬੂਲੈਂਸਾਂ ਨੂੰ ਵੀ ਮਾਤ ਪਾਉਂਦੀਆਂ ਹਨ। ਮਤਲਬ ਇਹ ਗੱਡੀਆਂ ਕਿਸੇ ਚੰਗੇ ਭਲੇ ਵਿਅਕਤੀ ਨੂੰ ਦਰੜ ਕੇ ਮਾਰ ਸਕਦੀਆਂ ਹਨ ਤੇ ਇਹਨਾਂ ਗੱਡੀਆਂ ਵਿਚ ਬੈਠੇ ਗੁੰਡੇ ਕਿਸੇ ਦੀ ਵੀ ਕੁੱਟਮਾਰ ਕਰਕੇ ਸੜਕ 'ਤੇ ਸੱਟ ਸਕਦੇ ਹਨ ਤੇ ਜਾਂ ਠੇਕੇ 'ਤੇ ਖੜ੍ਹੇ ਕਿਸੇ ਵੀ ਬੰਦੇ ਦਾ ਕਤਲ ਕਰ ਸਕਦੇ ਹਨ। ਜੇ ਇਹਨਾਂ ਤੇ ਕਿਤੇ ਪਰਚਾ ਦਰਜ ਹੋ ਵੀ ਜਾਵੇ ਤਾਂ ਇਹ ਆਪਣੇ ਕਰਿੰਦਿਆਂ ਦੇ ਸਿਰ ਪਰਚਾ ਕਰਵਾ ਦਿੰਦੇ ਹਨ। ਉਹਨਾਂ ਦੇ ਪਰਿਵਾਰਾਂ ਦੀ ਤੇ ਜੇਲ੍ਹ 'ਚ ਬੈਠੇ ਕਰਿੰਦਿਆਂ ਦੇ ਖਰਚ ਦੀ ਜ਼ਿੰਮੇਵਾਰੀ ਪਿੱਛੇ ਮਾਫੀਆ ਗਿਰੋਹ ਦੇ ਲੋਕ ਚੁੱਕਦੇ ਹਨ। ਤੇ ਉਹਨਾਂ ਦੀਆਂ ਜਮਾਨਤਾਂ ਦਾ ਸਾਰਾ ਪ੍ਰਬੰਧ ਵੀ ਇਹੀ ਲੋਕ ਕਰਦੇ ਹਨ। ਸੁਪਰੀਮ ਕੋਰਟ 'ਚ ਜਾ ਕੇ ਇਹ ਲੋਕ ਬਾ-ਇੱਜ਼ਤ ਹੋ ਜਾਂਦੇ ਹਨ, ਕਿਉਂਕਿ ਪੰਜਾਬ ਪੁਲਿਸ ਸੁਪਰੀਮ ਕੋਰਟ ਤੱਕ ਪਹੁੰਚ ਹੀ ਨਹੀਂ ਸਕਦੀ।

### ਪੰਜਾਬ ਵਿਚ ਗੁੰਡਾ ਐਕਟ ਕਿਉਂ ਨਹੀਂ?

ਪੰਜਾਬ ਦੇ ਦੋ-ਅਰਥੇ ਤੇ ਅਸ਼ਲੀਲ ਗੀਤ ਗਾਉਣ ਵਾਲੇ ਗਾਇਕਾਂ ਨੂੰ ਨੱਥ ਪਾਉਣ ਲਈ ਤਾਮਿਲਨਾਡੂ ਦੀ ਤਰਜ਼ 'ਤੇ ਕੋਈ ਵੀ ਸਿਆਸੀ ਪਾਰਟੀ ਗੁੰਡਾ ਐਕਟ ਬਣਾਉਣ ਲਈ, ਵੋਟਰਾਂ ਨਾਲ ਕਿਉਂ ਨਹੀਂ ਵਾਅਦਾ ਕਰਦੀ। ਅਕਾਲੀ ਸਰਕਾਰ ਨੇ ਤਾਂ ਇਹ ਐਕਟ ਨਹੀਂ ਬਣਾਇਆ। ਕੀ ਆਪ ਵੱਲੋਂ ਭਗਵੰਤ ਮਾਨ ਤੇ ਗੁਰਪ੍ਰੀਤ ਘੁੱਗੀ ਤੇ ਜਾਂ ਕਾਂਗਰਸ ਵੱਲੋਂ ਹੰਸ ਰਾਜ ਹੰਸ, ਸਤਵਿੰਦਰ ਬਿੱਟੀ ਤੇ ਬਲਕਾਰ ਸਿੱਧੂ ਇਸ ਸਬੰਧ ਵਿਚ ਕੋਈ ਵੋਟਰਾਂ ਨਾਲ ਵਾਅਦਾ ਕਰਨਗੇ। ਤਾਂ ਜੋ ਸਰਕਾਰ ਬਣਨ ਤੇ ਅਜਿਹੇ ਫੁਕਰੇ ਗਾਇਕਾਂ ਨੂੰ ਗੁੰਡਾ ਐਕਟ ਦੇ ਤਹਿਤ ਜੇਲ੍ਹ 'ਚ ਸੁੱਟ ਕੇ ਫੁਕਰਪੁਣਾ ਕੱਢਿਆ ਜਾ ਸਕੇ।

### ਪੰਜਾਬ ਦੀਆਂ ਸਭ ਸਿਆਸੀ ਪਾਰਟੀਆਂ ਦਾ ਪੇਟ ਦਰਦ ਵਧਿਆ

### ਰਸੀਆ ਨਿੰਬੂ ਲਿਆਦੇ ਵੇ – ਮੇਰੇ ਉੱਠੀ ਕਲੇਜੇ ਪੀੜ

ਪੰਜਾਬ ਦੀ ਸਿਆਸੀ ਸਥਿਤੀ ਰੇਸ਼ਮ ਦੇ ਤੰਦ ਵਾਂਗਰ ਦਿਨੋ ਦਿਨ ਉਲਝਦੀ ਹੀ ਜਾ ਰਹੀ ਹੈ। ਹਰ ਰੋਜ਼ ਕੋਈ ਨਾ ਕੋਈ ਜਣਾ-ਖਣਾ ਆਪਣਾ ਛੋਟਾ-ਮੋਟਾ ਦਲ ਬਣਾ ਕੇ ਇਸ ਸਥਿਤੀ ਨੂੰ ਹੋਰ ਗੁੰਝਲਦਾਰ ਬਣਾਉਣ ਵਿਚ ਆਪਣਾ ਯੋਗਦਾਨ ਪਾ ਰਿਹਾ ਹੈ। ਅੰਜ਼ਾਮ ਭਾਵੇਂ ਕਿੰਨਾ ਵੀ ਮਾੜਾ ਕਿਉਂ ਨਾ ਨਿਕਲੇ। ਪਹਿਲਾਂ ਏਦਾਂ ਲੱਗਦਾ ਸੀ ਕਿ ਨਸ਼ਿਆਂ ਦੇ ਨਾਂ ਤੇ ਕਾਂਗਰਸ ਤੇ ਆਮ ਆਦਮੀ ਪਾਰਟੀ ਕੁਝ ਸਿਆਸੀ ਕੀਮਤ ਵੱਟ ਜਾਣਗੀਆਂ। ਪਰ ਕਾਂਗਰਸ ਦਾ ਪੇਟ ਦਰਦ ਸ਼ਮਸ਼ੇਰ ਦੂਲੋਂ ਤੇ ਪ੍ਰਤਾਪ ਸਿੰਘ ਬਾਜਵਾ ਨੇ ਲਗਾਤਾਰ ਵਧਾ ਰੱਖਿਆ ਹੈ। ਕੈਪਟਨ ਜਿੰਨਾ ਮਰਜ਼ੀ ਇਸ ਪੇਟ ਦਰਦ ਦਾ ਇਲਾਜ ਕਰਵਾ ਲਵੇ, ਪਰ ਜਿਹੜੀ ਇਨਫੈਕਸ਼ਨ ਕਾਂਗਰਸ ਦੇ ਪੇਟ ਵਿਚ ਫੈਲਣੀ ਸੀ, ਉਹ ਫੈਲ ਚੁੱਕੀ ਹੈ। ਮਤਲਬ ਕਿ ਜਿਹੜਾ ਇਲਾਜ ਵੀ ਕੈਪਟਨ ਕਰਵਾ ਰਿਹਾ ਹੈ, ਉਹ ਵੀ ਐਨਾ ਅਸਰਦਾਰ ਨਹੀਂ ਹੈ। ਇਹ ਦਰਦ ਨਾਸੂਰ ਵੀ ਬਣ ਸਕਦਾ ਹੈ ਕਿਉਂਕਿ ਪ੍ਰਤਾਪ ਸਿੰਘ ਬਾਜਵੇ ਤੋਂ ਪੰਜਾਬ ਦੀ ਪ੍ਰਧਾਨਗੀ ਖੋਹ ਕੇ ਜਿਸ ਤਰ੍ਹਾਂ ਰਾਤੋ-ਰਾਤ ਕੈਪਟਨ ਅਮਰਿੰਦਰ ਸਿੰਘ ਨੂੰ ਦਿੱਤੀ ਗਈ ਸੀ, ਉਸ ਬੇਇੱਜ਼ਤੀ ਨੂੰ ਬਾਜਵਾ ਕਿਵੇਂ ਭੁੱਲ ਸਕਦਾ ਹੈ। ਦੂਸਰੇ ਪਾਸੇ ਹੰਸ ਰਾਜ ਹੰਸ ਅਤੇ ਸ਼ਮਸ਼ੇਰ ਸਿੰਘ ਵਿਚਾਲੇ ਉਠੇ ਵਿਵਾਦ ਵਿਚ ਕੈਪਟਨ ਨੇ ਹੰਸ ਦੀ ਤਰਫਦਾਰੀ ਹੀ ਕੀਤੀ ਸੀ। ਦੂਲੋਂ ਦਾ ਸਟੈਂਡ ਇਹੀ ਹੈ ਕਿ ਪੰਜਾਬ ਦਾ ਮੁੱਖ ਮੰਤਰੀ ਕਿਸੇ ਦਲਿਤ ਨੂੰ ਐਲਾਨਿਆ ਜਾਵੇ। ਇਸੇ ਕਰਕੇ ਕੈਪਟਨ, ਦੂਲੋਂ ਨੂੰ ਆਪਣਾ ਰਾਜਨੀਤਿਕ ਵਿਰੋਧੀ ਸਮਝਦਾ ਹੈ। ਦੂਸਰੇ ਪਾਸੇ ਕੈਪਟਨ ਨੇ ਹੁਣ ਨਸ਼ਿਆਂ ਦਾ ਮੁੱਦਾ ਵੀ ਜਿਵੇਂ ਵਿਸਾਰ ਹੀ ਦਿੱਤਾ ਹੈ। ਮਤਲਬ ਕਿ ਕੈਪਟਨ ਨੂੰ ਅੰਦਰਲੀ ਚਿੰਤਾ ਜ਼ਿਆਦਾ ਹੈ ਤੇ ਬਾਹਰਲੀ ਘੱਟ। ਪ੍ਰਸ਼ਾਂਤ ਕਿਸ਼ੋਰ ਨਾਲ ਵੀ ਉਹਦਾ ਨਾਪਤੋਲ ਫਿੱਟ ਨਹੀਂ ਬੈਠਦਾ। ਫੰਡ ਦੀ ਵੀ ਘਾਟ ਹੈ। ਗਰੁੱਪ ਬਾਜ਼ੀ ਵੀ ਪੂਰੀ ਚਰਮ ਸੀਮਾ 'ਤੇ ਹੈ। ਰਾਹੁਲ ਗਾਂਧੀ ਕੋਲ ਵੀ ਕੋਇ ਨਵੀਂ ਰਣਨੀਤੀ ਨਹੀਂ ਹੈ। ਪ੍ਰਿਅੰਕਾ ਗਾਂਧੀ ਵੀ ਪ੍ਰਚਾਰ ਕਰਨ ਤੋਂ ਭੱਜ ਰਹੀ ਹੈ। ਦਿਨੋ ਦਿਨ ਅਕਾਲੀ ਦਲ ਵੀ ਵਾਪਸੀ ਕਰ ਰਿਹਾ ਹੈ। ਜਿੰਨੇ ਪੰਜਾਬ ਵਿਚ ਜ਼ਿਆਦਾ ਬਹੁਕੋਨੇ ਮੁਕਾਬਲੇ ਹੋਣਗੇ, ਅਕਾਲੀ ਦਲ ਨੂੰ ਉਨਾ ਹੀ ਜ਼ਿਆਦਾ ਫਾਇਦਾ ਹੋਵੇਗਾ। ਪਾਣੀਆਂ ਦੇ ਮਸਲੇ 'ਤੇ ਵੀ ਅਕਾਲੀ ਦਲ ਫੂਕ-ਫੂਕ ਕੇ ਕਦਮ ਰੱਖ ਰਿਹਾ ਹੈ। ਅਕਾਲੀ ਦਲ ਦੇ ਪੇਟ ਦਰਦ ਵਧਣ ਦੀ ਇਕ ਹੀ ਸੰਭਾਵਨਾ ਹੈ ਕਿ ਕਿਤੇ ਬਸਪਾ ਤੇ ਕਾਂਗਰਸ ਜਾਂ ਕਾਂਗਰਸ ਤੇ ਸਿੱਧੂ ਦਾ ਤੇ ਜਾਂ ਸਿੱਧੂ ਦਾ ਆਪ ਨਾਲ ਗੱਠਜੋੜ ਨਾ ਹੋ ਜਾਵੇ। ਪਾਣੀਆਂ ਦੇ ਮਸਲੇ ਤੇ ਕਾਂਗਰਸ ਨੂੰ ਕੋਈ ਬਹੁਤਾ ਫਾਇਦਾ ਮਿਲਣ ਵਾਲਾ ਨਹੀਂ ਹੈ। ਬੇਸ਼ੱਕ ਕੈਪਟਨ ਸਮੇਤ ਸਭ ਵਿਧਾਇਕਾਂ ਨੇ ਆਪਣੀ-ਆਪਣੀ ਮੈਂਬਰੀ ਤੋਂ ਅਸਤੀਫੇ ਦੇ ਦਿੱਤੇ ਹਨ ਪਰ ਸਭ ਜਾਣਦੇ ਹਨ ਕਿ ਪੰਜਾਬ ਵਿਧਾਨ ਸਭਾ ਦੀ ਮਿਆਦ ਖਤਮ ਹੋਣ ਵਾਲੀ ਹੈ ਤੇ ਕਿਸੇ ਵੇਲੇ ਵੀ ਚੋਣ ਜਾਬਤਾ ਲੱਗ ਸਕਦਾ ਹੈ ਤੇ ਵਿਧਾਨ ਪਾਲਿਕਾ ਸ਼ਕਤੀਹੀਣ ਹੋਣ ਵਾਲੀ ਹੈ, ਇਸ ਕਰਕੇ ਕੈਪਟਨ ਚੀਚੀ ਨੂੰ ਚੀਰਾ ਦੇ ਕੇ ਸ਼ਹੀਦ ਹੋਣ ਦੀ ਜਿਹੜੀ ਕੋਸ਼ਿਸ਼ ਕਰ ਰਿਹਾ ਹੈ, ਉਹ ਵੀ ਸਾਜ਼ਗਾਰ ਸਾਬਤ ਹੋਣ ਵਾਲੀ ਨਹੀਂ ਹੈ। ਸਭ ਤੋਂ ਵੱਧ ਪੇਟ ਦਰਦ ਭਾਜਪਾ ਦੇ ਹੋਣ ਵਾਲਾ ਹੈ, ਕਿਉਂਕਿ ਪੰਜਾਬ ਵਿਚ ਉਹ ਪਿਛਲੇ 10 ਸਾਲਾਂ ਤੋਂ ਅਕਾਲੀ ਦਲ ਨਾਲ ਰਲ ਕੇ ਰਾਜਨੀਤਿਕ ਰਸਮਲਾਈ ਖਾ ਰਹੀ ਹੈ। ਹਰਿਆਣੇ ਵਿਚ ਵੀ ਭਾਜਪਾ ਦੀ ਹੀ ਸਰਕਾਰ ਹੈ ਤੇ ਕੇਂਦਰ ਵਿਚ ਵੀ ਭਾਜਪਾ ਹੀ ਕੇਂਦਰਿਤ ਹੈ। ਪੰਜਾਬ ਵਿਚ ਭਾਜਪਾ ਨੂੰ ਪਾਣੀਆਂ ਦੀ ਖਾਤਰ ਪੰਜਾਬ ਦੇ ਹਿੱਤਾਂ ਦੀ ਖਾਤਰ ਮਗਰਮੱਛ ਵਾਲੇ ਹੰਝੂ ਵਹਾਉਣੇ ਹੀ ਪੈਣਗੇ। ਤੇ ਉਧਰ ਖਾਪ ਪੰਚਾਇਤਾਂ ਨੇ ਵੀ ਹਰਿਆਣੇ ਦੇ ਮੁੱਖ ਮੰਤਰੀ ਦਾ ਪੇਟ ਦਰਦ ਇਹ ਕਹਿ ਕੇ ਵਧਾ ਦਿੱਤਾ ਹੈ ਕਿ ਜੇ ਪੰਜਾਬ ਨੇ ਐਸ. ਵਾਈ. ਐਲ. ਨਹਿਰ ਦੇ ਮਾਮਲੇ ਵਿਚ ਹਰਿਆਣੇ ਦੇ ਹੱਕ ਵਿਚ ਆਇਆ ਮਾਣਯੋਗ ਸੁਪਰੀਮ ਕੋਰਟ ਦਾ ਫੈਸਲਾ ਨਾ ਲਾਗੂ ਕੀਤਾ ਤਾਂ ਹਰਿਆਣੇ ਵਿਚ ਪੰਜਾਬ ਦੇ ਲੋਕਾਂ ਦੀ ਆਣੀ-ਜਾਣੀ ਬੰਦ ਕਰ ਦਿੱਤੀ ਜਾਵੇਗੀ। ਜੇ ਅਜਿਹਾ ਹੋਇਆ ਤਾਂ ਖੱਟੜ ਦੇ ਰਾਜਨੀਤਿਕ ਬਦਨ ਤੇ ਇਕ ਹੋਰ ਧੱਬਾ ਲੱਗ ਜਾਵੇਗਾ। ਕਿਉਂਕਿ ਬਾਬਾ ਰਾਮ ਪਾਲ ਤੇ ਜਾਟ ਰਿਜ਼ਰਵੇਸ਼ਨ ਅੰਦੋਲਨ ਦੇ ਦੌਰਾਨ ਔਰਤਾਂ ਨਾਲ ਹੋਈਆਂ ਜਬਰ ਜਿਨਾਹ ਦੀਆਂ ਘਟਨਾਵਾਂ ਨੇ ਭਾਜਪਾ ਨੂੰ ਪਹਿਲਾਂ ਹੀ ਸ਼ਰਮਸਾਰ ਕੀਤਾ ਹੋਇਆ ਹੈ। ਰਹੀ ਗੱਲ ਆਪ ਦੀ, ਆਪ ਉਮੀਦਵਾਰਾਂ ਦੀਆਂ ਜਾਰੀ ਕੀਤੀਆਂ ਦੋ ਸੂਚੀਆਂ ਤੋਂ ਬਾਅਦ ਲੱਗੇ ਸਦਮੇ ਤੋਂ ਹਾਲੇ ਵੀ ਨਹੀਂ ਉਭਰੀ ਸੀ ਕਿ ਪਾਣੀਆਂ ਦੇ ਮਸਲੇ ਨੇ ਕੇਜਰੀਵਾਲ ਨੂੰ ਧਰਮ ਸੰਕਟ ਵਿਚ ਪਾ ਕੇ ਰੱਖ ਦਿੱਤਾ ਹੈ। ਉਹ ਪੰਜਾਬ ਨਾਲ ਖੜ੍ਹੇ ਜਾਂ ਹਰਿਆਣੇ ਨਾਲ ਆਪ ਹਾਲੇ ਕੁਝ ਵੀ ਕਹਿਣ ਨੂੰ ਤਿਆਰ ਨਹੀਂ ਹੈ। ਆਪ ਦੀ ਕੋਸ਼ਿਸ਼ ਹੋਵੇਗੀ ਕਿ ਜਨਤਾ ਨੂੰ ਕੋਈ ਸਿੱਧਾ ਜਵਾਬ ਦੇਣ ਦੀ ਬਜਾਏ ਸ਼ਬਦਾਂ ਨਾਲ ਹੀ ਖੇਡ ਲਿਆ ਜਾਵੇ ਤਾਂ ਚੰਗਾ ਹੈ। ਰਹੀ ਗੱਲ ਬਸਪਾ ਦੀ। ਬਸਪਾ ਜਿਹਨਾਂ ਲੋਕਾਂ ਦੀ ਪ੍ਰਤੀਨਿਧਤਾ ਕਰਦੀ ਹੈ, ਉਹਨਾਂ ਦਾ ਪਾਣੀਆਂ ਦੇ ਮਸਲੇ ਨਾਲ ਕੋਈ ਬਹੁਤਾ ਸਰੋਕਾਰ ਨਹੀਂ ਹੈ। ਰਹੀ ਗੱਲ ਸੁੱਚਾ ਸਿੰਘ ਛੋਟੇਪੁਰ ਦੀ। ਉਹ ਤਾਂ ਆਪਣੀ ਜ਼ਿੰਦਗੀ ਦੀ ਆਖਰੀ ਤੇ ਔਖੀ ਪਾਣੀ-ਪਾਣੀ ਹੋਈ ਸਿਆਸੀ ਲੜਾਈ ਲੜ ਰਹੀ ਹੈ। ਆਪਣੇ ਵਜੂਦ ਦੀ ਚਿੰਤਾ ਹੈ, ਪਾਣੀਆਂ ਦੀ ਨਹੀਂ।

# ਝਲੂਰ ਪਿੰਡ 'ਚ ਦਲਿਤ ਮਹਿਲਾ ਦੀ ਹਮਲੇ 'ਚ ਹੋਈ ਮੌਤ 'ਤੇ ਬਸਪਾ ਨੇ ਕੀਤਾ ਦੁੱਖ ਦਾ ਪ੍ਰਗਟਾਵਾ

**ਫਗਵਾੜਾ (ਬੀ ਕੇ ਰੱਤੂ)–** ਬਹੁਜਨ ਸਮਾਜ ਪਾਰਟੀ (ਬਸਪਾ) ਦੇ ਸੂਬਾ ਪ੍ਰਧਾਨ ਰਸ਼ਪਾਲ ਰਾਜੂ ਨੇ ਸੰਗਰੂਰ ਜਿਲ੍ਹੇ ਤਹਿਤ ਆਉਂਦੇ ਪਿੰਡ ਝਲੂਰ 'ਚ ਹਮਲੇ ਦੌਰਾਨ ਜ਼ਖਮੀ ਹੋਈ ਮਹਿਲਾ ਦੀ ਮੌਤ ਹੋਣ 'ਤੇ ਦੁੱਖ ਦਾ ਪ੍ਰਗਟਾਵਾ ਕੀਤਾ ਹੈ। ਉਨ੍ਹਾਂ ਕਿਹਾ ਕਿ ਇਸ ਕਤਲ ਦੇ ਦੋਸ਼ੀਆਂ ਖਿਲਾਫ ਸਖਤ ਕਾਰਵਾਈ ਕੀਤੀ ਜਾਣੀ ਚਾਹੀਦੀ ਹੈ। ਬਾਦਲਾਂ ਦੇ ਰਾਜ ਵਿਚ ਦਲਿਤ, ਪਛੜੇ ਤੇ ਆਮ ਲੋਕਾਂ 'ਤੇ ਨੌ ਸਾਲਾਂ ਵਿਚ ਲਗਾਤਾਰ ਅੱਤਿਆਚਾਰ ਹੋ ਰਹੇ ਹਨ। ਖਾਸ ਤੌਰ 'ਤੇ ਇਹ ਅੱਤਿਆਚਾਰ ਉਨ੍ਹਾਂ ਵਲੋਂ ਕੀਤੇ ਜਾ ਰਹੇ ਹਨ, ਜਿਨ੍ਹਾਂ ਨੂੰ ਸੱਤਾ ਦੀ ਸਰਪ੍ਰਸਤੀ ਪ੍ਰਾਪਤ ਹੈ। ਅਬੋਹਰ ਦਾ ਭੀਮ ਟਾਂਕ ਕਤਲ ਕੇਸ, ਮਾਨਸਾ ਦਾ ਸੁਖਚੈਨ ਹੱਤਿਆ ਕਾਂਡ, ਲੁਧਿਆਣਾ ਦੇ ਜਮਾਲਪੁਰ 'ਚ ਦੋ ਭਰਾਵਾਂ ਦਾ ਫਰਜ਼ੀ ਐਨਕਾਊਂਟਰ, ਮੁਕਤਸਰ 'ਚ ਨੌਜਵਾਨ ਦਾ ਕਤਲ ਰਾਜਨੀਤਕ ਸ਼ਹਿ 'ਤੇ ਹੀ ਹੋਇਆ ਹੈ। ਝਲੂਰ ਵਿਚ ਵੀ ਲੋਕ ਆਪਣੇ ਹਿੱਸੇ ਦੀ



ਪੰਚਾਇਤੀ ਜ਼ਮੀਨ ਲਈ ਹਿੱਸੇਦਾਰੀ ਦੀ ਮੰਗ ਕਰ ਰਹੇ ਸਨ। ਉਨ੍ਹਾਂ 'ਤੇ ਸਾਜ਼ਿਸ਼ਨ ਹਮਲਾ ਕਰਵਾਇਆ, ਜਿਸ ਵਿਚ ਮਹਿਲਾ ਦੀ ਮੌਤ ਹੋ ਗਈ। ਸ੍ਰੀ ਰਾਜੂ ਨੇ ਕਿਹਾ ਕਿ ਅਕਾਲੀ-ਭਾਜਪਾ ਦੇ ਰਾਜ ਵਿਚ ਪੁਲਸ ਦਾ ਪੂਰੀ ਤਰ੍ਹਾਂ ਰਾਜਨੀਤੀਕਰਨ ਕੀਤਾ ਗਿਆ ਹੈ। ਇਹੀ ਕਾਰਨ ਹੈ ਕਿ ਕਈ ਘਟਨਾਵਾਂ ਵਿਚ ਪੁਲਸ ਦੀ ਵੀ ਸ਼ਮੂਲੀਅਤ ਪਾਈ ਗਈ ਹੈ। ਇਸੇ ਕਾਰਨ ਹੀ ਪੀੜਤ ਲੋਕਾਂ ਨੂੰ ਕਦੇ ਵੀ ਪੁਲਸ ਵਲੋਂ ਇਨਸਾਫ ਨਹੀਂ ਮਿਲ ਸਕਿਆ। ਅਕਾਲੀ-ਭਾਜਪਾ ਦੇ ਰਾਜ ਵਿਚ ਦਲਿਤਾਂ, ਪਛੜਿਆਂ ਤੇ ਆਮ ਲੋਕਾਂ 'ਤੇ ਹੋ ਰਹੇ ਅੱਤਿਆਚਾਰਾਂ ਦੀ ਬਸਪਾ ਸਖਤ ਨਿੰਦਾ ਕਰਦੀ ਹੈ ਤੇ ਪੀੜਤ ਲੋਕਾਂ ਨੂੰ ਅਪੀਲ ਕਰਦੀ ਹੈ ਕਿ ਉਹ ਇਸ ਸਰਕਾਰ ਨੂੰ ਬਦਲਣ ਲਈ ਬਸਪਾ ਹੇਠ ਸੰਗਠਿਤ ਹੋਣ। ਲੋਕ ਬਸਪਾ ਨੂੰ ਅਕਾਲੀ-ਭਾਜਪਾ ਦੇ ਬਦਲ ਦੇ ਰੂਪ ਵਿਚ ਸੱਤਾ ਵਿਚ ਲਿਆਉਣ ਲਈ ਕੰਮ ਕਰਨ, ਤਾਂਕਿ ਇਸ ਤਰ੍ਹਾਂ ਦੀ ਗੁੰਡਾਗਰਦੀ ਦੀਆਂ ਘਟਨਾਵਾਂ 'ਤੇ ਰੋਕ ਲਗਾਈ ਜਾ ਸਕੇ।

# ਦਲਿਤ ਅੱਤਿਆਚਾਰਾਂ 'ਤੇ ਫੁੱਲ ਸਟਾਪ ਕਦੋਂ ਲੱਗੇਗਾ?



ਦਰਸ਼ਨ ਸਿੰਘ ਬਾਜਵਾ
91-98783-83053

ਗਊ ਰੱਖਿਆ ਦੇ ਨਾਂਅ 'ਤੇ ਪੂਰੇ ਦੇਸ਼ ਵਿੱਚ ਬਣੇ ਹਿੰਦੂਵਾਦੀ ਸੰਗਠਨਾਂ ਨੇ ਕੁੱਝ ਸਮੇਂ ਤੋਂ ਦਲਿਤਾਂ ਅਤੇ ਧਾਰਮਿਕ ਘੱਟ ਗਿਣਤੀ ਮੁਸਲਮਾਨਾਂ ਨੂੰ ਆਪਣੇ ਨਿਸ਼ਾਨੇ 'ਤੇ ਲਿਆ ਹੋਇਆ ਹੈ। ਕਿਸੇ ਦਲਿਤ ਨੂੰ ਮਰੀ ਹੋਈ ਗਊ ਦੀ ਖੱਲ ਲਾਹੁੰਦਿਆਂ ਫੜ ਕੇ ਕੋਈ ਗੁੰਡਾ ਦਲ ਸ਼ਰੇ ਬਜ਼ਾਰ ਸਭ ਦੇ ਸਾਹਮਣੇ ਬੁਰੀ ਤਰ੍ਹਾਂ ਕੁੱਟ-ਮਾਰ ਕਰੇ ਜਾਂ ਕਿਸੇ ਦੇ ਘਰ ਗਊ ਮਾਸ ਹੋਣ ਦੀ ਅਫਵਾਹ ਫੈਲਾ ਕੇ ਕਿਸੇ ਮੁਸਲਮਾਨ ਬਜ਼ੁਰਗ ਨੂੰ ਉਸਦੇ ਘਰ 'ਚੋਂ ਬਾਹਰ ਲਿਜਾ ਕੇ ਘੜੀਸ ਘੜੀਸ ਕੇ ਮਾਰ ਦੇਵੇ ਜਾਂ ਮੁਸਲਿਮ ਔਰਤਾਂ ਨੂੰ ਗਊ ਮਾਸ ਦੇ ਸ਼ੱਕ ਵਿੱਚ ਰੇਲਵੇ ਸਟੇਸ਼ਨ 'ਤੇ ਹੀ ਗੁੰਡੇ ਕੁੱਟ ਮਾਰ ਕਰ ਦੇਣ ਤਾਂ ਇਹ ਆਮ ਵਰਤਾਰਾ ਹੈ ਤੇ ਕੋਈ ਖਾਸ ਹੈਰਾਨੀ ਦੀ ਗੱਲ ਨਹੀਂ ਰਹੀ। ਦੂਸਰੇ ਸੂਬਿਆਂ ਵਿੱਚ ਕਿਉਂਕਿ ਹਿੰਦੂ ਕਹਾਉਣ ਵਾਲੇ ਲੋਕ ਬਹੁਗਿਣਤੀ ਵਿੱਚ ਹਨ ਇਸ ਲਈ ਉੱਥੇ ਅਜਿਹੀਆਂ ਵਾਰਦਾਤਾਂ ਜਾਂ ਅੱਤਿਆਚਾਰਾਂ ਦਾ ਹੋਣਾ ਕੋਈ ਵਿਸ਼ੇਸ਼ ਗੱਲ ਨਹੀਂ ਲਗਦੀ। ਪਰ ਪੰਜਾਬ ਵਿੱਚ ਜਿੱਥੇ ਨਾ ਸਿਰਫ਼ ਹਿੰਦੂ ਅਬਾਦੀ ਘੱਟ ਗਿਣਤੀ ਵਿੱਚ ਹੈ ਬਲਕਿ ਇੱਥੇ ਬਹੁਗਿਣਤੀ ਸਿੱਖ ਅਬਾਦੀ ਹੋਣ ਕਾਰਨ ਧਾਰਮਿਕ ਘੱਟ ਗਿਣਤੀਆਂ ਅਤੇ ਧਰਮ ਨਿਰਪੱਖ ਤਾਕਤਾਂ ਪੰਜਾਬੀਆਂ ਤੋਂ ਆਸ ਵੀ ਕਰਦੀਆਂ ਹਨ ਕਿ ਇੱਥੇ ਉਹਨਾਂ ਨੂੰ ਚੰਗਾ ਮਾਹੌਲ ਮਿਲ ਸਕਦਾ ਹੈ। ਪਰ ਪਿਛਲੇ ਕੁੱਝ ਸਮੇਂ ਤੋਂ ਪੰਜਾਬ ਵੀ ਇੱਕ ਤਰ੍ਹਾਂ ਨਾਲ ਹਿੰਦੂ ਰਾਜ ਦੀ ਲਬਾਰਟਰੀ ਬਣਿਆ ਨਜ਼ਰ ਆ ਰਿਹਾ ਹੈ। ਇੱਥੇ ਹੋਣ ਵਾਲੀਆਂ ਕੁੱਝ ਵਾਰਦਾਤਾਂ ਵਿੱਚ ਤਾਂ ਸਿੱਖ ਅਖਵਾਉਣ ਵਾਲੇ ਲੋਕ ਸਿੱਧੇ ਸ਼ਾਮਲ ਹੁੰਦੇ ਹਨ। ਜਿਵੇਂ ਮਰਿਆਦਾ ਭੰਗ ਕਰਨ ਦਾ ਬਹਾਨਾ ਲਾ ਕੇ ਜਠੇਰਿਆਂ 'ਤੇ ਪਾਠ ਕਰਨ ਵਾਲੇ ਪਾਠੀਆਂ ਨੂੰ ਕੁੱਟਿਆ ਗਿਆ ਸੀ। ਕੁੱਝ ਵਾਰਦਾਤਾਂ ਭਾਵੇਂ ਸਿੱਖ ਧਰਮ ਦਾ ਨਾਂਅ ਲੈ ਕੇ ਨਹੀਂ ਹੁੰਦੀਆਂ ਪਰ ਉਹਨਾਂ ਵਿੱਚ ਅਸਿੱਧੇ ਤੌਰ 'ਤੇ ਉੱਚ ਜਾਤੀ ਅਖਵਾਉਣ ਵਾਲੇ ਸਿੱਖ ਪਰਿਵਾਰਾਂ ਦੇ ਵਿਗੜੇ ਹੋਏ ਛੋਕਰੇ ਹੀ ਸ਼ਾਮਲ ਹੁੰਦੇ ਹਨ। ਅਕਾਲੀ-ਭਾਜਪਾ ਸਰਕਾਰ ਦੀ ਸ਼ਹਿ ਕਾਰਨ ਵੱਡੇ ਅਕਾਲੀ ਨੇਤਾਵਾਂ ਦੀ ਸਰਪ੍ਰਸਤੀ ਵਿੱਚ ਚੱਲ ਰਹੇ ਡਰੱਗ-ਮਾਫ਼ੀਏ ਦੀਆਂ ਕਰਤੂਤਾਂ ਜੱਗ ਜਾਹਿਰ ਹਨ। ਭਾਈਵਾਲ ਪਾਰਟੀ ਭਾਜਪਾ ਨਾਲ ਸੰਬੰਧਤ ਸੰਸਦੀ ਸਕੱਤਰ ਨਵਜੋਤ ਕੌਰ ਵੱਲੋਂ ਲਾਏ ਦੋਸ਼ ਅਨੁਸਾਰ ਲਾਲ ਬੱਤੀ ਵਾਲੀਆਂ ਗੱਡੀਆਂ ਵਿੱਚ ਨਸ਼ਿਆਂ ਦਾ ਵਪਾਰ ਹੁੰਦਾ ਹੈ। 'ਪਰਾਊਡ ਟੂ ਬੀ ਅਕਾਲੀ' ਦੇ ਲੱਗੇ ਸਟਿੱਕਰਾਂ ਵਾਲੀਆਂ ਗੱਡੀਆਂ ਨੂੰ ਕੋਈ ਰੋਕਦਾ ਵੀ ਨਹੀਂ। ਇਹਨਾਂ ਨਸ਼ਿਆਂ ਦੇ ਸੁਦਾਗਰਾਂ ਵੱਲੋਂ ਨਸ਼ੇ ਪਰੋਸ ਕੇ ਪੰਜਾਬ ਦੀ ਜਵਾਨੀ ਦਾ ਜੋ ਘਾਣ ਕੀਤਾ ਜਾ ਰਿਹਾ ਹੈ ਉਹ ਤਾਂ ਵੱਖਰਾ ਹੈ, ਪਰ ਇਸ ਦੇ ਨਾਲ ਹੀ ਲਗਾਤਾਰ ਕਤਲਾਂ ਦੀਆਂ ਵਾਰਦਾਤਾਂ ਦਾ ਵਧਣਾ ਪੰਜਾਬ ਦੇ ਸੁਨਹਿਰੇ ਭਵਿੱਖ 'ਤੇ ਪ੍ਰਸ਼ਨ ਚਿੰਨ੍ਹ ਲਗਾ ਰਿਹਾ ਹੈ। ਇਸ ਤਰ੍ਹਾਂ ਪੰਜਾਬ ਦੀ ਛਵੀ ਜੋ ਬਣ ਰਹੀ ਹੈ ਉਹ ਤਾਂ ਯੂ.ਪੀ., ਬਿਹਾਰ ਦੇ ਪੁਰਾਣੇ ਅਕਸ ਨੂੰ ਵੀ ਮਾਤ ਪਾ ਰਹੀ ਹੈ। ਇਸ ਸ਼ਰਾਬ ਮਾਫ਼ੀਏ ਵੱਲੋਂ ਲੰਘੀ 7 ਅਕਤੂਬਰ ਨੂੰ ਮੁਕਤਸਰ ਵਿਖੇ 18 ਸਾਲਾ ਦਲਿਤ ਨੌਜਵਾਨ ਅਜੇ ਸਿੰਘ ਦਾ ਬਹੁਤ ਹੀ ਬੇਰਹਿਮੀ ਨਾਲ ਕਤਲ ਕੀਤਾ ਗਿਆ। ਇਸ ਵਿੱਚ ਕਾਤਲਾਂ ਨੇ ਨੌਜਵਾਨ ਦਾ ਸਿਰ ਧੜ ਤੋਂ ਅਲੱਗ ਕਰ ਦੇਣ ਦੇ ਨਾਲ ਹੀ ਉਸ ਦੀਆਂ ਅੱਖਾਂ ਕੱਢੀਆਂ, ਕੰਨ, ਬੁੱਲ੍ਹ ਤੇ ਉਂਗਲਾਂ ਵੀ ਕੱਟ ਦਿੱਤੀਆਂ।

ਇਸ ਤੋਂ ਪਿੱਛੋਂ ਸ਼ਰਾਬ ਮਾਫ਼ੀਏ ਨੇ 10 ਅਕਤੂਬਰ ਨੂੰ ਇਹੋ ਜਿਹੀ ਹੀ ਇੱਕ ਹੋਰ ਘਟਨਾ ਨੂੰ ਅੰਜਾਮ ਦਿੰਦਿਆਂ ਮਾਨਸਾ ਜਿਲੇ ਵਿੱਚ ਘਰਾਂਗਨਾ ਪਿੰਡ ਦੇ 20 ਸਾਲਾ ਦਲਿਤ ਨੌਜਵਾਨ ਸੁਖਚੈਨ ਸਿੰਘ ਪਾਲੀ ਦਾ ਉਸ ਤੋਂ ਵੀ ਭਿਆਨਕ ਤਰੀਕੇ ਨਾਲ ਕਤਲ ਕੀਤਾ। ਉਸਦੇ ਸਰੀਰ ਦੇ ਟੋਟੇ ਟੋਟੇ ਕਰ ਦਿੱਤੇ ਅਤੇ ਕਾਤਲ ਜਾਂਦੇ ਹੋਏ ਨੌਜਵਾਨ ਦੀ ਖੱਬੀ ਲੱਤ ਵੀ ਵੱਢ ਕੇ ਨਾਲ ਲੈ ਗਏ। ਮ੍ਰਿਤਕ ਸੁਖਚੈਨ ਸਿੰਘ ਦੀ ਮਾਤਾ ਨੇ ਪੱਤਰਕਾਰਾਂ ਨੂੰ ਦੱਸਿਆ ਕਿ ਘਟਨਾ ਨੂੰ ਅੰਜਾਮ ਦੇਣ ਤੋਂ ਪਹਿਲਾਂ ਕਾਤਲਾਂ ਨੇ ਉਹਨਾਂ ਦੇ ਘਰ ਆ ਕੇ ਧਮਕੀ ਦਿੰਦਿਆਂ ਕਿਹਾ ਸੀ ਕਿ ਆਪਣੇ ਬੇਟੇ ਦਾ ਕੱਫਣ ਤਿਆਰ ਰੱਖੋ। ਭਾਵੇਂ ਕਿ ਇਹ ਕਤਲ ਜਾਣ-ਬੁੱਝ ਕੇ ਪੂਰੀ ਤਰ੍ਹਾਂ ਪਲਾਨ ਬਣਾ ਕੇ ਕੀਤਾ ਗਿਆ ਸੀ ਪਰ ਪੁਲਿਸ ਨੇ ਇਸ ਕਤਲ ਕਾਂਡ ਦੀ ਜੋ ਰਿਪੋਰਟ ਦਰਜ ਕੀਤੀ ਉਸ ਵਿੱਚ ਵੀ ਜਾਣ-ਬੁੱਝ ਕੇ ਗਲਤ ਤੱਥ ਦਰਜ ਕਰਦਿਆਂ ਇਸ ਨੂੰ ਆਮ ਲੜਾਈ ਦੀ ਕਹਾਣੀ ਬਣਾਇਆ। ਪਰਿਵਾਰਕ ਮੈਂਬਰਾਂ ਅਨੁਸਾਰ ਸੁਖਚੈਨ ਸਿੰਘ ਦੀ ਲਾਸ਼ ਨੂੰ ਪੁਲਿਸ ਖੁਦ ਚੁੱਕ ਕੇ ਲੈ ਕੇ ਗਈ ਸੀ ਪਰ ਪੁਲਿਸ ਦੀ ਰਿਪੋਰਟ ਵਿੱਚ ਇਹ ਦਰਜ ਕੀਤਾ ਗਿਆ ਸੀ ਕਿ ਪਰਿਵਾਰ ਨੇ ਸੁਖਚੈਨ ਸਿੰਘ ਨੂੰ ਹਸਪਤਾਲ ਵਿੱਚ ਦਾਖ਼ਲ ਕਰਵਾਇਆ ਸੀ। ਇਸ ਦਾ ਸਿੱਧਾ ਜਿਹਾ ਮਤਲਬ ਇਹੀ ਬਣਦਾ ਹੈ ਕਿ ਹੁਕਮਾਂ ਵਿੱਚ ਬੱਝੀ ਪੰਜਾਬ ਪੁਲਿਸ ਵੀ ਰਸੂਖ ਵਾਲੇ ਕਾਤਲਾਂ ਨੂੰ ਬਚਾਉਣਾ ਚਾਹੁੰਦੀ ਹੈ। ਇਸ ਦਾ ਕਾਰਨ ਕਾਤਲਾਂ ਦਾ ਰਾਜ ਕਰਦੀ ਧਿਰ ਨਾਲ ਸੰਬੰਧ ਹੋਣਾ ਹੋ ਸਕਦਾ ਹੈ।

ਇਸ ਤੋਂ ਪਹਿਲਾਂ 11 ਦਸੰਬਰ 2015 ਨੂੰ ਅਬੋਹਰ ਵਿਖੇ ਭੀਮ ਟਾਂਕ ਨਾਂਅ ਦੇ ਦਲਿਤ ਨੌਜਵਾਨ ਨੂੰ ਵੀ ਸ਼ਰਾਬ ਕਾਰੋਬਾਰੀ ਦੇ ਗੁੰਡਿਆਂ ਨੇ ਇਲੈਕਟ੍ਰਿਕ ਆਰੀ ਨਾਲ ਲੱਤਾਂ-ਬਾਹਾਂ ਵੱਢਕੇ ਬਹੁਤ ਹੀ ਬੇਰਹਿਮੀ ਨਾਲ ਕਤਲ ਕੀਤਾ ਸੀ। ਇਸ ਘਟਨਾ ਵਿੱਚ ਇਹ ਗੱਲ ਨੋਟ ਕਰਨ ਵਾਲੀ ਸੀ ਕਿ ਜਦੋਂ ਪੁਲਿਸ ਨੇ ਭੀਮ ਟਾਂਕ ਦੇ ਕਤਲ ਦੇ ਸੰਬੰਧ ਵਿੱਚ ਅਕਾਲੀ ਦਲ ਨਾਲ ਸੰਬੰਧਤ ਸ਼ਰਾਬ ਕਾਰੋਬਾਰੀ ਅਤੇ ਫਾਰਮ ਹਾਊਸ ਦੇ ਮਾਲਕ ਨੂੰ ਗ੍ਰਿਫਤਾਰ ਕਰਨ ਦੀ ਕੋਸ਼ਿਸ਼ ਕੀਤੀ ਤਾਂ ਅਕਾਲੀ ਦਲ ਨੇ ਸੜਕਾਂ 'ਤੇ ਆ ਕੇ ਗ੍ਰਿਫਤਾਰੀ ਦਾ ਵਿਰੋਧ ਕੀਤਾ ਤੇ ਵਿਰੋਧ ਵਿੱਚ ਭਾਰੀ ਰੋਸ ਦਿਖਾਵਾ ਕੀਤਾ ਸੀ। ਸਰਕਾਰ ਨੇ ਵੀ ਗ੍ਰਿਫ਼ਤਾਰੀ ਤੋਂ ਬਚਾਉਣ ਵਿੱਚ ਉਸਦੀ ਭਰਪੂਰ ਮੱਦਦ ਕੀਤੀ। ਉਸਨੂੰ ਉਦੋਂ ਹੀ ਗ੍ਰਿਫ਼ਤਾਰ ਕੀਤਾ ਜਾ ਸਕਿਆ ਜਦੋਂ ਉੱਚ ਅਦਾਲਤ ਵੱਲੋਂ ਉਸਨੂੰ ਅਗਾਊਂ ਜ਼ਮਾਨਤ ਦੇਣ ਤੋਂ ਇਨਕਾਰ ਕਰ ਦਿੱਤਾ ਗਿਆ। ਇਸ ਤਰ੍ਹਾਂ ਦੀਆਂ ਵਾਰਦਾਤਾਂ ਤੇ ਕਤਲ ਸਰਕਾਰ ਦੀ ਸ਼ਹਿ ਤੋਂ ਵਗੈਰ ਨਹੀਂ ਹੋ ਸਕਦੇ। ਸਾਫ਼ ਝਲਕਦਾ ਹੈ ਕਿ ਕਾਤਲਾਂ ਨੂੰ ਪੁਲਿਸ ਜਾਂ ਸਰਕਾਰ ਦਾ ਕੋਈ ਖੌਫ਼ ਨਹੀਂ ਰਿਹਾ। ਸਿਆਸੀ ਧਿਰ ਦੀ ਸ਼ਹਿ ਦਾ ਸਬੂਤ ਬੁਢਲਾਡਾ ਦੇ ਇੱਕ ਵਪਾਰੀ ਚਿਮਨ ਲਾਲ ਨੂੰ ਅਗਵਾ ਕਰਕੇ ਫਿਰੌਤੀ ਲੈਣ ਦੇ ਮਾਮਲੇ ਵਿੱਚ ਅਕਾਲੀ ਦਲ ਨਾਲ ਸੰਬੰਧਤ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਇੱਕ ਮੈਂਬਰ ਦੇ ਪੁੱਤਰ ਤੇ ਭਾਣਜੇ ਦਾ ਹੱਥ ਹੋਣ ਦੀ ਸਾਹਮਣੇ ਆਈ ਘਟਨਾ ਹੈ।

ਇਸੇ ਤਰ੍ਹਾਂ 12 ਸਤੰਬਰ ਦੀ ਇੱਕ ਘਟਨਾ ਹੈ ਮਾਹਿਲਪੁਰ ਥਾਣੇ ਦੀ। ਇੱਥੇ ਇੱਕ ਬਾਪ ਦੀ ਜਵਾਨ ਧੀ ਨੂੰ ਇੱਕ ਵਿਗੜਿਆ ਛੋਕਰਾ ਰਾਹ ਜਾਂਦੀ ਨੂੰ ਤੰਗ ਕਰਦਾ ਸੀ। ਕਈ ਵਾਰ ਇਸ ਦੀ ਸ਼ਿਕਾਇਤ ਮਾਹਿਲਪੁਰ ਥਾਣੇ ਨੂੰ ਦਿੱਤੀ ਗਈ। ਪਰ ਪੁਲਸ ਵਾਲਿਆਂ ਨੇ ਉਸ ਮੁਸ਼ਟੰਡੇ ਦੇ ਖ਼ਿਲਾਫ਼ ਕਾਰਵਾਈ ਨਹੀਂ ਸੀ ਕੀਤੀ, ਸ਼ਾਇਦ ਉਸ ਦੇ ਪਿੱਛੇ ਕਿਸੇ ਰਸੂਖਦਾਰ ਧਿਰ ਦਾ ਅਸ਼ੀਰਵਾਦ ਸੀ।

ਦੁਖੀ ਹੋ ਕੇ ਕੁੜੀ ਦੇ ਬਾਪ ਨੇ ਉਸ ਦਾ ਰਿਸ਼ਤਾ ਨੇੜਲੇ ਪਿੰਡ ਵਿੱਚ ਕਰ ਦਿੱਤਾ। ਉਹ ਵਿਗੜਿਆ ਛੋਕਰਾ ਉਨ੍ਹਾਂ ਦੇ ਘਰ ਆ ਕੇ ਕਹਿਣ ਲੱਗਾ ਕਿ ਮੈਂ ਇਹ ਵਿਆਹ ਨਹੀਂ ਹੋਣ ਦੇਣਾ। ਫਿਰ ਉਹ ਮੁੰਡੇ ਵਾਲਿਆਂ ਨੂੰ ਵੀ ਧਮਕੀ ਦੇ ਆਇਆ ਕਿ ਤੁਸੀਂ ਰਿਸ਼ਤਾ ਛੱਡ ਦਿਓ, ਨਹੀਂ ਤਾਂ ਭੁਗਤਣਾ ਪਵੇਗਾ। ਕੁੜੀ ਦਾ ਬਾਪ ਇਸ ਗੱਲੋਂ ਦੁਖੀ ਹੋ ਕੇ ਥਾਣੇ ਜਾ ਕੇ ਰੋਇਆ। ਥਾਣਾ ਮੁਖੀ ਨੇ ਦੋਵਾਂ ਧਿਰਾਂ ਨੂੰ ਗੱਲਬਾਤ ਲਈ ਥਾਣੇ ਬੁਲਾ ਲਿਆ। ਥਾਣੇ ਵਿੱਚ ਹੀ ਉਹ ਵਿਗੜੈਲ ਮੁੰਡਾ ਅਤੇ ਉਸ ਦੀ ਮਾਂ ਪੁਲਸ ਦੇ ਸਾਹਮਣੇ ਹੀ ਕੁੜੀ ਦੇ ਬਾਪ ਦੇ ਗਲ਼ ਪੈ ਗਏ। ਪੁਲਸ ਵਾਲੇ ਦੇਖਦੇ ਹੀ ਰਹੇ ਤੇ ਉੱਧਰ ਛਾਤੀ ਵਿੱਚ ਵੱਜੇ ਇੱਕ ਘਸੁੰਨ ਨਾਲ ਕੁੜੀ ਦਾ ਬਾਪ ਥਾਣੇ ਵਿੱਚ ਹੀ ਮਰ ਗਿਆ।

ਇਸੇ ਜ਼ਿਲੇ ਦੇ ਇੱਕ ਕਸਬੇ ਸ਼ਾਮ ਚੁਰਾਸੀ ਵਿੱਚ ਪਿਛਲੇ ਸਾਲ ਇੱਕ ਵਿਧਾਇਕਾ ਬੀਬੀ ਦੇ ਭਤੀਜੇ ਨੇ ਮਨਚਲਾ ਹੋ ਕੇ ਕੁੜੀਆਂ ਵੱਲ ਸਿੱਧੀ ਗੱਡੀ ਭਜਾਈ। ਉਸਦਾ ਇਰਾਦਾ ਸੀ ਕਿ ਕੁੜੀਆਂ ਡਰ ਕੇ ਭੱਜਣਗੀਆਂ ਤਾਂ ਉਹ ਮਨੋਰੰਜਨ ਕਰੇਗਾ। ਇਸ ਤਰ੍ਹਾਂ ਲੋਕਾਂ ਦੀਆਂ ਧੀਆਂ ਨੂੰ ਛੇੜਨ ਦਾ ਮਨੋਰੰਜਨ ਉਹ ਆਮ ਕਰਦਾ ਰਹਿੰਦਾ ਸੀ। ਉਸ ਦਿਨ ਕੁੜੀਆਂ ਛੇਤੀ ਭੱਜ ਕੇ ਪਾਸੇ ਨਾ ਹੋ ਸਕੀਆਂ। ਤੇਜ਼ ਰਫ਼ਤਾਰ ਗੱਡੀ ਹੇਠ ਆ ਕੇ ਦੋ ਲੜਕੀਆਂ ਮਰ ਗਈਆਂ ਅਤੇ ਤੀਸਰੀ ਜ਼ਖ਼ਮੀ ਹੋ ਗਈ। ਸਾਰੇ ਜ਼ਿਲੇ ਦੀ ਰਾਜਸੀ ਧਾੜ ਵਿਧਾਇਕ ਬੀਬੀ ਦੇ ਭਤੀਜੇ ਨੂੰ ਬਚਾਉਣ ਲਈ ਸਿਰ ਪਰਨੇ ਹੋਈ ਰਹੀ।

ਹਾਲੇ ਪਿਛਲੇ ਸਾਲ ਦੀ ਗੱਲ ਹੈ ਕਿ ਅੰਮ੍ਰਿਤਸਰ ਵਿੱਚ ਇੱਕ ਸਹਾਇਕ ਥਾਣੇਦਾਰ ਦੀ ਧੀ ਨੇ ਆਪਣੇ ਘਰ ਆ ਕੇ ਦੱਸਿਆ ਕਿ ਰਾਹ ਵਿੱਚ ਉਸ ਨੂੰ ਇੱਕ ਮੁਸ਼ਟੰਡਾ ਛੇੜਦਾ ਹੈ। ਥਾਣੇਦਾਰ ਉਸ ਨੂੰ ਸਮਝਾਉਣ ਵਾਸਤੇ ਗਿਆ। ਭਰੇ ਬਾਜ਼ਾਰ ਵਿੱਚ ਮੁਸ਼ਟੰਡੇ ਨੇ ਉਸ ਬਾਪ ਨੂੰ ਵੀ ਗੋਲੀਆਂ ਮਾਰ ਦਿੱਤੀਆਂ ਜਿਹੜਾ ਖੁਦ ਪੁਲਿਸ ਵਿੱਚ ਅਫਸਰ ਸੀ। ਜਦੋਂ ਬਦਮਾਸ਼ ਨੇ ਦੇਖਿਆ ਕਿ ਉਹ ਅਜੇ ਤੱਕ ਮਰਿਆ ਨਹੀਂ ਤਾਂ ਉਹ ਆਪਣੇ ਘਰ ਗਿਆ ਅਤੇ ਹੋਰ ਬੰਦੂਕ ਲਿਆ ਕੇ ਦੁਬਾਰਾ ਗੋਲੀਆਂ ਮਾਰੀਆਂ। ਘਟਨਾ ਵਾਲੀ ਥਾਂ ਤੋਂ ਥਾਣਾ ਸਿਰਫ਼ ਸੌ ਮੀਟਰ ਦੇ ਕਰੀਬ ਸੀ। ਪਰ ਪੁਲਸ ਵਾਲੇ ਆਪਣੇ ਹੀ ਅਫਸਰ ਨੂੰ ਬਚਾਉਣ ਨਹੀਂ ਆਏ, ਕਿਉਂਕਿ ਕਾਤਲ ਬਾਰੇ ਸਾਰੇ ਜਾਣਦੇ ਸਨ ਕਿ ਉਹ ਰਾਜ ਕਰਦੀ ਪਾਰਟੀ ਦਾ ਕਾਰਕੁਨ ਹੈ।

'ਰਾਜ ਨਹੀਂ ਸੇਵਾ' ਦਾ ਨਾਅਰਾ ਲਾਉਣ ਵਾਲੀ ਪਾਰਟੀ ਦੀ ਸਰਕਾਰ ਦੇ ਹੁੰਦਿਆਂ ਗੁੰਡਿਆਂ ਦੀਆਂ ਲਗਾਮਾਂ ਇਸ ਹੱਦ ਤੱਕ ਖੁੱਲ੍ਹੀਆਂ ਹਨ ਕਿ ਉਹ ਕਿਸੇ ਦੀ ਧੀ-ਭੈਣ ਦੀ ਇੱਜ਼ਤ ਨੂੰ ਵੀ ਹੱਥ ਪਾ ਸਕਦੇ ਹਨ। ਇੱਥੋਂ ਤੱਕ ਕਿ ਲੋਕਾਂ ਦੀ ਜਾਨ ਮਾਲ ਤੇ ਇੱਜਤਾਂ ਦੀ ਰਾਖੀ ਲਈ ਤਾਇਨਾਤ ਕੀਤੇ ਪੁਲਿਸ ਵਾਲਿਆਂ ਦੀਆਂ ਧੀਆਂ-ਭੈਣਾਂ ਦੀਆਂ ਇੱਜ਼ਤਾਂ ਵੀ ਇਸ ਵੇਲੇ ਸੁਰੱਖਿਅਤ ਨਹੀਂ ਰਹੀਆਂ। ਇਸੇ ਤਰ੍ਹਾਂ ਫਤਿਹਗੜ੍ਹ ਸਾਹਿਬ ਜ਼ਿਲ੍ਹੇ ਦੀ ਦਲਿਤ ਪਰਿਵਾਰ ਦੀ ਬੇਟੀ ਮਨਪ੍ਰੀਤ ਕੌਰ ਨੇ ਆਪਣੀ ਇੱਜ਼ਤ ਨੂੰ ਖ਼ਤਰੇ ਵਿੱਚ ਦੇਖ ਕੇ ਬੁਰੀ ਨੀਅਤ ਨਾਲ ਘਰ ਆਏ ਕਿਸੇ ਧਨਾਡ ਦੇ ਵਿਗੜੇ ਛੋਕਰੇ ਨੂੰ ਚਾਕੂ ਮਾਰ ਕੇ ਜ਼ਖ਼ਮੀ ਕਰ ਦਿੱਤਾ ਤਾਂ ਉਸ ਪੀੜਤ ਲੜਕੀ 'ਤੇ ਹੀ ਪੁਲਿਸ ਨੇ ਧਾਰਾ 307 ਦੇ ਅਧੀਨ ਅਜਿਹਾ ਕੇਸ ਬੰਨ੍ਹਿਆਂ ਕਿ ਉਸ ਲੜਕੀ ਨੂੰ ਇਰਾਦਾ ਕਤਲ ਕੇਸ ਵਿੱਚ ਜੇਲ੍ਹ ਦੀ ਸਜਾ ਭੁਗਤਣੀ ਪੈ ਰਹੀ ਹੈ।

ਅਸੀਂ ਮਾਣ ਕਰਦੇ ਰਹੇ ਹਾਂ ਆਪਣੇ ਪੰਜਾਬੀ ਪਿਛੋਕੜ 'ਤੇ ਕਿ ਅਹਿਮਦਸ਼ਾਹ ਅਬਦਾਲੀ ਦੇ ਹਮਲੇ ਸਮੇਂ ਜੱਸਾ ਸਿੰਘ ਆਹਲੂਵਾਲੀਆ ਦੀ ਅਗਵਾਈ ਹੇਠ ਸਿੱਖ ਫੌਜਾਂ ਨੇ ਕਾਬਲ ਲਿਜਾਈਆਂ ਜਾ ਰਹੀਆਂ ਹਿੰਦੂ ਲੜਕੀਆਂ 'ਚੋਂ 2200 ਨੂੰ ਜਾਨ 'ਤੇ ਖੇਡ ਕੇ ਛੁਡਵਾਇਆ ਅਤੇ ਆਪਣੇ ਕੋਲੋਂ ਖਰਚਾ ਕਰ ਕੇ ਉਹਨਾਂ ਦੇ ਘਰੋ-ਘਰੀ ਪਹੁੰਚਾਇਆ ਸੀ। ਪਰ ਅੱਜ ਇਹ ਵੀ ਦਿਨ ਆਉਣੇ ਸਨ ਪੰਜਾਬ ਵਿੱਚ, ਕਿ ਕਿਸੇ ਦੀ ਧੀ ਨਾਲ ਛੇੜ-ਛਾੜ ਹੋਵੇ, ਉਹ ਥਾਣੇ ਜਾਵੇ ਤਾਂ ਉਸ ਦੀ ਕੋਈ ਗੱਲ ਨਾ ਸੁਣੇ ਸਗੋਂ ਥਾਣੇ ਵਿੱਚ ਹੀ ਪੁਲਸ ਦੀ ਹਾਜ਼ਰੀ ਵਿੱਚ ਕੋਈ ਗੁੰਡਾ ਉਸ ਨੂੰ ਮਾਰ ਦੇਵੇ।

ਕੋਈ ਗੁੰਡਾ ਕਿਸੇ ਦਲਿਤ ਲੜਕੀ ਨੂੰ ਉਸ ਦੇ ਦਫ਼ਤਰ 'ਚੋਂ ਅਗਵਾ ਕਰਕੇ ਧੱਕੇ ਨਾਲ ਲੈ ਜਾਵੇ ਤੇ ਬਾਹਰ ਲਿਜਾ ਕੇ ਬਲਾਤਕਾਰ ਕਰੇ। ਪੁਲਿਸ ਉਸ ਲੜਕੀ ਦੇ ਬਾਪ ਦੀ ਗੱਲ ਹੀ ਨਾ ਸੁਣੇ ਸਗੋਂ ਉਲਟਾ ਲੜਕੀ ਦੇ ਆਪਣੀ ਮਰਜ਼ੀ ਨਾਲ ਜਾਣ ਦੀ ਰਟ ਲਾਈ ਜਾਵੇ।

ਜਿਨ੍ਹਾਂ ਮੁਸਲਿਮ ਸ਼ਾਸਕਾਂ ਨੂੰ ਸਾਰਾ ਦੇਸ਼ ਮਾੜਾ ਆਖ ਰਿਹਾ ਹੈ ਉਹਨਾਂ ਦੇ ਕਿਰਦਾਰ ਦੀ ਜੇਕਰ ਗੱਲ ਕਰੀਏ ਤਾਂ ਇਹ ਗੱਲ ਸਾਹਮਣੇ ਆਉਂਦੀ ਕਿ ਉਹਨਾਂ ਨੇ ਅਜਿਹੇ ਮਾਮਲਿਆਂ ਵਿੱਚ ਆਪਣੇ ਸਕੇ ਵੀ ਨਹੀਂ ਬਖ਼ਸ਼ੇ। ਸ਼ੇਰ ਸ਼ਾਹ ਸੂਰੀ ਨੇ ਆਪਣੇ ਸਕੇ ਬੇਟੇ ਨੂੰ ਵੀ ਕਿਸੇ ਔਰਤ ਨਾਲ਼ ਮਾਮੂਲੀ ਛੇੜਛਾੜ ਦੇ ਮਾਮਲੇ ਵਿੱਚ ਦੋਸ਼ੀ ਮੰਨ ਕੇ ਸਜ਼ਾ ਸੁਣਾ ਦਿੱਤੀ ਸੀ। ਅਜੇ ਹਾਲ ਹੀ ਦੌਰਾਨ ਇੱਕ ਕਤਲ ਦੇ ਮਾਮਲੇ ਵਿੱਚ ਸਾਊਦੀ ਅਰਬ ਦੇ ਪ੍ਰਿੰਸ ਨੂੰ ਵੀ ਮੌਤ ਦੀ ਸਜ਼ਾ ਦੇ ਦਿੱਤੀ ਗਈ ਹੈ। ਜੇਕਰ ਸਰਕਾਰ ਸਖ਼ਤ ਨਿਰਦੇਸ਼ ਦੇ ਕੇ ਦੋਸ਼ੀਆਂ ਖ਼ਿਲਾਫ਼ ਬਣਦੀ ਕਾਰਵਾਈ ਕਰਨ ਦੇ ਹੁਕਮ ਦੇ ਦੇਵੇ ਤਾਂ ਉਦੋਂ ਹੀ ਇਸ ਤਰ੍ਹਾਂ ਦੇ ਅੱਤਿਆਚਾਰਾਂ ਨੂੰ ਠੱਲ੍ਹ ਪੈ ਜਾਵੇਗੀ। ਕੀ ਕਦੇ ਹੁਕਮਰਾਨ ਜਾਗਣਗੇ ਤੇ ਸਭ ਨੂੰ ਇੱਕ ਅੱਖ ਨਾਲ ਦੇਖਣਗੇ? ਕੀ ਦਲਿਤ ਅੱਤਿਆਚਾਰਾਂ 'ਤੇ ਕਦੇ ਫੁੱਲ ਸਟਾਪ ਲੱਗੇਗਾ?

# ਮਨੁੱਖੀ ਜੀਵਨ ਵਿਚ ਧਰਮ ਦੀ ਉਪਯੋਗਿਤਾ

**(ਸਫਾ 16 ਦੀ ਬਾਕੀ)**

ਵਿਚ ਬਾਹਰੋਂ ਆ ਕੇ ਵੱਸੇ ਬ੍ਰਾਹਮਣਾਂ ਦੁਆਰਾ ਇਸ ਸ੍ਰਿਸ਼ਟੀ ਦੇ ਰਚਣਹਾਰੇ ਦੇ ਰੂਪ ਵਿਚ ਬ੍ਰਹਮਾ ਦੀ ਕਲਪਨਾ, ਸ੍ਰਿਸ਼ਟੀ ਨੂੰ ਚਲਾਉਣ ਵਾਲੇ ਨੂੰ ਵਿਸ਼ਨੂੰ ਅਤੇ ਇਸਦਾ ਵਿਨਾਸ਼ ਕਰਨ ਵਾਲੇ ਨੂੰ ਸ਼ਿਵ ਆਖਿਆ ਗਿਆ। ਬ੍ਰਹਮਾ ਦੀ ਕਲਪਨਾ ਦੇ ਨਾਲ ਹੀ ਬ੍ਰਾਹਮਣਾਂ ਦੁਆਰਾ ਵਰਣ ਵਿਵਸਥਾ ਨੂੰ ਵਜੂਦ ਵਿਚ ਲਿਆਂਦਾ ਗਿਆ। ਇਸਦੇ ਆਧਾਰ 'ਤੇ ਹੀ ਸਮਾਜ ਨੂੰ ਉਪਰ-ਥੱਲੇ ਚਾਰ ਹਿੱਸਿਆਂ ਵਿਚ ਵੰਡਿਆ ਗਿਆ। ਇਹਨਾਂ ਵਰਣਾਂ ਦੇ ਆਧਾਰ 'ਤੇ ਹੀ ਅਧਿਕਾਰਾਂ ਅਤੇ ਜ਼ਿੰਮੇਵਾਰੀਆਂ ਨੂੰ ਵੰਡਿਆ ਗਿਆ। ਜੋ ਜ਼ਿੰਮੇਵਾਰੀ ਜਾਂ ਅਧਿਕਾਰ ਬ੍ਰਾਹਮਣ ਨੇ ਆਪਣੇ ਕੋਲ ਸੁਰੱਖਿਅਤ ਕੀਤੇ ਉਸਨੂੰ ਹੀ ਉਸਨੇ ਬ੍ਰਾਹਮਣ ਧਰਮ ਆਖਿਆ। ਜੋ ਜ਼ਿੰਮੇਵਾਰੀ ਅਤੇ ਅਧਿਕਾਰ ਕਸ਼ੱਤਰੀ ਨੂੰ ਦਿੱਤੇ ਗਏ ਉਸਨੂੰ ਕਸ਼ੱਤਰੀ ਦਾ ਧਰਮ ਆਖਿਆ ਗਿਆ। ਇਸੇ ਤਰ੍ਹਾਂ ਵੈਸ਼ ਦਾ ਧਰਮ ਪ੍ਰੰਤੂ ਵਿਵਸਥਾ ਵਿਚ ਜਿਸਨੂੰ ਸ਼ੂਦਰ ਘੋਸ਼ਿਤ ਕੀਤਾ ਗਿਆ, ਉਸਨੂੰ ਕੇਵਲ ਜ਼ਿੰਮੇਵਾਰੀਆਂ ਦਿੱਤੀਆਂ ਗਈਆਂ। ਅਧਿਕਾਰ ਕੋਈ ਨਹੀਂ ਦਿੱਤਾ ਗਿਆ, ਦਿੱਤੀਆਂ ਗਈਆਂ ਇਹਨਾਂ ਜ਼ਿੰਮੇਵਾਰੀਆਂ ਦੀ ਪਾਲਣਾ ਕਰਨਾ ਹੀ ਉਸਦਾ ਧਰਮ ਹੋ ਗਿਆ। ਚਾਰੇ ਵਰਣਾਂ ਦੇ ਧਰਮਾਂ ਨੂੰ ਕੁੱਲ ਮਿਲਾ ਕੇ ਇਸਨੂੰ 'ਵਰਣ-ਆਸ਼ਰਮ ਧਰਮ' ਆਖਿਆ ਗਿਆ। ਇਸਦਾ ਸੰਸਥਾਪਕ ਕਿਉਂਕਿ ਕੋਈ ਇਕ ਵਿਅਕਤੀ ਨਾ ਹੋ ਕੇ ਬ੍ਰਾਹਮਣ ਵਰਗ ਸੀ, ਇਸ ਲਈ ਇਸਨੂੰ 'ਬ੍ਰਾਹਮਣ ਧਰਮ' ਆਖਿਆ ਜਾ ਸਕਦਾ ਹੈ, ਜਿਸਨੂੰ ਅੱਜਕਲ੍ਹ 'ਹਿੰਦੂ ਧਰਮ' ਆਖਿਆ ਜਾਂਦਾ ਹੈ। ਭਾਵੇਂ ਇਸ 'ਹਿੰਦੂ ਧਰਮ' (?) ਵਿਚ ਉਨ੍ਹਾਂ ਸਮਾਜਿਕ ਨੈਤਿਕ ਕਦਰਾਂ-ਕੀਮਤਾਂ ਦਾ ਕੋਈ ਨਾਮੋ-ਨਿਸ਼ਾਨ ਨਹੀਂ ਹੈ ਜਿਹੜੀਆਂ ਕਦਰਾਂ-ਕੀਮਤਾਂ ਦੁਨੀਆਂ ਦੇ ਕਿਸੇ ਵੀ ਧਰਮ ਦੀਆਂ ਬੁਨਿਆਦ, ਆਧਾਰ ਜਾਂ ਨਿਉਂ ਹੋਣੀਆਂ ਚਾਹੀਦੀਆਂ ਹਨ।

ਧਰਮ ਦੇ ਨਾਮ 'ਤੇ ਯੱਗਾਂ ਵਿਚ ਬੇਜ਼ੁਬਾਨ ਜਾਨਵਰਾਂ ਦੀ ਬਲੀ ਭਾਵ ਜੀਵ ਹੱਤਿਆ ਕਰਕੇ ਉਸਨੂੰ ਖਾਣ ਦੇ ਨਾਲ ਸੁਰਾ ਅਤੇ ਸੋਮਰਸ ਨਾਮ ਦੀ ਸ਼ਰਾਬ ਪੀਣੀ। ਸਮੁੱਚੀ ਨਾਰੀ ਨੂੰ ਵੀ ਸ਼ੂਦਰ ਗਰਦਾਨ ਕੇ ਉਸਨੂੰ ਆਪਣੀ ਹਵਸ ਦੀ ਪੂਰਤੀ ਦੇ ਲਈ ਉਸਨੂੰ ਕੇਵਲ ਉਪਭੋਗ ਦੀ ਵਸਤੂ ਬਣਾ ਕੇ ਦਿਨ ਰਾਤ ਉਸ ਨਾਲ ਵਿਭਚਾਰ ਕਰਨਾ। ਧਰਮ ਦੇ ਨਾਮ 'ਤੇ ਝੂਠ, ਕਪਟ, ਠੱਗੀ-ਠੋਰੀ, ਬੇਈਮਾਨੀ ਕਰਨੀ ਬ੍ਰਾਹਮਣ ਦਾ ਧਰਮ ਹੋ ਗਿਆ। ਧਰਮ ਦੇ ਉਹ ਮੁੱਢਲੇ ਪੰਜ ਸਿਧਾਂਤ ਜਾਂ ਆਧਾਰ ਜਿਸਨੂੰ ਤਥਾਗਤ ਗੌਤਮ ਬੁੱਧ ਨੇ ਪੰਜ ਸ਼ੀਲ ਆਖਿਆ (1) ਜੀਵ ਹੱਤਿਆ ਨਹੀਂ ਕਰਨੀ, (2) ਕਿਸੇ ਪ੍ਰਕਾਰ ਦਾ ਨਸ਼ਾ ਨਹੀਂ ਕਰਨਾ, (3) ਵਿਭਚਾਰ ਨਹੀਂ ਕਰਨਾ, (4) ਝੂਠ ਨਹੀਂ ਬੋਲਣਾ ਅਤੇ (5) ਚੋਰੀ ਨਹੀਂ ਕਰਨੀ। ਬ੍ਰਾਹਮਣੀ ਧਰਮ ਇਨ੍ਹਾਂ ਪੰਜ ਸ਼ੀਲਾਂ ਦੇ ਬਿਲਕੁਲ ਉਲਟਾ ਆਚਰਣ ਕਰਦਾ ਸੀ ਤੇ ਅੱਜ ਵੀ ਕਰ ਰਿਹਾ ਹੈ। ਇਸੇ ਕਰਕੇ ਅਸੀਂ ਵੇਖਦੇ ਹਾਂ ਕਿ ਸਿਧਾਰਥ ਗੌਤਮ ਬੁੱਧ ਦੁਆਰਾ ਦੱਸੇ ਧਰਮ ਦੇ ਇਹ ਮੁੱਢਲੇ ਸ਼ੀਲ-ਸਦਾਚਾਰ ਦੇ ਇਹ ਗੁਣ ਬ੍ਰਾਹਮਣੀ ਧਰਮ ਦੇ ਕਿਸੇ ਵੀ ਦੇਵੀ-ਦੇਵਤਾ ਦੇ ਆਚਰਣ ਵਿਚ ਵਿਖਾਈ ਨਹੀਂ ਦਿੰਦੇ। ਇਕ ਤਰ੍ਹਾਂ ਨਾਲ ਅਧਰਮ ਨੂੰ ਹੀ ਧਰਮ ਅਤੇ ਅਧਾਰਮਿਕ ਆਚਰਣ ਨੂੰ ਹੀ ਧਾਰਮਿਕ ਆਚਰਣ ਆਖਿਆ ਗਿਆ। ਅਸੱਭਿਅਕ ਲੋਕ ਬਾਹਰੋਂ ਆ ਕੇ ਆਪਣੇ ਆਪ ਨੂੰ ਸੱਭਿਅਕ ਅਤੇ ਭਾਰਤੀ ਭੂਮੀ-ਪੁੱਤਰਾਂ ਨੂੰ ਅਸੱਭਿਅਕ ਘੋਸ਼ਿਤ ਕਰਨ ਦੀ ਕੋਸ਼ਿਸ਼ ਕਰਦੇ ਰਹੇ ਜੋ ਅੱਜ ਵੀ ਜਾਰੀ ਹੈ। ਬ੍ਰਾਹਮਣੀ ਕਦਰਾਂ-ਕੀਮਤਾਂ ਅਤੇ ਭਾਰਤੀ ਕਦਰਾਂ-ਕੀਮਤਾਂ ਦੀ ਸਥਾਪਨਾ ਨੂੰ ਲੈ ਕੇ ਜੋ ਸਿਧਾਂਤਕ ਅਤੇ ਵਿਚਾਰਧਾਰਕ ਸੰਘਰਸ਼ ਤਥਾਗਤ ਗੌਤਮ ਬੁੱਧ ਨੇ ਸ਼ੁਰੂ ਕੀਤਾ, ਉਹ ਸੰਘਰਸ਼ ਮੱਧ-ਕਾਲ ਦੇ ਸੰਤਾਂ ਮਹਾਂਪੁਰਸ਼ਾਂ ਤੋਂ ਹੁੰਦਾ ਹੋਇਆ ਆਧੁਨਿਕ ਕਾਲ ਵਿਚ ਬਾਬਾ ਸਾਹਿਬ ਡਾ. ਅੰਬੇਡਕਰ ਤੇ ਉਨ੍ਹਾਂ ਤੋਂ ਬਾਅਦ ਅੱਜ ਵਰਤਮਾਨ ਵਿਚ ਵੀ ਨਿਰੰਤਰ ਜਾਰੀ ਹੈ। ਇਹ ਸਿਧਾਂਤਕ ਅਤੇ ਵਿਚਾਰਧਾਰਕ ਲੜਾਈ ਉਦੋਂ ਤੱਕ ਚਲਦੀ ਰਹੇਗੀ, ਜਦੋਂ ਤੱਕ ਭਾਰਤੀ ਮੂਲ ਨਿਵਾਸੀ ਆਪਣੀਆਂ ਮੁੱਢਲੀਆਂ ਸਮਾਜਿਕ ਨੈਤਿਕ ਕਦਰਾਂ-ਕੀਮਤਾਂ ਨੂੰ ਸਥਾਪਤ ਨਹੀਂ ਕਰ ਲੈਂਦੇ। ਅਸਲ ਵਿਚ ਇਹ ਸੰਘਰਸ਼ 'ਧਰਮ' ਅਤੇ 'ਅਧਰਮ' ਵਿਚਕਾਰ ਹੈ। ਜਿਹੜਾ ਵਿਅਕਤੀ ਨੈਤਿਕਤਾ, ਸ਼ੀਲ-ਸਦਾਚਾਰ ਦੇ ਇਨ੍ਹਾਂ ਮਾਨਵੀ ਮੁੱਲਾਂ ਨੂੰ ਪਹਿਲਾਂ ਆਪਣੇ ਨਿੱਜੀ ਜੀਵਨ ਵਿਚ, ਫਿਰ ਸਮਾਜਿਕ ਜੀਵਨ ਵਿਚ ਸਥਾਪਤ ਕਰਨ ਦੀ ਜੱਦੋ-ਜਹਿਦ ਕਰਦਾ ਹੈ, ਅਸਲ ਵਿਚ ਉਹ 'ਧਰਮ ਯੋਧਾ' ਹੈ ਕਿਉਂਕਿ ਇਹ ਲੜਾਈ 'ਧਰਮ-ਰਾਜ' ਦੀ ਸਥਾਪਨਾ ਕਰਨ ਲਈ ਹੈ।

ਅਕਸਰ ਅਜਿਹਾ ਸਮਝਿਆ ਜਾਂਦਾ ਹੈ ਕਿ ਜਿਹੜਾ ਵਿਅਕਤੀ ਵੱਧ ਤੋਂ ਵੱਧ ਮੰਦਿਰ, ਮਸਜਿਦ, ਗੁਰਦੁਆਰੇ, ਬੁੱਧ ਵਿਹਾਰ ਜਾਂ ਚਰਚ ਆਦਿ ਵਿਚ ਜਾਂਦਾ ਹੈ। ਟੱਲੀਆਂ ਵਜਾਵੁਣਾ, ਮੱਥੇ ਟੇਕਣਾ, ਨਮਾਜ਼ ਅਦਾ ਕਰਨੀ, ਸ਼ਬਦ ਸਿਮਰਨ ਕਰਨਾ, ਵੰਦਨਾ ਕਰਨੀ ਜਾਂ ਪ੍ਰਾਰਥਨਾ ਆਦਿ ਕਰਨੀ ਧਾਰਮਿਕ ਵਿਅਕਤੀ ਦੇ ਲੱਛਣ ਸਮਝੇ ਜਾਂਦੇ ਹਨ। ਧਰਮ-ਗ੍ਰੰਥਾਂ ਦੀ ਤੋਤਾ-ਰਟ ਲਗਾਉਣ ਵਾਲੇ ਨੂੰ ਇਕ ਤਰ੍ਹਾਂ ਨਾਲ ਬਹੁਤ ਵੱਡਾ ਗਿਆਨੀ ਜਾਂ ਦਾਰਸ਼ਨਿਕ ਸਮਝਿਆ ਜਾਂਦਾ ਹੈ। ਪ੍ਰੰਤੂ ਭਾਰਤੀ ਸ਼੍ਰਮਣ ਸੰਸਕ੍ਰਿਤੀ ਜਿਸ ਵਿਚ ਤਥਾਗਤ ਗੌਤਮ ਬੁੱਧ, ਮਹਾਂਵੀਰ ਜੈਨ, ਸਤਿਗੁਰੂ ਕਬੀਰ, ਗੁਰੂ ਰਵਿਦਾਸ ਅਤੇ ਸੰਤ ਨਾਮਦੇਵ ਆਦਿ ਮਹਾਂਪੁਰਸ਼ ਇਨ੍ਹਾਂ ਲਿਫਾਫੇਬਾਜ਼ੀਆਂ ਨੂੰ ਧਰਮ ਨਹੀਂ ਸਮਝਦੇ ਸਨ। ਉਹ ਤਾਂ ਸ਼ੀਲ-ਸਦਾਚਾਰ ਅਤੇ ਨੈਤਿਕ ਕਦਰਾਂ-ਕੀਮਤਾਂ ਨੂੰ 'ਧਰਮ' ਆਖਦੇ ਸਨ ਤੇ ਇਨ੍ਹਾਂ ਕਦਰਾਂ-ਕੀਮਤਾਂ ਦੀ ਪਾਲਣਾ ਕਰਨ ਵਾਲੇ ਨੂੰ ਹੀ ਧਾਰਮਿਕ ਵਿਅਕਤੀ ਸਮਝਦੇ ਸਨ। ਸ਼ੀਲ ਸਦਾਚਾਰ ਤੋਂ ਸੱਖਣਾ ਵਿਅਕਤੀ ਲੱਖ ਆਪਣੇ-ਆਪ ਨੂੰ ਬੋਧੀ, ਜੈਨੀ, ਮੁਸਲਿਮ, ਸਿੱਖ, ਇਸਾਈ ਆਖੀ ਜਾਵੇ, ਉਹ ਇਹ ਸਭ ਕੁਝ ਤਾਂ ਹੋ ਸਕਦਾ ਹੈ ਪਰ 'ਧਾਰਮਿਕ' ਨਹੀਂ।

ਧਰਮ ਇਨਸਾਨ ਨੂੰ ਸਿਖਾਉਂਦਾ ਹੈ ਕਿ ਇਕ ਇਨਸਾਨ ਦੂਸਰੇ ਇਨਸਾਨ ਨਾਲ ਕਿਹੋ ਜਿਹੇ ਸਬੰਧ ਹੋਣੇ ਚਾਹੀਦੇ ਹਨ। ਕੇਵਲ ਇਨਸਾਨ ਨਾਲ ਹੀ ਨਹੀਂ ਇਸ ਤੋਂ ਅੱਗੇ ਦੂਸਰੇ ਸਭ ਜੀਵਾਂ ਪਸ਼ੂ-ਪੰਛੀਆਂ ਅਤੇ ਬਨਸਪਤੀ ਦੀ ਸਾਂਭ-ਸੰਭਾਲ ਕਰਨ ਦੀ ਸੇਧ ਵੀ ਦਿੰਦਾ ਹੈ। ਧਰਮ ਸਿਖਾਉਂਦਾ ਹੈ ਕਿ ਨਾ ਤੁਸੀਂ ਕਿਸੇ ਦੂਸਰੇ ਇਨਸਾਨ ਨਾਲ ਗੈਰ-ਬਰਾਬਰੀ ਦਾ ਵਿਵਹਾਰ ਕਰੋ ਤੇ ਨਾ ਹੀ ਹੋਣ ਦੇਵੋ। ਧਰਮ ਸਿਖਾਉਂਦਾ ਹੈ ਕਿ ਤੁਸੀਂ ਨਾ ਤਾਂ ਕਿਸੇ ਦੇ ਗੁਲਾਮ ਬਣੋ ਅਤੇ ਨਾ ਕਿਸੇ ਨੂੰ ਗੁਲਾਮ ਬਣਾਓ। ਧਰਮ ਸਿਖਾਉਂਦਾ ਹੈ ਕਿ ਨਾ ਤੁਸੀਂ ਕਿਸੇ ਨਾਲ ਨਫਰਤ ਕਰੋ ਅਤੇ ਨਾ ਹੀ ਕਿਸੇ ਨੂੰ ਨਫਰਤ ਫੈਲਾਉਣ ਦੇਵੋ।

ਧਰਮ ਸਿਖਾਉਂਦਾ ਹੈ ਕਿ ਨਾ ਤਾਂ ਤੁਸੀਂ ਕਿਸੇ ਉਪਰ ਜਬਰ ਜ਼ੁਲਮ ਕਰੋ ਅਤੇ ਨਾ ਹੀ ਜਬਰ-ਜ਼ੁਲਮ ਸਹਿਣ ਕਰੋ ਅਤੇ ਨਾ ਹੀ ਜਬਰ-ਜ਼ੁਲਮ ਹੋਣ ਦੇਵੋ। ਧਰਮ ਉਹੀ ਹੈ ਜੋ ਸਮਾਨਤਾ, ਸੁਤੰਤਰਤਾ, ਭਾਈਚਾਰੇ ਅਤੇ ਨਿਆਂ ਦਾ ਸਮਰਥਨ ਕਰਦਾ ਹੈ। ਕੋਈ ਵਿਅਕਤੀ ਜਾਂ ਵਿਅਕਤੀ ਸਮੂਹ ਇਨ੍ਹਾਂ ਚਾਰੇ ਮੁੱਲਾਂ ਵਿਚ ਵਿਸ਼ਵਾਸ ਰੱਖਦੇ ਹੋਏ ਇਹਨਾਂ ਨੂੰ ਸਥਾਪਤ ਕਰਨ ਦਾ ਮਹਾਨ ਕਾਰਜ ਕਰਦਾ ਹੈ ਤਾਂ ਇਸ ਗੱਲ ਦਾ ਧਿਆਨ ਰੱਖਣਾ ਬਹੁਤ ਜ਼ਰੂਰੀ ਹੈ ਕਿ ਜਬਰ-ਜ਼ੁਲਮ ਭਾਵੇਂ ਦੁਨੀਆਂ ਦੇ ਕਿਸੇ ਵੀ ਕੋਨੇ ਵਿਚ ਕੋਈ ਵਿਅਕਤੀ ਜਾਂ ਕੋਈ ਵਿਸ਼ੇਸ਼ ਵਰਗ ਦੂਸਰੇ ਵਿਅਕਤੀ ਜਾਂ ਵਰਗ ਉਪਰ ਕਰ ਰਿਹਾ ਹੋਵੇ, ਅਸੀਂ ਉਸਦੇ ਖਿਲਾਫ ਖੜ੍ਹੇ ਹੋਵਾਂਗੇ। ਭਾਵੇਂ ਇਕ ਭਰਾ ਆਪਣੇ ਦੂਸਰੇ ਭਰਾ ਨਾਲ ਹੀ ਅੰਨਿਆ ਕਿਉਂ ਨਾ ਕਰ ਰਿਹਾ ਹੋਵੇ। ਨਾ ਅੰਨਿਆ ਕਰਾਂਗੇ, ਨਾ ਅੰਨਿਆ ਕਰਨ ਦੇਵਾਂਗੇ ਅਤੇ ਨਾ ਹੀ ਅੰਨਿਆ ਸਹਿਣ ਕਰਾਂਗੇ। ਇਹੀ ਸਿਧਾਂਤ ਸਮਾਨ ਰੂਪ ਨਾਲ ਸਮਾਨਤਾ, ਸੁਤੰਤਰਤਾ ਅਤੇ ਭਾਈਚਾਰੇ ਦੇ ਮੁੱਲਾਂ ਉਪਰ ਲਾਗੂ ਹੁੰਦੇ ਹਨ। 'ਧਰਮ' ਅਤੇ 'ਧਾਰਮਿਕ ਵਿਅਕਤੀ' ਦਾ ਇਹੀ ਕਾਰਜ ਹੈ। ਇਹੀ ਧਰਮ ਦੀ ਉਪਯੋਗਤਾ ਹੈ। ਧਰਮ ਦੇ ਨਾਮ 'ਤੇ ਹੀ ਦੁਨੀਆਂ ਵਿਚ ਅਮਨ, ਸੁੱਖ-ਸ਼ਾਂਤੀ ਅਤੇ ਸਦਭਾਵਨਾ ਦੀਆਂ ਗੱਲਾਂ ਕੀਤੀਆਂ ਜਾਂਦੀਆਂ ਹਨ ਅਤੇ ਧਰਮਾਂ ਦੇ ਨਾਮ 'ਤੇ ਹੀ ਸੰਪਰਦਾਇਕਤਾ, ਨਫਰਤ, ਹਿੰਸਾ, ਦੰਗੇ-ਫਸਾਦ ਕਰਵਾਏ ਜਾਂਦੇ ਹਨ। ਅਜਿਹੇ ਘਿਨੌਣੇ ਕਾਰਨਾਮੇ ਕਰਨ ਵਾਲੇ ਆਪਣੇ-ਆਪ ਨੂੰ ਧਰਮ ਦੇ ਠੇਕੇਦਾਰ ਅਖਵਾਉਂਦੇ ਹਨ। ਅੱਜ ਜ਼ਰੂਰਤ ਹੈ ਇਹਨਾਂ 'ਅਧਾਰਮਿਕ' ਤਾਕਤਾਂ ਨੂੰ ਨੱਥ ਪਾਉਣ ਦੀ, ਨਹੀਂ ਤਾਂ ਇਹ ਸਵਾਰਥੀ ਅਤੇ ਖੁਦਗਰਜ਼ ਲੋਕ ਜਿਹਨਾਂ ਅੰਦਰ ਇਨਸਾਨੀਅਤ ਨਾਮ ਦੀ ਕੋਈ ਚੀਜ਼ ਨਹੀਂ ਹੈ, ਉਹ ਆਪਣੇ ਘਟੀਆ ਰਾਜਨੀਤਿਕ ਮਨਸੂਬਿਆਂ ਨੂੰ ਅੰਜਾਮ ਦੇਣ ਲਈ ਕਿਸੇ ਵੀ ਹੱਦ ਤੱਕ ਜਾ ਸਕਦੇ ਹਨ। ਹਜ਼ਾਰਾਂ ਬੇਕਸੂਰ ਲੋਕਾਂ ਨੂੰ ਮੌਤ ਦੇ ਘਾਟ ਉਤਾਰਨਾ, ਮਜ਼ਲੂਮ ਧੀਆਂ-ਭੈਣਾਂ ਨੂੰ ਆਪਣੀ ਹਵਸ ਦਾ ਸ਼ਿਕਾਰ ਬਣਾਉਣਾ, ਉਨ੍ਹਾਂ ਦੀ ਧਨ-ਸੰਪਤੀ ਨੂੰ ਅੱਗ ਦੇ ਹਵਾਲੇ ਕਰ ਦੇਣਾ ਤਾਂ ਕਿ ਇਨ੍ਹਾਂ ਦੀ ਖੇਡ ਹੁੰਦੀ ਹੈ। ਅਜਿਹੇ 'ਸ਼ੈਤਾਨ' ਲੋਕ ਧਰਮ ਦਾ ਮੁਖੌਟਾ ਪਹਿਨ ਕੇ ਸਧਾਰਣ ਲੋਕਾਂ ਦੀਆਂ ਭਾਵਨਾਵਾਂ ਨੂੰ ਭੜਕਾ ਕੇ ਆਪਣਾ ਸਮਾਜਿਕ-ਰਾਜਨੀਤਿਕ ਅਤੇ ਆਰਥਿਕ ਵਰਚਸਵ ਸਥਾਪਤ ਕਰਨ ਦੀਆਂ ਕੋਝੀਆਂ ਸਾਜਿਸ਼ਾਂ ਰਚਦੇ ਰਹਿੰਦੇ ਹਨ। ਅੱਜ ਜ਼ਰੂਰਤ ਹੈ ਆਪਣੀ ਜਾਤ, ਸੰਪਰਦਾਇ ਅਤੇ ਖੇਤਰਵਾਦ ਦਾ ਭਾਵਨਾ ਤੋਂ ਉਪਰ ਉੱਠ ਕੇ ਸਮਾਜ ਦੇ ਬੁੱਧੀਜੀਵੀਆਂ ਨੂੰ ਇਕ ਮੰਚ ਉਪਰ ਆਉਣ ਦੀ, ਤਾਂ ਜੋ ਸਧਾਰਨ ਜਨਤਾ ਨੂੰ ਜਾਗ੍ਰਿਤ ਅਤੇ ਸੰਗਠਿਤ ਕਰਕੇ ਇਨ੍ਹਾਂ ਅਮਾਨਵੀ ਤਾਕਤਾਂ ਦਾ ਨਿਪਟਾਰਾ ਕੀਤਾ ਜਾ ਸਕੇ।

# ਅਣਗੌਲ਼ਿਆ ਸ਼ਹੀਦ: ਬਾਬੂ ਹਰਨਾਮ ਸਿੰਘ ਸਾਹਰੀ

## ( ਫਾਂਸੀ 14 ਨਵੰਬਰ,1916 --ਸ਼ਹੀਦੀ ਸ਼ਤਾਬਦੀ 14 ਨਵੰਬਰ, 2016)

ਬਾਬੂ ਹਰਨਾਮ ਸਿੰਘ ਦਾ ਜਨਮ ਸੰਨ 1884 ਈ. ਵਿਚ ਹੁਸ਼ਿਆਰਪੁਰ ਜ਼ਿਲ੍ਹੇ ਦੇ ਪਿੰਡ ਸਾਹਰੀ ਵਿਖੇ ਪਿਤਾ ਸ. ਲਾਭ ਸਿੰਘ ਅਤੇ ਮਾਤਾ ਸ਼੍ਰੀ ਮਤੀ ਚੰਦ ਕੌਰ ਦੀ ਕੁੱਖੋਂ ਹੋਇਆ। ਪਿੰਡ ਸਾਹਰੀ ਹੁਸ਼ਿਆਰਪੁਰ ਤੋਂ ਫਗਵਾੜਾ ਜਾਣ ਵਾਲੀ ਸੜਕ ਦੇ ਲਹਿੰਦੇ ਪਾਸੇ ਹੁਸ਼ਿਆਰਪੁਰ ਤੋਂ 12 ਕਿਲੋਮੀਟਰ ਦੀ ਦੂਰੀ ਤੇ ਸਥਿਤ ਹੈ। ਸਾਹਰੀ ਨੂੰ ਸੰਤਾਂ ਮਹਾਂਪੁਰਖਾਂ ਦੀ ਨਗਰੀ ਵੀ ਕਿਹਾ ਜਾਂਦਾ ਹੈ। ਇੱਥੇ ਹਰ ਕਮਿਊਨਿਟੀ ਦਾ ਆਦਮੀ ਪਿਆਰ ਮੁਹੱਬਤ ਨਾਲ ਵਸਦਾ ਸੀ। ਪਿੰਡ ਦੇ ਇਸ ਅਪਣੱਤ ਭਰੇ ਵਾਤਾਵਰਨ ਨੇ ਬਾਬੂ ਹਰਨਾਮ ਸਿੰਘ ਦੀ ਸਵੱਸ਼ ਸ਼ਖ਼ਸੀਅਤ ਦੇ ਨਿਰਮਾਣ ਵਿਚ ਉਸਾਰੂ ਰੋ.ਲ ਅਦਾ ਕੀਤਾ। ਪਿੰਡ ਵਿਚ ਇਹਨਾਂ ਦਾ ਪਰਿਵਾਰ ਸਾਊ ਪਰਿਵਾਰ ਅਖਵਾਉਂਦਾ ਸੀ। ਹਲੀਮੀ, ਨਿਮਰਤਾ ਅਤੇ ਦੂਜਿਆਂ ਦੇ ਹਿੱਤਾਂ ਲਈ ਸਾਜ਼ਗਾਰ ਰਹਿਣਾ ਇਹਨਾਂ ਦੇ ਸੁਭਾਓ ਵਿਚ ਸ਼ਾਮਿਲ ਸੀ। ਬਾਬੂ ਜੀ ਦੇ ਵੱਡੇ ਭਰਾ ਦਾ ਨਾਂ ਬਸੰਤ ਸਿੰਘ ਅਤੇ ਛੋਟੇ ਭਰਾ ਦਾ ਨਾਂ ਭਗਵਾਨ ਸਿੰਘ ਸੀ। ਤਿੰਨਾ ਭਰਾਵਾਂ ਤੋਂ ਛੋਟੀ ਇੱਕ ਭੈਣ ਸੀ ਜਿਸਦਾ ਨਾਂ ਹਰਨਾਮ ਕੌਰ ਸੀ।ਮੁਢਲੀ ਵਿਦਿਆ ਬਾਬੂ ਜੀ ਨੇ ਆਪਣੇ ਨਗਰ ਤੋਂ ਹੀ ਪ੍ਰਾਪਤ ਕੀਤੀ ਅਤੇ ਆਪਣੇ ਘਰਦਿਆਂ ਦੇ ਨਾਲ ਖੇਤੀ ਬਾੜੀ ਦੇ ਕੰਮਾਂ ਵਿਚ ਹੱਥ ਵਟਾਉਣਾ ਸ਼ੁਰੂ ਕੀਤਾ। ਆਪ ਦੀ ਸ਼ਾਦੀ ਜਲੰਧਰ ਜ਼ਿਲ੍ਹੇ ਦੇ ਪਿੰਡ ਕੋਟਲੀ ਦੀ ਰਾਅ ਕੌਰ ਨਾਲ ਹੋਈ। ਪਰਿਵਾਰ ਦੀ ਆਰਥਿਕਤਾ ਨੂੰ ਖੁਸ਼ਹਾਲ ਕਰਨ ਦੇ ਮਕਸਦ ਨਾਲ ਆਪ 18 ਸਾਲ ਦੀ ਉਮਰ ਵਿਚ ਰਸਾਲੇ ਵਿਚ ਭਰਤੀ ਹੋ ਗਏ। ਪਰ ਅਜ਼ਾਦ ਤਬੀਅਤ ਦੇ ਮਾਲਕ ਹੋਣ ਕਰਕੇ ਇੱਥੇ ਜਿਆਦਾ ਦੇਰ ਟਿਕ ਨਾ ਸਕੇ ਅਤੇ ਛੇਤੀ ਹੀ ਅਸਤੀਫ਼ਾ ਦੇ ਕੇ ਘਰ ਵਾਪਸ ਆ ਗਏ।


ਘਰ ਆ ਕੇ ਵੀ ਬਾਬੂ ਜੀ ਦਾ ਮਨ ਨਾ ਲੱਗਾ।1904 ਦੇ ਅਖੀਰ ਤੇ ਆਪ ਹਾਂਗਕਾਂਗ ਚਲੇ ਗਏ ਅਤੇ ਇੱਥੇ ਤਿੰਨ ਸਾਲ ਇਲੈਕਟ੍ਰਿਕ ਟ੍ਰਾਮ ਕੰਪਨੀ ਵਿਚ ਸਟੋਰਕੀਪਰੀ ਦੀ ਨੌਕਰੀ ਕੀਤੀ।ਇੱਥੇ ਰਹਿੰਦਿਆਂ ਆਪ ਦਾ ਮੇਲ ਅਮਰੀਕਾ ਕੈਨੇਡਾ ਤੋਂ ਆਉਣ ਵਾਲੇ ਯਾਤਰੀਆਂ ਨਾਲ ਹੁੰਦਾ ਰਹਿੰਦਾ ਸੀ। ਇਹਨਾਂ ਤੋਂ ਹੀ ਆਪ ਨੂੰ ਪਤਾ ਲੱਗਾ ਕਿ ਕੈਨੇਡਾ ਅਮਰੀਕਾ ਵਿਚ ਕਮਾਈ ਕਾਫ਼ੀ ਹੈ ਅਤੇ ਕੀਤੀ ਹੋਈ ਮਿਹਨਤ ਦਾ ਸਹੀ ਮੁੱਲ ਪੈਂਦਾ ਹੈ। ਆਪ ਨੇ ਪੈਸੇ ਦਾ ਬੰਦੋਬਸਤ ਕੀਤਾ ਅਤੇ 31 ਅਗਸਤ 1907 ਨੂੰ ਵਿਕਟੋਰੀਆ ਪਹੁੰਚ ਗਏ। ਇੱਥੇ ਆ ਕੇ ਆਪ ਨੇ ਪਹਿਲਾਂ ਰੋਜ਼ੀ ਦਾ ਪ੍ਰਬੰਧ ਕੀਤਾ ਅਤੇ ਫੇਰ ਲਿੰਕਨ ਹਾਈ ਸਕੂਲ ਤੇ ਯੂਨੀਵਰਸਿਟੀ ਕਾਲਜ ਸਿਆਟਲ 'ਚ ਪੜ੍ਹਾਈ ਕੀਤੀ।

ਪੜ੍ਹਾਈ ਕਰਦਿਆਂ ਆਪ ਦਾ ਮੇਲ ਜੀ. ਡੀ. ਕੁਮਾਰ ਜਿਹੇ ਸਿਰਕੱਢ ਦੇਸ਼ ਭਗਤ ਨਾਲ ਹੋਇਆ। ਇਸ ਸਮੇਂ ਤੱਕ ਆਲੇ ਦੁਆਲੇ ਦੇ ਮਾਹੌਲ ਦਾ ਚਿੰਤਨ ਕਰਕੇ ਆਪ ਦੇ ਮਨ ਵਿਚ ਅੰਗਰੇਜ਼ੀ ਸਰਕਾਰ ਖਿਲਾਫ਼ ਵਿਰੋਧ ਦੀ ਭਾਵਨਾ ਪਨਪ ਚੁੱਕੀ ਸੀ। ਅਸਲ ਗੁਲਾਮੀ ਦਾ ਅਹਿਸਾਸ ਉਹਨਾਂ ਨੂੰ ਇੱਧਰ ਆ ਕੇ ਹੀ ਹੋਇਆ। ਪੈਰ ਪੈਰ ਤੇ ਹੁੰਦੇ ਵਿਤਕਰੇ ਨੇ ਆਪ ਦਾ ਹਿਰਦਾ ਪੱਛ ਸੁਟਿਆ। ਇੱਥੋਂ ਹੀ ਆਪ ਨੇ ਆਪਣੇ ਪਿਤਾ ਜੀ ਨੂੰ ਇੱਕ ਪੱਤਰ ਲਿਖਿਆ ਕਿ ਪਿਤਾ ਜੀ ਤੁਸੀਂ ਮੇਰੇ ਕੋਲੋਂ ਹੁਣ ਆਪਣੇ ਕੰਮਾਂ ਅਤੇ ਆਰਥਿਕ ਮੱਦਦ ਦੀ ਆਸ ਨਾ ਰੱਖਿਓ। ਮੈਂ ਆਪਣੀ ਜ਼ਿੰਦ ਦੇਸ਼ ਦੇ ਨਾਂ ਲਿਖ ਦਿੱਤੀ ਹੈ। ਜਦ ਤੱਕ ਮੇਰੇ ਅੰਦਰ ਸਾਹਾਂ ਦੀ ਗਤੀ ਚਲਦੀ ਰਹੇਗੀ ਮੈਂ ਅੰਗਰੇਜ਼ੀ ਹਕੂਮਤ ਖਿਲਾਫ਼ ਲੜਦੇ ਹੋਏ ਅਜ਼ਾਦੀ ਪ੍ਰਾਪਤੀ ਲਈ ਤੱਤਪਰ ਰਹਾਂਗਾ। ਇਸਤੋਂ ਬਾਅਦ ਉਹਨਾਂ ਆਪਣੇ ਪਰਿਵਾਰ ਨਾਲ ਕੋਈ ਵਾਸਤਾ ਨਹੀਂ ਰੱਖਿਆ।

ਜੀ.ਡੀ. ਕੁਮਾਰ ਨਾਲ ਮਿਲ ਕੇ ਬਾਬੂ ਹਰਨਾਮ ਸਿੰਘ ਨੇ ਜਨਵਰੀ 1910 ਈ. ਨੂੰ ਆਪਣੀ ਰਿਹਾਇਸ਼ 1632-ਦੂਜਾ, ਐਵੇਨਿਊ ਵੈਸਟ ਫੇਅਰਵਿਊ ਵੈਨਕੂਵਰ ਤੋਂ 'ਸੁਦੇਸ਼ ਸੇਵਕ' ਨਾਂ ਦਾ ਪਰਚਾ ਸ਼ੁਰੂ ਕੀਤਾ। ਵਿਦੇਸ਼ੀ ਧਰਤੀ ਉਪਰ ਛਪਣ ਵਾਲਾ ਇਹ ਪਹਿਲਾ ਪੰਜਾਬੀ ਪਰਚਾ ਸੀ। ਬਾਬੂ ਜੀ ਇਸ ਪਰਚੇ ਦੇ ਸੰਪਾਦਕ ਵੀ ਸਨ ਤੇ ਸਰਪ੍ਰਸਤ ਵੀ। ਇਸ ਪਰਚੇ ਦੇ ਅੱਠ ਸਫੇ, ਕੀਮਤ ਦਸ ਸੈਂਟ ਤੇ ਸਾਲ ਦਾ ਚੰਦਾ ਇੱਕ ਡਾਲਰ ਸੀ। ਇਸਦੇ ਪਹਿਲੇ ਸਫੇ ਤੇ ਇੱਕ ਉਰਦੂ-ਨੁਮਾ ਸ਼ੇਅਰ ਗੁਰਮੁਖੀ ਲਿੱਪੀ ਵਿਚ ਅੰਕਿਤ ਹੁੰਦਾ ਸੀ:

ਮਰਨਾ ਭਲਾ ਉਸਕਾ ਜੋ ਅਪਨੇ ਲੀਏ ਜੀਏ।<br>
ਜੀ ਤਾ ਹੈ ਵੋਹ ਜੋ ਮਰ ਚੁਕਾ ਹੈ ਇਨਸਾਨ ਕੇ ਲੀਏ।

ਪਰਚੇ ਵਿਚ ਬਾਬੂ ਹਰਨਾਮ ਸਿੰਘ ਬੇਝਿਜਕ ਹੋ ਕੇ ਲਿਖਦੇ ਸਨ ਕਿ ਸਾਨੂੰ ਭਾਰਤੀਆਂ ਨੂੰ ਇੱਥੇ ਖੁੱਲ੍ਹੇ ਤੌਰ ਤੇ ਆਉਣ ਦੀ ਆਗਿਆ ਨਹੀਂ ਹੈ। ਜਪਾਨੀਆਂ ਚੀਨੀਆਂ ਲਈ ਹੋਰ ਕਾਨੂੰਨ ਹਨ ਅਤੇ ਸਾਡੇ ਲਈ ਹੋਰ। ਅਸੀਂ ਹਿੰਦੋਸਤਾਨ ਤੋਂ ਕੈਨੇਡਾ ਸਿੱਧੇ ਨਹੀਂ ਆ ਸਕਦੇ। ਇਸ ਕਰਕੇ ਬਾਇਆ ਹਾਂਗਕਾਂਗ ਆਉਣ ਨਾਲ ਸਾਡਾ ਬਹੁਤ ਸਾਰਾ ਧਨਅਤੇ ਸਮਾਂ ਖਰਾਬ ਹੁੰਦਾ ਹੈ। ਲੋਕਾਂ ਦੇ ਦੁੱਖਾਂ ਦਰਦਾਂ ਨੂੰ ਉਹਨਾਂ ਨੇ ਆਪਣੇ ਪਰਚੇ ਦਾ ਅੰਗ ਬਣਾਇਆ। ਇਹ ਗੱਲ ਉਹਨਾਂ ਸ਼ਿੱਦਤ ਨਾਲ ਮਹਿਸੂਸ ਕਰ ਲਈ ਸੀ ਕਿ ਆਪਣੀ ਗੱਲ ਕਹਿਣ ਅਤੇ ਆਪਣੇ ਦੇਸ਼ ਵਾਸੀਆਂ ਨਾਲ ਰਾਬਤਾ ਕਾਇਮ ਕਰਨ ਲਈ ਮੀਡੀਆ ਕਿੰਨਾ ਜਰੂਰੀ ਹੈ। ਬਾਬੂ ਜੀ ਆਪਣੀ ਰਿਹਾਇਸ਼ ਤੇ ਲੋਕਾਂ ਦੀਆਂ ਪੜ੍ਹਾਉਣ ਲਈ ਕਲਾਸਾਂ ਲਗਾਉਂਦੇ ਸਨ। ਕਾਰਖਾਨਿਆਂ ਅਤੇ ਹੋਰ ਜਿਨ੍ਹਾਂ ਥਾਵਾਂ ਤੇ ਮਜ਼ਦੂਰ ਅਸਾਨੀ ਨਾਲ ਇਕੱਠੇ ਹੋ ਜਾਂਦੇ ਸਨ, ਆਪ ਉੱਥੇ ਜਾ ਕੇ ਉਹਨਾਂ ਨੂੰ ਲੈਕਚਰ ਦਿੰਦੇ ਸਨ ਅਤੇ ਹੱਕਾਂ ਪ੍ਰਤੀ ਜਾਗ੍ਰਿਤ ਕਰਦੇ ਸਨ।ਵੱਡੇ ਵੱਡੇ ਇਕੱਠਾਂ ਵਿਚ ਆਪ ਲੋਕਾਂ ਨੂੰ ਨਸ਼ਿਆਂ ਤੋਂ ਦੂਰ ਰਹਿਣ, ਸਾਫ ਸੁਥਰੇ ਰਹਿਣ ਅਤੇ ਇੱਕਜੁਟ ਹੋਣ ਦੀ ਪ੍ਰੇਰਨਾ ਦਿੰਦੇ ਰਹਿੰਦੇ ਸਨ। 'ਸੁਦੇਸ਼ ਸੇਵਕ' ਅਖ਼ਬਾਰ ਵਿਚ ਭਾਈ ਬਿਸ਼ਨ ਸਿੰਘ ਦੀ ਕੋਰੜਾ ਛੰਦ ਵਿਚ ਛਪੀ ਇੱਕ ਕਵਿਤਾ ਦੀਆਂ ਕੁੱਝ ਸਤਰਾਂ ਦੇਖੋ ਜੋ ਪੜ੍ਹਾਈ ਦੀ ਮਹੱਤਤਾ ਨੂੰ ਦਰਸਾਉਂਦੀਆ ਹਨ:




ਸੁਣੋ ਪਿਆਰੇ ਭਾਈ ਕੋਰੜਾ ਮੈਂ ਗਾਂਵਦਾ, ਵਿਦਿਆ ਦਾ ਹਾਲ ਯਾਰੋ ਹਾਂ ਸੁਣਾਵਦਾ।<br>
ਆਖ ਕੇ ਸੁਣਾਵਾ ਇੱਕ ਗੱਲ ਸੱਜਣੋ, ਰੱਖਣਾ ਧਿਆਨ ਇਹਦੀ ਵੱਲ ਸੱਜਣੋ।<br>
ਆਖਦਾ ਹੈ ਦਾਸ ਜੋ ਮੁੱਖੋਂ ਪੁਕਾਰ ਕੇ, ਸਿੱਖ ਲਵੋ ਵਿਦਿਆ ਦਲੀਲ ਧਾਰ ਕੇ।<br>
ਗਿਣਤੀ ਵਿਚ ਇੰਡੀਆ ਬੜਾ ਕਹਾ ਗਿਆ, ਵਿਦਿਆ ਦੇ ਵਿਚ ਯਾਰੋ ਹਾਰ ਖਾ ਗਿਆ।<br>
ਜਰਮਨ ਫਰਾਂਸ।

1913 ਈ. ਵਿਚ ਬਾਬੂ ਹਰਨਾਮ ਸਿੰਘ ਕੈਨੇਡਾ ਆਉਣ ਵਿਚ ਕਾਮਯਾਬ ਹੋ ਗਏ ਅਤੇ ਵਿਕਟੋਰੀਆ ਆ ਕੇ ਰਹਿਣ ਲੱਗੇ। ਬਾਬੂ ਜੀ ਬਹੁਤ ਪੜ੍ਹੇ ਲਿਖੇ ਸਨ। ਉਨਾਂ ਨੂੰ ਪੰਜਾਬੀ, ਹਿੰਦੀ, ਉਰਦੂ, ਅੰਗਰੇਜ਼ੀ, ਚੀਨੀ, ਜਪਾਨੀ ਭਾਸ਼ਾਵਾਂ ਦਾ ਖਾਸਾ ਗਿਆਨ ਸੀ। ਅੰਗਰੇਜ਼ੀ ਤਾਂ ਉਹ ਪਾਣੀ ਵਾਂਗ ਬੋਲ ਲੈਂਦੇ ਸਨ।ਜਿਆਦਾ ਪੜ੍ਹੇ ਲਿਖੇ ਹੋਣ ਕਰਕੇ ਹੀ ਇਹਨਾਂ ਦੇ ਨਾਂ ਨਾਲ ਬਾਬੂ ਸ਼ਬਦ ਜੁੜ ਗਿਆ। ਆਪ ਬੋਲਦੇ ਬਹੁਤ ਘੱਟ ਸਨ।ਚੁੱਪ ਰਹਿੰਦੇ ਸਨ। ਪਰ ਮਨ ਵਿਚ ਵਿਚਾਰਾਂ ਦੀ ਲੜੀ ਹਮੇਸ਼ਾਂ ਚਲਦੀ ਰਹਿੰਦੀ ਸੀ। ਨਵੰਬਰ 1913 ਨੂੰ ਜਦ ਗ਼ਦਰ ਪਾਰਟੀ ਹੋਂਦ ਵਿਚ ਆਈ ਤਾਂ ਆਪ ਇਸਦੇ ਸਰਗਰਮ ਮੈਂਬਰ ਬਣ ਗਏ। 'ਗ਼ਦਰ' ਅਖ਼ਬਾਰ ਵਿਚ ਵੀ ਆਪ ਦੀਆਂ ਲਿਖਤਾਂ ਛਪਦੀਆਂ ਰਹਿੰਦੀਆ ਸਨ। ਅਖ਼ਬਾਰ ਵਿਚ ਆਪ ਅੰਗਰੇਜ਼ੀ ਪ੍ਰਸ਼ਾਸਨ ਦੀਆਂ ਵਧੀਕੀਆਂ ਨੂੰ ਕਾਨਟੂਨ ਬਣਾ ਕੇ ਉਜਾਗਰ ਕਰਦੇ ਸਨ। ਕਾਮਾਗਾਟਾਮਾਰੂ ਦੀ ਘਟਨਾ ਵਾਲੇ ਮੁਸਾਫਿਰਾਂ ਦੀ ਮੱਦਦ ਲਈ ਕੈਨੇਡਾ ਵਿਚ ਇੱਕ ਪੰਦਰਾਂ ਮੈਂਬਰੀ 'ਸ਼ੋਅਰ' ਕਮੇਟੀ ਬਣੀ। ਬਾਬੂ ਹਰਨਾਮ ਸਿੰਘ ਵੀ ਇਸ ਕਮੇਟੀ ਦੇ ਮੈਂਬਰ ਸਨ। ਇਹਨਾਂ ਦੇ ਜ਼ਿੰਮੇ ਮੁਸਾਫਿਰਾਂ ਨੂੰ ਖਾਣਾ, ਗ਼ਦਰੀ ਸਾਹਿਤ ਅਤੇ ਹਥਿਆਰ ਪਹੁੰਚਾਉਣਾ ਸੀ। ਬਾਬੂ ਹਰਨਾਮ ਸਿੰਘ 16 ਜੁਲਾਈ 1914 ਨੂੰ ਆਪਣੇ ਸਾਥੀਆਂ ਨਾਲ ਸਰਹੱਦ ਪਾਰ ਕਰਕੇ ਅਮਰੀਕਾ ਦੇ ਸ਼ਹਿਰ ਸੁਮਾਸ ਚਲੇ ਗਏ। ਪਰ ਬਦਕਿਸਮਤੀ ਨਾਲ ਉਹ ਇੱਥੇ ਆਪਣੇ ਸਾਥੀਆਂ ਭਾਈ ਭਾਗ ਸਿੰਘ, ਬਰਕਤਉਲਾ ਅਤੇ ਭਾਈ ਬਲਵੰਤ ਸਿੰਘ ਨਾਲ ਹਥਿਆਰਾਂ ਸਮੇਤ ਗ੍ਰਿਫਤਾਰ ਕਰ ਲਏ ਗਏ। ਬਾਕੀ ਸਾਥੀਆਂ ਨੂੰ ਤਾਂ ਰਿਹਾਅ ਕਰ ਦਿੱਤਾ ਗਿਆ ਪਰ ਬਾਬੂ ਜੀ ਤੇ ਹੋਰ ਕਈ ਕਾਨੂੰਨੀ ਧਾਰਾਵਾਂ ਲਾ ਕੇ ਜ਼ੇਲ੍ਹ ਭੇਜ ਦਿੱਤਾ ਗਿਆ। ਜੇਲ੍ਹ ਬੰਦ ਦੌਰਾਨ ਸਤੰਬਰ ਦੇ ਦੂਜੇ ਹਫਤੇ ਬਾਬੂ ਜੀ ਦੀ ਅਮਰੀਕਾ ਵਿਚਲੀ ਰਿਹਾਇਸ਼ ਤੇ ਪੁਲਿਸ ਨੇ ਛਾਪਾ ਮਾਰਿਆ। ਉੱਥੋਂ ਮਿਲੀਆਂ ਚਿੱਠੀਆਂ ਤੋਂ ਪਤਾ ਲਗਦਾ ਸੀ ਕਿ ਆਪ ਬੰਬ ਬਣਾਉਣ ਦੀ ਵੀ ਮੁਹਾਰਤ ਰੱਖਦੇ ਸਨ।

ਬਾਬੂ ਜੀ ਤੇ ਹੋਰ ਸੰਗੀਨ ਜੁਰਮ ਲਾ ਕੇ 26 ਸਤੰਬਰ 1914 ਨੂੰ ਅਮਰੀਕਾ ਤੋਂ ਡੀਪੋਰਟ ਕਰ ਦਿੱਤਾ ਗਿਆ।ਡੀਪੋਰਟ ਕੀਤੇ ਜਾਣ ਤੋਂ ਬਾਅਦ ਆਪ ਦਾ ਜਹਾਜ਼ ਜਪਾਨ ਦੀ ਬੰਦਰਗਾਹ ਯੋਕੋਹਾਮਾ ਪੁੱਜਾ। ਆਪ ਯੋਕੋਹਾਮਾ ਦੀ ਬੰਦਰਗਾਹ ਤੋਂ ਖਿਸਕ ਗਏ। 14 ਅਕਤੂਬਰ 1914 ਤੋਂ 2 ਜਨਵਰੀ 1915 ਤੱਕ ਯੋਕੋਹਾਮਾ ਵਿਚ ਹੀ ਰਹੇ। ਇੱਥੇ ਪ੍ਰਸਿੱਧ ਗ਼ਦਰੀ ਯੋਧੇ ਸੋਹਨ ਲਾਲ ਪਾਠਕ ਨੂੰ ਮਿਲੇ ਅਤੇ ਉਸਨੂੰ ਮੁੜ ਬੈਂਕਾਕ ਵਿਚ ਮਿਲਣ ਦਾ ਵਾਅਦਾ ਲਿਆ। ਜਪਾਨ ਵਿਚ ਹੀ ਬਾਬੂ ਜੀ ਨੇ ਜਪਾਨ ਦੇ ਪ੍ਰਧਾਨ ਮੰਤਰੀ ਨਾਲ ਮੁਲਾਕਾਤ ਕੀਤੀ ਅਤੇ ਉਸ ਕੋਲੋਂ ਅੰਗਰੇਜ਼ਾਂ ਦੇ ਖਿਲਾਫ਼ ਮੱਦਦ ਮੰਗੀ। ਇੱਥੇ ਉਹਨਾਂ ਬਹੁਤ ਸਾਰੇ ਗ਼ਦਰੀਆਂ ਨਾਲ ਮੇਲ ਮਿਲਾਪ ਕੀਤਾ।

ਗ਼ਦਰ ਪਾਰਟੀ ਦੀ ਸਿਆਮ-ਬਰਮਾ ਪਲੈਨ ਦੀ ਜਿੰਮੇਵਾਰੀ ਬਾਬੂ ਹਰਨਾਮ ਸਿੰਘ, ਸੋਹਨ ਲਾਲ ਪਾਠਕ ਅਤੇ ਸੰਤੋਖ ਸਿੰਘ ਧਰਦਿਓ ਵਰਗੇ ਗ਼ਦਰੀ ਯੋਧਿਆ ਦੇ ਹੱਥ ਵਿਚ ਸੀ। ਬਾਬੂ ਜੀ ਅਤੇ ਪੰਡਤ ਸੋਹਨ ਲਾਲ ਦੀ ਸਿਦਕ ਦਿਲੀ ਦੇਖੋ, ਇਹਨਾਂ ਬਰਮਾ ਜਾ ਕੇ ਗ਼ਦਰ ਕਰਨ ਤੋਂ ਪਹਿਲਾਂ ਉੱਥੇ ਬਹਾਦਰ ਸ਼ਾਹ ਜਫਰ ਦੀ ਕਬਰ ਲੱਭੀ ਤੇ ਉਸ ਮੂਹਰੇ ਖੜ ਕੇ ਸਹੁੰ ਖਾਧੀ ਕਿ ਆਪਣੇ ਖੂਨ ਦੇ ਆਖਰੀ ਤੁਪਕੇ ਤੱਕ ਉਹ ਹਿੰਦੋਸਤਾਨ ਦੀ ਅਜ਼ਾਦੀ ਲਈ ਜੂਝਣਗੇ।



ਡਾ. ਜਸਵੰਤ ਰਾਏ ਸਾਹਰੀ<br>
91-98158-25999

ਬਰਮਾ ਵਿਚ ਉਹਨਾਂ ਮਿੱਥੇ ਪ੍ਰੋ-ਗ੍ਰਾਮ ਤਹਿਤ ਫੌਜ਼ੀ ਬੈਰਕਾਂ ਵਿਚ ਫੌਜ਼ੀਆਂ ਨਾਲ ਸੰਪਰਕ ਕਰਕੇ ਉਹਨਾਂ ਨੂੰ ਆਪਣੇ ਨਾਲ ਜੋੜ ਲਿਆ। ਥਾਹੋਂ ਥਾਈਂ ਆਪਣੇ ਸਾਥੀ ਪਹੁੰਚਾ ਦਿੱਤੇ। ਪਰ ਇਹਨੀਂ ਦਿਨੀ ਬਾਬੂ ਹੁਰਾਂ ਦਾ ਇੱਕ ਸਾਥੀ ਚਾਲੀਆ ਰਾਮ ਗ਼ਦਰੀ ਸਾਹਿਤ ਲੈ ਕੇ ਆਉਂਦਾ ਹੋਇਆ ਫੜਿਆ ਗਿਆ। ਪ੍ਰਸ਼ਾਸਨ ਨੂੰ ਇਹਨਾਂ ਦੇ ਗੁਪਤ ਮਿਸ਼ਨ ਦੀ ਸੂਹ ਮਿਲ ਗਈ। ਸਾਥੀਆਂ ਦੀ ਫੜੋ ਫੜੀ ਸ਼ੁਰੂ ਹੋ ਗਈ। ਇਹਨਾਂ ਨੇ ਬਰਮਾ ਦੀ ਇੱਕ ਬੈਰਕ ਤੇ ਕਬਜ਼ਾ ਵੀ ਕਰ ਲਿਆ ਸੀ ਪਰ ਸਾਥੀਆਂ ਦੀ ਤਾਦਾਦ ਅਤੇ ਲੋੜੀਂਦਾ ਗੋਲੀ ਸਿੱਕਾ ਘੱਟ ਹੋਣ ਕਰਕੇ ਸਫਲਤਾ ਹੱਥ ਨਾ ਲੱਗੀ।

ਮਾੜਾ ਸਮਾਂ ਭਾਂਪ ਕੇ ਬਾਬੂ ਹਰਨਾਮ ਸਿੰਘ ਨੇ ਆਪਣੇ ਸਾਥੀਆਂ ਨੂੰ ਦੂਰ ਪਰੇ ਲੁਕ ਛੁਪ ਜਾਣ ਲਈ ਕਹਿ ਦਿੱਤਾ।ਆਪ ਵੀ ਇਹ ਰੰਗੂਨ ਤੋਂ ਤਾਂ ਬਚ ਕੇ ਨਿਕਲ ਗਏ ਪਰ ਬਰਮਾ ਵਾਲੇ ਪਾਸੇ ਮਾਆਵਡੀ ਦੇ ਕੋਲ ਫੜੇ ਗਏ। ਬਾਬੂ ਜੀ ਨੂੰ ਮੌਲਮੀਨ ਦੀ ਜ਼ੇਲ੍ਹ ਵਿਚ ਬੰਦ ਕਰ ਦਿੱਤਾ ਗਿਆ। ਇਸ ਜ਼ੇਲ੍ਹ ਵਿਚ ਹੋਰ ਵੀ ਬਹੁਤ ਸਾਰੇ ਗ਼ਦਰੀ ਸਨ।ਬਾਬੂ ਹਰਨਾਮ ਸਿੰਘ 1 ਸਤੰਬਰ 1915 ਨੂੰ ਆਪਣੇ ਦੋ ਸਾਥੀਆਂ ਨਾਲ ਜ਼ੇਲ੍ਹ ਦੀਆਂ ਸੀਖਾਂ ਕੱਟ ਕੇ ਭੱਜ ਨਿਕਲੇ। ਮੌਲਮੀਨ ਦਰਿਆ ਕਿਸ਼ਤੀ ਰਾਹੀਂ ਪਾਰ ਕਰਦੇ ਸਮੇਂ ਆਪ ਨੂੰ ਪੁਲਿਸ ਦਾ ਘੇਰਾ ਪੈ ਗਿਆ। ਪੁਲਿਸ ਨੇ ਗ੍ਰਿਫਤਾਰ ਕਰਕੇ ਮੁੜ ਮੌ.ਲਮੀਨ ਦੀ ਜ਼ੇਲ੍ਹ ਵਿਚ ਬੰਦ ਕਰ ਦਿੱਤਾ।

ਬਰਮਾ ਵਿਖੇ ਬਾਬੂ ਹਰਨਾਮ ਸਿੰਘ ਸਮੇਤ 17 ਗ਼ਦਰੀਆ ਤੇ 'ਫਸਟ ਬਰਮਾ ਕਾਂਸਪੀਰੇਸੀ ਕੇਸ' ਨਾਂ ਦਾ ਮੁਕੱਦਮਾ ਚਲਾਇਆ ਗਿਆ ਜੋ ਲਾਹੌਰ ਸਾਜਿਸ਼ ਕੇਸ ਦਾ ਹੀ ਦੂਜਾ ਰੂਪ ਸੀ। ਇਹਨਾਂ ਉਪਰ ਦੋਸ਼ ਲਾਏ ਗਏ ਕਿ ਇਹਨਾਂ ਨੇ ਬਾਦਸ਼ਾਹ ਸਲਾਮਤ ਦੇ ਉਲਟ ਸਾਜਿਸ਼ ਘੜ ਕੇ ਫੌਜ਼ਾਂ ਨੂੰ ਬਾਗੀ ਹੋਣ ਲਈ ਉਕਸਾਇਆ ਹੈ, ਬ੍ਰਿਟਸ਼ ਸਰਕਾਰ ਦਾ ਤਖਤਾ ਉਲਟਾਉਣ ਲਈ ਹਥਿਆਰਾਂ ਦੀ ਵਰਤੋਂ ਕੀਤੀ ਹੈ ਅਤੇ ਬਾਦਸ਼ਾਹ ਸਲਾਮਤ ਦੀ ਆਗਿਆਕਾਰ ਰਿਆਸਤ ਵਿਚ ਬੇਦਿਲੀ ਫੈਲਾਉਣ ਦੀ ਕੋਸ਼ਿਸ ਕੀਤੀ ਹੈ। ਇਸ ਕੇਸ ਵਿਚ 90 ਗਵਾਹੀਆਂ ਭੁਗਤੀਆਂ। ਚਾਰ ਬੰਦਿਆਂ ਨੂੰ ਪੁਖਤਾ ਸਬੂਤ ਨਾ ਹੋਣ ਕਾਰਨ ਛੱਡ ਦਿੱਤਾ ਗਿਆ। ਨਵਾਬ ਸਿੰਘ ਅਤੇ ਜੋਧ ਸਿੰਘ ਵਰਗੇ ਗ਼ਦਾਰਾਂ ਦੇ ਬਿਆਨਾਂ ਦੇ ਅਧਾਰ ਤੇ ਬਾਬੂ ਹਰਨਾਮ ਸਿੰਘ ਸਮੇਤ ਸੱਤ ਦੇਸ਼ ਭਗਤਾਂ ਨੂੰ ਫਾਂਸੀ ਅਤੇ ਛੇਆਂ ਨੂੰ ਉਮਰ ਕੈਦ ਦੀ ਸਜ਼ਾ ਸੁਣਾਈ ਗਈ। ਫਾਂਸੀ ਦੀ ਸਜਾ ਸੁਣ ਕੇ ਬਾਬੂ ਹਰਨਾਮ ਸਿੰਘ ਦਾ ਚਿਹਰਾ ਹੋਰ ਦਗਣ ਲਗ ਪਿਆ। ਉਹ ਜ਼ੇਲ੍ਹ ਵਿਚ ਅਕਸਰ ਦੇਸ਼ ਭਗਤੀ ਦੇ ਗੀਤ ਗਾਉਂਦੇ ਰਹਿੰਦੇ ਸਨ। ਸਾਹਰੀ ਪਿੰਡ ਦਾ ਇਹ ਮਾਣਮੱਤਾ ਨਾਇਕ ਵਿਦੇਸ਼ੀ ਧਰਤੀ ਤੇ ਸੁਤੰਤਰਤਾ ਦੀ ਜੰਗ ਲੜਦਿਆਂ 14 ਨਵੰਬਰ 1916 ਨੂੰ ਫਾਂਸੀ ਦਾ ਰੱਸਾ ਚੁੰਮ ਕੇ ਸ਼ਹਾਦਤ ਦਾ ਜਾਮ ਪੀ ਗਿਆ ਅਤੇ ਉਸੇ ਮਿੱਟੀ ਵਿਚ ਰਮ ਕੇ ਲੋਕ ਨਾਇਕ ਬਣ ਗਿਆ ਜਿਸ ਮਿੱਟੀ ਵਿਚ ਬਹਾਦਰ ਸ਼ਾਹ ਜ਼ਫ਼ਰ ਰਮਿਆ ਸੀ।

# ਪਿੰਡ ਸਾਹਰੀ 'ਚ ਮਨਾਇਆ ਗਿਆ ਸ਼ਹੀਦ ਬਾਬੂ ਹਰਨਾਮ ਸਿੰਘ ਸਾਹਰੀ ਦਾ 100ਵਾਂ ਸ਼ਹੀਦੀ ਦਿਵਸ

14 ਨਵੰਬਰ ਨੂੰ ਪਿੰਡ ਸਾਹਰੀ ਵਿਚ ਸ਼ਹੀਦ ਬਾਬੂ ਹਰਨਾਮ ਸਿੰਘ ਸਾਹਰੀ ਦਾ 100ਵਾਂ ਸ਼ਹੀਦੀ ਦਿਵਸ ਮਨਾਇਆ ਗਿਆ।ਇਸ ਮੌਕੇ ਸੰਤ ਬਾਬਾ ਸਤਪਾਲ ਸਿੰਘ ਜੀ ਸਾਹਰੀ ਵਾਲਿਆਂ ਅਤੇ ਕਬੱਡੀ ਖਿਡਾਰੀ ਪਿੰਡ ਸਾਹਰੀ ਕਾਹਰੀ ਵਲੋਂ 100ਵੇਂ ਸ਼ਹੀਦੀ ਦਿਵਸ ਦੇ ਸਬੰਧ ਵਿਚ ਪਹਿਲਾ ਕਬੱਡੀ ਟੂਰਨਾਮੈਂਟ ਕਰਵਾਇਆ ਗਿਆ। ਇਸ ਕਬੱਡੀ ਟੂਰਨਾਮੈਂਟ ਵਿਚ ਇਲਾਕੇ ਦੀਆਂ ਅੱਠ ਟੀਮਾਂ ਨੇ ਭਾਗ ਲਿਆ।ਓਪਨ ਪਿੰਡ ਪੱਧਰ ਵਿਚ ਪਹਿਲਾ ਸਥਾਨ ਪਿੰਡ ਪੁਰਹੀਰਾਂ ਨੇ ਪ੍ਰਾਪਤ ਕਰਕੇ 25000 ਰੁਪਏ ਦਾ ਇਨਾਮ ਝੋਲੀ ਪਾਇਆ।ਦੂਸਰੇ ਸਥਾਨ ਤੇ ਪਿੰਡ ਧਾਰੀਵਾਲ ਦੀ ਟੀਮ ਰਹੀ ਜਿਸਨੇ 18000 ਰੁਪਏ ਦਾ ਨਕਦ ਇਨਾਮ ਪ੍ਰਾਪਤ ਕੀਤਾ।ਇਸ ਮੌਕੇ ਹਜ਼ਾਰਾਂ ਦੀ ਤਦਾਦ ਵਿਚ ਕਬੱਡੀ ਪ੍ਰੇਮੀ ਆਏ ਹੋਏ ਸਨ।

ਪ੍ਰਬੰਧਕਾਂ ਵਲੋਂ ਇਸ ਮੌਕੇ ਡਾ. ਜਸਵੰਤ ਰਾਏ ਸਾਹਰੀ ਵਲੋਂ ਬਾਬੂ ਹਰਨਾਮ ਸਿੰਘ ਦੀ ਕੁਰਬਾਨੀ ਤੇ ਲਿਖੀ ਗਈ ਪੁਸਤਕ ਉਕੌਮ ਦਾ ਸਿਤਾਰਾ: ਸ਼ਹੀਦ ਬਾਬੂ ਹਰਨਾਮ ਸਿੰਘ ਸਾਹਰੀ" ਲਈ ਵਿਸ਼ੇਸ਼ ਤੌਰ ਤੇ ਸਨਮਾਨਿਤ ਕੀਤਾ ਗਿਆ।ਦਰਸ਼ਕਾਂ ਨੂੰ ਸੰਬੋਧਨ ਕਰਦਿਆਂ ਡਾ. ਜਸਵੰਤ ਰਾਏ ਨੇ ਕਿਹਾ ਕਿ ਬਾਬੂ ਹਰਨਾਮ ਸਿੰਘ ਦੇਸ਼ ਲਈ ਸ਼ਹੀਦ ਹੋਣ ਵਾਲੇ ਸੂਰਮਿਆਂ ਵਿਚ ਵੱਡਾ ਨਾਂ ਹੈ।ਇਹ ਉਹ ਸੂਰਮਾ ਹੈ ਜਿਸ ਬਾਰੇ ਸ਼ਹੀਦੇ ਆਜ਼ਮ ਸ. ਭਗਤ ਸਿੰਘ ਵੀ ਚਾਂਦ ਫਾਂਸੀ ਅੰਕ ਵਿਚ ਆਪਣੇ ਹੱਥਾਂ ਨਾਲ ਲਿਖਤਾਂ ਲਿਖ ਚੁੱਕੇ ਹਨ। ਬਾਬੂ ਹਰਨਾਮ ਸਿੰਘ ਜੀ ਪਹਿਲੇ ਇੰਟਰਨੈਸ਼ਨਲ ਪੰਜਾਬੀ ਪੱਤਰਕਾਰ ਸਨ।ਇਹਨਾਂ ਨੇ 1910 ਈ. ਵਿਚ ਅਮਰੀਕਾ ਦੀ ਧਰਤੀ ਤੇ ਪੰਜਾਬੀ ਦਾ ਪਹਿਲਾ ਅਖ਼ਬਾਰ "ਸਵਦੇਸ਼ ਸੇਵਕ" ਕੱਢਿਆ। ਇਸ ਪੇਪਰ ਵਿਚ ਬਾਬੂ ਜੀ ਅੰਗਰੇਜ਼ੀ ਸਰਕਾਰ ਦੀਆਂ ਵਧੀਕੀਆਂ ਦਾ ਬੇਖ਼ੌਫ ਹੋ ਕੇ ਵਰਨਣ ਕਰਦੇ ਸਨ। ਕਾਮਾਗਾਟਾਮਾਰੂ ਜਹਾਜ਼ ਦੇ ਯਾਤਰੀਆਂ ਲਈ ਬਣੀ ਪੰਦਰਾਂ ਮੈਂਬਰੀ ਸ਼ੋਅਰ ਕਮੇਟੀ ਵਿਚ ਵੀ ਉਹ ਸ਼ਾਮਿਲ ਸਨ। ਇਹਨਾਂ ਦੀ ਡਿਊਟੀ ਮੁਸਾਫਿਰਾਂ ਨੂੰ ਹਥਿਆਰ ਅਤੇ ਦਾਲ ਫੁਲਕੇ ਦਾ ਪ੍ਰਬੰਧ ਕਰਨ ਲਈ ਲੱਗੀ ਸੀ।ਬਰਮਾਂ ਵਿਚ ਇਹਨਾਂ ਅੰਗਰੇਜ਼ੀ ਸਰਕਾਰ ਵਿਰੁਧ ਬਹੁਤ ਵੱਡਾ ਸੰਘਰਸ਼ ਅਰੰਭਿਆ ਸੀ ਪਰ ਬਦਕਿਸਮਤ ਨਾਲ ਕੁਝ ਗਦਾਰਾਂ ਦੇ ਕਰਕੇ ਇਹ ਆਪਣੇ ਮਿਸ਼ਨ ਵਿਚ ਸਫਲ ਨਹੀਂ ਹੋ ਸਕੇ ਅੰਤ ਗਿਰਫਤਾਰ ਹੋ ਗਏ। ਮੁਕੱਦਮਾ ਚੱਲਿਆ ਅਤੇ ਅੰਤ 14 ਨਵੰਬਰ 1916 ਈ ਨੂੰ ਪਹਿਲੇ ਬਰਮਾਂ ਸਾਜਿਸ਼ ਕੇਸ ਵਿਚ ਇਹਨਾਂ ਨੂੰ ਫਾਂਸੀ ਦੇ ਦਿੱਤੀ ਗਈ। ਦੇਸ਼ ਭਗਤ ਯਾਦਗਾਰ ਹਾਲ ਕਮੇਟੀ ਜਲੰਧਰ ਤੋਂ ਆਏ ਸ਼੍ਰੀ ਚਰੰਜੀ ਲਾਲ ਕੰਗਣੀਵਾਲ ਨੇ ਕਿਹਾ ਸ਼ਹੀਦ ਬਾਬੂ ਹਰਨਾਮ ਸਿੰਘ ਦੀ ਕੁਰਬਾਨੀ ਸੱਚਮੁੱਚ ਬਹੁਤ ਵੱਡੀ ਸੀ।ਅੰਗਰੇਜ਼ ਦੀਆਂ ਨਜ਼ਰਾਂ ਵਿਚ ਇਹ ਚੋਰ ਦੀ ਮਾਂ ਸਨ ਤੇ ਉਹਨਾਂ ਦਾ ਫੈਸਲਾ ਸੀ ਕਿ ਪਹਿਲਾ ਚੋਰ ਨੂੰ ਨਹੀਂ ਚੋਰ ਦੀ ਦੀ ਮਾਂ ਨੂੰ ਮਾਰੋ। ਉਹ ਹਰਨਾਮ ਸਿੰਘ ਨੂੰ ਲਾਲ ਹਰਦਿਆਲ ਦੀ ਤਰ੍ਹਾਂ ਚੋਰ ਦੀ ਮਾਂ ਸਮਝਦੇ ਸਨ।





ਇਹਨਾਂ ਸ਼ਹੀਦਾਂ ਦੀਆਂ ਮਿਸਾਲੀ ਕੁਰਬਾਨੀਆਂ ਕਰਕੇ ਹੀ ਸਾਨੂੰ ਆਜ਼ਾਦੀ ਪ੍ਰਾਪਤ ਹੋਈ ਹੈ। ਅੱਜ ਅਸੀ ਸ਼ਹੀਦਾਂ ਦੇ ਅਸਲ ਸੁਪਨੇ ਨੂੰ ਪੂਰਾ ਕਰਨ ਲਈ ਉਹਨਾਂ ਵਲੋਂ ਪਾਏ ਪੂਰਨਿਆਂ ਤੇ ਚੱਲਦੇ ਹੋਏ ਲੋਕਾਂ ਨੂੰ ਜਾਗ੍ਰਿਤ ਕਰਨ ਨਿਕਲੇ ਹੋਏ ਹਾਂ।ਅੱਜ ਤੁਸੀਂ ਪਿੰਡ ਵਾਸੀਆਂ ਨੇ 100 ਸਾਲ ਬਾਅਦ ਬਾਬੂ ਹਰਨਾਮ ਸਿੰਘ ਨੂੰ ਸ਼ਹੀਦੀ ਦਿਹਾੜੇ ਤੇ ਯਾਦ ਕਰਕੇ ਇੱਕ ਸੱਚੇ ਸਪੂਤ ਹੋਣ ਦੀ ਮਿਸਾਲ ਪੈਦਾ ਕੀਤੀ ਹੈ।ਮੈਨੂੰ ਪੂਰੀ ਆਸ ਹੈ ਕਿ ਤੁਸੀ ਇਸੇ ਤਰ੍ਹਾਂ ਹਰ ਵਰ੍ਹੇ ਬਾਬੂ ਨੂੰ ਕਿਸੀ ਨਾ ਕਿਸੇ ਰੂਪ, ਵਿਚ ਜਰੂਰ ਯਾਦ ਕਰਿਆ ਕਰੋਗੇ ਤਾਂ ਕਿ ਆਉਣ ਵਾਲੀ ਪੀੜੀ ਨੂੰ ਉਹਨਾਂ ਦੀ ਕੁਰਬਾਨੀ ਬਾਰੇ ਜਾਣਕਾਰੀ ਮਿਲਦੀ ਰਹੇ। ਡਾ. ਜਸਵੰਤ ਰਾਏ ਨੇ ਇਸ ਮੌਕੇ ਜੱਬੜ ਵਾਲੇ ਸੰਤ ਮਹਾਂਪੁਰਸ਼ ਬਾਬਾ ਬ੍ਰਹਮ ਜੀ ਹੁਰਾਂ ਨੂੰ ਸ਼ਹੀਦ ਬਾਬੂ ਹਰਨਾਮ ਸਿੰਘ ਬਾਰੇ ਲਿਖੀ ਹੋਈ ਪੁਸਤਕ ਭੇਟ ਕੀਤੀ।ਇਸ ਸਮੇਂ ਕਬੱਡੀ ਕੋਚ ਸੰਦੀਪ ਸਿੰਘ ਸਨੀ, ਬਾਰੀ, ਹਨੀ, ਕਾਕਾ ਮੇਘੋਵਾਲ, ਬਿੱਲਾ, ਦੀਪੂ, ਬਿਜਲੀ, ਰਣਜੀਤ ਸਿੰਘ ਔਲਖ, ਅਮਰੀਕ ਸਿੰਘ ਨਿਕੂ, ਇੰਨਸਪੈਕਟਰ ਕੁਲਵੀਰ ਸਿੰਘ, ਬਲਦੇਵ ਸਿੰਘ, ਅਮਰਜੀਤ ਸਿੰਘ, ਸਰਪੰਚ ਸੋਹਣ ਸਿੰਘ, ਟੂਰਨਾਮੈਂਟ ਕਮੇਟੀ ਅਤੇ ਹਜ਼ਾਰਾਂ ਦੀ ਤਦਾਦ ਵਿਚ ਕਬੱਡੀ ਪ੍ਰੇਮੀ ਹਾਜ਼ਰ ਸਨ।

# ਦਲਿਤ ਨੇਤਾ ਆਪਣੇ ਆਪ ਨੂੰ ਬਦਲਣ



ਨਿਰਮਲ 'ਪ੍ਰੇਮੀ' ਰਾਮਗੜ੍ਹ
91-94631-61691

ਪਿਛਲੇ 20-25 ਸਾਲਾਂ ਵਿਚ ਦੇਸ਼ ਵਿਚ ਦਲਿਤ ਰਾਜਨੀਤੀ ਕਰਨ ਵਾਲੇ ਨੇਤਾਵਾਂ ਦੇ ਹਾਲਾਤ ਬਦਲ ਗਏ ਹਨ। ਦਲਿਤ ਨੇਤਾਵਾਂ ਦੇ ਨਾਲ-ਨਾਲ ਦਲਿਤ ਅਫਸਰਾਂ ਦੇ ਹਾਲਾਤ ਵੀ ਬਦਲੇ ਹਨ। ਇਸਦੇ ਬਾਅਦ ਵੀ ਆਮ ਦਲਿਤਾਂ ਦੇ ਹਾਲਾਤਾਂ ਵਿਚ ਕੋਈ ਵੀ ਤਬਦੀਲੀ ਨਹੀਂ ਅਈ। ਜ਼ਿਆਦਾਤਰ ਦਲਿਤ ਅੱਜ ਵੀ ਗਰੀਬੀ ਦੀ ਰੇਖਾ ਦੇ ਥੱਲੇ ਜ਼ਿੰਦਗੀ ਬਤੀਤ ਕਰ ਰਹੇ ਹਨ। ਉਨ੍ਹਾਂ ਦੇ ਕੋਲ ਖਾਣ-ਕਮਾਉਣ ਦਾ ਕੋਈ ਜ਼ਰੀਆ ਨਹੀਂ ਹੈ ਅਤੇ ਨਾ ਹੀ ਉਹਨਾਂ ਨੂੰ ਸਿਹਤ ਸੇਵਾਵਾਂ ਮਿਲਦੀਆਂ ਹਨ।

ਜ਼ਿਆਦਾ ਗਰੀਬ ਹੋਣ ਕਰਕੇ ਦਲਿਤਾਂ ਦੇ ਬੱਚੇ ਸਕੂਲ ਨਹੀਂ ਜਾਂਦੇ ਹਨ। ਉਹ ਛੋਟੀ ਉਮਰ ਵਿਚ ਹੀ ਮਿਹਨਤ-ਮਜ਼ਦੂਰੀ ਕਰਨ ਲੱਗਦੇ ਹਨ। ਇੱਥੋਂ ਤੱਕ ਕਿ ਜ਼ਿਆਦਾਤਰ ਦਲਿਤਾਂ ਦੇ ਤਨ 'ਤੇ ਪੂਰੇ ਕੱਪੜੇ ਨਹੀਂ ਦਿੱਸਦੇ ਹਨ। ਇਸ ਤੋਂ ਇਹ ਗੱਲ ਸਾਫ ਹੋ ਜਾਂਦੀ ਹੈ ਕਿ ਸਾਡਾ ਦੇਸ਼ ਭਾਵੇਂ ਤਰੱਕੀ ਕਰ ਰਿਹਾ ਹੈ, ਪਰ ਸਮਾਜਿਕ ਸੁਧਾਰਾਂ ਦੀ ਦਿਸ਼ਾ ਵਿਚ ਦਲਿਤ ਅਜੇ ਵੀ ਬਹੁਤ ਪਿੱਛੇ ਹਨ।

ਅੰਕੜਿਆਂ ਨੂੰ ਦੇਖੋ ਤਾਂ ਇਹ ਗੱਲ ਸਾਫ ਹੋ ਜਾਂਦੀ ਹੈ। ਸਾਲ 2009 ਤੋਂ ਸਾਲ 2014 ਦੇ ਵਿਚਾਲੇ ਦਲਿਤਾਂ ਦੇ ਪ੍ਰਤੀ ਅਪਰਾਧ ਦੇ ਮਾਮਲਿਆਂ ਵਿਚ 40 ਫੀਸਦੀ ਵਾਧਾ ਹੋਇਆ ਹੈ। ਦੇਸ਼ ਵਿਚ ਤਕਰੀਬਨ 32 ਕਰੋੜ ਦਲਿਤ ਆਬਾਦੀ ਹੈ। ਅਨੁਸੂਚਿਤ ਜਾਤੀ ਅਤੇ ਅਨੁਸੂਚਿਤ ਜਨਜਾਤੀ ਦੇ ਲੋਕਾਂ ਦੇ ਲਈ ਦੇਸ਼ ਵਿਚ ਕਾਨੂੰਨ ਹੈ, ਇਸ ਦੇ ਬਾਵਜੂਦ ਵੀ ਉਹਨਾਂ ਦੇ ਪ੍ਰਤੀ ਅਪਰਾਧ ਵਧੇ ਹਨ।

ਆਮ ਤੌਰ 'ਤੇ ਜਿੱਥੇ ਪੜ੍ਹਾਈ-ਲਿਖਾਈ ਹੁੰਦੀ ਹੈ, ਉਥੇ ਅਪਰਾਧ ਵੀ ਘੱਟ ਹੀ ਹੁੰਦੇ ਹਨ। ਸਮਾਜਿਕਤਾ ਜ਼ਿਆਦਾ ਹੁੰਦੀ ਹੈ ਪਰ ਦਲਿਤ ਅੱਤਿਆਚਾਰ ਦੇ ਮਾਮਲਿਆਂ ਵਿਚ ਇਹ ਗੱਲ ਲਾਗੂ ਨਹੀਂ ਹੁੰਦੀ ਹੈ।

ਕੇਰਲ ਸਾਖਰਤਾ ਦਰ ਵਿਚ ਦੇਸ਼ ਦਾ ਸਭ ਨਾਲੋਂ ਅੱਵਲ ਰਾਜ ਹੈ। ਆਬਾਦੀ ਦੇ ਹਿਸਾਬ ਨਾਲ ਦੇਖੀਏ ਤਾਂ ਕੇਰਲ ਵਿਚ ਦਲਿਤਾਂ ਦੇ ਪ੍ਰਤੀ ਅਪਰਾਧ ਦੀ ਦਰ ਸਭ ਨਾਲੋਂ ਵੱਧ ਹੈ।

ਸਾਲ 2014 ਵਿਚ ਸਾਰੇ ਦੇਸ਼ ਵਿਚ ਅਨੁਸੂਚਿਤ ਜਾਤੀ ਦੇ 704 ਲੋਕਾਂ ਦੀ ਹੱਤਿਆ ਅਤੇ 2233 ਔਰਤਾਂ ਦੇ ਨਾਲ ਬਲਾਤਕਾਰ ਦੇ ਮਾਮਲੇ ਸਾਹਮਣੇ ਆਏ। ਨਾਲ ਹੀ, ਇਸੇ ਦੌਰਾਨ ਅਨੁਸੂਚਿਤ ਜਨਜਾਤੀ ਦੇ 157 ਲੋਕਾਂ ਦੀ ਹੱਤਿਆ ਅਤੇ 925 ਔਰਤਾਂ ਦੇ ਨਾਲ ਬਲਾਤਕਾਰ ਦੀਆਂ ਵਾਰਦਾਤਾਂ ਹੋਈਆਂ।

ਅਪਰਾਧ ਦੇ ਬਾਅਦ ਸਜ਼ਾ ਮਿਲਣ ਦੇ ਅੰਕੜੇ ਦੇਖੋ ਤਾਂ ਪਤਾ ਲੱਗਦਾ ਹੈ ਕਿ ਆਈ. ਪੀ. ਸੀ. ਦੇ ਤਹਿਤ ਕਸੂਰਵਾਰਾਂ ਨੂੰ ਸਜ਼ਾ ਮਿਲਣ ਦੀ ਦਰ 40 ਫੀਸਦੀ ਹੈ। ਦਲਿਤਾਂ ਦੇ ਮਾਮਲਿਆਂ ਵਿਚ ਇਹ ਦਰ ਸਿਰਫ 28 ਫੀਸਦੀ ਰਹਿ ਜਾਂਦੀ ਹੈ। ਅਪਰਾਧ ਦੇ ਅੰਕੜਿਆਂ ਵਿਚ ਸਮਾਜ ਦੀ ਤਸਵੀਰ ਦਿੱਸਦੀ ਹੈ। ਦਲਿਤਾਂ ਦੇ ਇਹ ਹਾਲਾਤ ਉਦੋਂ ਤੋਂ ਹਨ, ਜਦੋਂ ਤੋਂ ਰਾਜਨੀਤੀ ਵਿਚ ਦਲਿਤ ਤਬਕੇ ਦੇ ਨੇਤਾ ਮੁੱਖ ਧਾਰਾ ਵਿਚ ਹਨ। ਦਲਿਤਾਂ ਦੇ ਗੱਠਜੋੜ ਦੇ ਬਿਨਾਂ ਕਿਸੇ ਵੀ ਤਰ੍ਹਾਂ ਦੀਆਂ ਚੋਣਾਂ ਜਿੱਤਣ ਦੀ ਕਲਪਨਾ ਨਹੀਂ ਕੀਤੀ ਜਾ ਸਕਦੀ ਹੈ।

ਸਾਲ 2014 ਦੇ ਵਿਧਾਨ ਸਭਾ ਚੋਣਾਂ ਵਿਚ ਭਾਰਤੀ ਜਨਤਾ ਪਾਰਟੀ ਨੂੰ ਜਦ ਕਾਂਗਰਸ ਨਾਲ ਮੁਕਾਬਲਾ ਕਰਨਾ ਸੀ ਤਾਂ ਤਦ ਉਸ ਦਾ ਸਭ ਨਾਲੋਂ ਫੋਕਸ ਦਲਿਤ ਜਾਤੀਆਂ 'ਤੇ ਸੀ। ਭਾਜਪਾ ਨੇ ਬਿਹਾਰ, ਮੱਧ ਪ੍ਰਦੇਸ਼, ਉਤਰ ਪ੍ਰਦੇਸ਼ ਅਤੇ ਮਹਾਂਰਾਸ਼ਟਰ ਵਿਚ ਦਲਿਤ ਜਾਤੀ ਦੇ ਕੱਦਾਵਰ ਨੇਤਾਵਾਂ ਨੂੰ ਆਪਣੇ ਨਾਲ ਮਿਲਾਇਆ ਸੀ। ਕਈ ਪ੍ਰਦੇਸ਼ਾਂ ਵਿਚ ਦਲਿਤ ਨੇਤਾ ਮਜ਼ਬੂਤ ਹਾਲਤ ਵਿਚ ਹਨ। ਇਹੀ ਨਹੀਂ, ਦਲਿਤ ਨੇਤਾਵਾਂ ਦੇ ਨਾਲ-ਨਾਲ ਦਲਿਤ ਅਫਸਰ ਵੀ ਬਿਹਤਰ ਹਾਲਤ ਵਿਚ ਹਨ।

ਕਾਨੂੰਨ ਸੰਵਿਧਾਨ ਦਾ ਅਧਿਕਾਰ ਪਾ ਕੇ ਦਲਿਤ ਸਮਾਜ ਦਾ ਇਕ ਤਬਕਾ ਭਲੇ ਹੀ ਅੱਗੇ ਵੱਧ ਗਿਆ ਹੈ ਪਰ ਸਮਾਜ ਦਾ ਇਕ ਬਹੁਤ ਵੱਡਾ ਹਿੱਸਾ ਬੇਹੱਦ ਖਰਾਬ ਹਾਲਤ ਵਿਚ ਜਿਉਂ ਰਿਹਾ ਹੈ। ਇਸ ਤੋਂ ਇਕ ਗੱਲ ਸਾਫ ਸਮਝ ਵਿਚ ਆ ਰਹੀ ਹੈ ਕਿ ਰਾਜਨੀਤਿਕ ਦੀ ਸੱਤਾ ਪਾਉਣ ਨਾਲ ਵੀ ਦਲਿਤ ਸਮਾਜ ਦਾ ਫਾਇਦਾ ਨਹੀਂ ਹੋਣ ਵਾਲਾ ਹੈ।

**ਸਮਾਜ ਸੁਧਾਰ ਤੋਂ ਦੂਰ**

ਅੰਬੇਡਕਰ ਤੋਂ ਲੈ ਕੇ ਕਾਂਸ਼ੀ ਰਾਮ ਤੱਕ ਸਾਰੇ ਦਲਿਤ ਮਹਾਂਪੁਰਸ਼ਾਂ ਦੀ ਇਹ ਸੋਚ ਸੀ ਕਿ ਰਾਜਨੀਤਿਕ ਸੱਤਾ ਨਾਲ ਸਮਾਜਿਕ ਵਿਵਸਥਾ ਬਦਲੇਗੀ। ਇਸ ਗੱਲ ਨੂੰ ਠੋਸ ਧਰਾਤਲ 'ਤੇ ਦੇਖੀਏ ਤਾਂ ਇਹ ਗੱਲ ਖਰੀ ਨਹੀਂ ਉਤਰਦੀ ਹੈ।

ਮਿਸਾਲ ਦੇ ਤੌਰ 'ਤੇ ਉਤਰ ਪ੍ਰਦੇਸ਼, ਬਿਹਾਰ, ਮਹਾਂਰਾਸ਼ਟਰ ਜਿਹੇ ਪ੍ਰਦੇਸ਼ਾਂ ਨੂੰ ਦੇਖਿਆ ਜਾ ਸਕਦਾ ਹੈ। ਉਤਰ ਪ੍ਰਦੇਸ਼ ਵਿਚ ਬਹੁਜਨ ਸਮਾਜ ਪਾਰਟੀ ਦਾ ਬਹੁਤ ਵੱਡਾ ਜਨਾਧਾਰ ਬਣਿਆ। ਸਾਲ 1995 ਦੇ ਬਾਅਦ ਸਾਲ 2012 ਤੱਕ 20 ਸਾਲ ਵਿਚ 5 ਵਾਰ ਬਹੁਜਨ ਸਮਾਜ ਪਾਰਟੀ ਸੱਤਾ ਵਿਚ ਰਹੀ। ਚਾਰ ਵਾਰ ਬਸਪਾ ਦੀ ਪ੍ਰਧਾਨ ਮਾਇਆਵਤੀ ਮੁੱਖ ਮੰਤਰੀ ਰਹੀ। ਸਾਲ 2007 ਤੋਂ ਲੈ ਕੇ ਸਾਲ 2012 ਤੱਕ ਬਹੁਜਨ ਦੀ ਸਰਕਾਰ ਚਲਾਉਣ ਦੇ ਬਾਅਦ ਵੀ ਬਸਪਾ ਦਲਿਤਾਂ ਨੂੰ ਪ੍ਰਦੇਸ਼ ਵਿਚ ਸਨਮਾਨਜਨਕ ਹੱਕ ਨਹੀਂ ਦਿਵਾ ਸਕੀ।

ਸੱਤਾ ਹਾਸਿਲ ਕਰਨ ਦੇ ਲਈ ਬਸਪਾ ਨੇ ਦਲਿਤ-ਬ੍ਰਾਹਮਣ ਗੱਠਜੋੜ ਬਣਾਇਆ। ਅੱਜ ਵੀ ਉੱਤਰ ਪ੍ਰਦੇਸ਼ ਦੀ ਰਾਜਨੀਤੀ ਵਿਚ ਬਸਪਾ ਸਭ ਤੋਂ ਮਜ਼ਬੂਤ ਦਲ ਦੇ ਰੂਪ ਵਿਚ ਗਿਣੀ ਜਾਦੀ ਹੈ। ਇਹ ਗੱਲ ਸਿਰਫ ਉੱਤਰ ਪ੍ਰਦੇਸ਼ ਦੀ ਨਹੀਂ ਹੈ। ਮਹਾਂਰਾਸ਼ਟਰ ਵਿਚ ਦਲਿਤ ਰਾਜਨੀਤੀ ਦਾ ਜਨਮ ਹੋਇਆ। ਕਈ ਰਾਜਨੀਤਿਕ ਦਲ ਉਥੇ ਦਲਿਤ ਰਾਜਨੀਤੀ ਕਰਦੇ ਹਨ। ਆਰ. ਪੀ. ਆਈ. ਦੇ ਰਾਮਦਾਸ ਅਠਾਵਲੇ ਕੱਦਾਵਰ ਨੇਤਾ ਹਨ। ਉਹ ਸੱਤਾ ਪਾਉਣ ਦੇ ਲਈ ਭਾਰਤੀ ਜਨਤਾ ਪਾਰਟੀ ਦੇ ਨਾਲ ਖੜ੍ਹੇ ਹੋ ਗਏ। ਰਾਜ ਸਭਾ ਦੇ ਜ਼ਰੀਏ ਕੇਂਦਰ ਸਰਕਾਰ ਵਿਚ ਮੰਤਰੀ ਦਾ ਅਹੁਦਾ ਹਾਸਲ ਕੀਤਾ।

ਬਿਹਾਰ ਵਿਚ ਰਾਮਵਿਲਾਸ ਪਾਸਵਾਨ ਦਲਿਤ ਤਬਕੇ ਦੇ ਵੱਡੇ ਨੇਤਾ ਗਿਣੇ ਜਾਂਦੇ ਹਨ। ਸੱਤਾ ਦੇ ਲਈ ਉਨ੍ਹਾਂ ਨੂੰ ਵੀ ਭਾਜਪਾ ਦੇ ਨਾਲ ਗੱਠਜੋੜ ਕਰਨ ਨੂੰ ਮਜਬੂਰ ਹੋਣਾ ਪਿਆ। ਭਾਜਪਾ ਦੇ ਸਹਿਯੋਗ ਨਾਲ ਉਹ ਵੀ ਕੇਂਦਰ ਸਰਕਾਰ ਵਿਚ ਮੰਤਰੀ ਹਨ।

ਮੱਧ ਪ੍ਰਦੇਸ਼ ਵਿਚ ਸ਼ਿਵਰਾਜ ਸਿੰਘ ਚੌਹਾਨ ਲੰਬੇ ਸਮੇਂ ਤੋਂ ਸਰਕਾਰ ਵਿਚ ਹਨ। ਉਹ ਦਲਿਤ ਅਤੇ ਪੱਛੜੇ ਤਬਕੇ ਤੋਂ ਆਉਂਦੇ ਹਨ। ਇਸ ਦੇ ਬਾਅਦ ਵੀ ਮੱਧ ਪ੍ਰਦੇਸ਼ ਵਿਚ ਦਲਿਤਾਂ ਦੇ ਹਾਲਾਤ ਜਿਉਂ ਦੇ ਤਿਉਂ ਹਨ।

ਦਲਿਤਾਂ ਨਾਲ ਜੁੜੇ ਮਾਮਲਿਆਂ ਦੇ ਜਾਣਕਾਰ ਸਮਾਜ ਸੇਵੀ ਰਾਮਚੰਦਰ ਕਟਿਆਰ ਕਹਿੰਦੇ ਹਨ, ''ਦਲਿਤ ਮਹਾਂਪੁਰਸ਼ਾਂ ਦੀ ਰਾਜਨੀਤਿਕ ਸੱਤਾ ਨਾਲ ਸਮਾਜਿਕ ਵਿਵਸਥਾ ਬਦਲਣ ਦੀ ਸੋਚ ਕਾਫੀ ਹੱਦ ਤੱਕ ਸਹੀ ਸੀ। ਪ੍ਰੇਸ਼ਾਨੀ ਦਾ ਸਬੱਬ ਇਹ ਬਣ ਗਿਆ ਹੈ ਕਿ ਦਲਿਤ ਨੇਤਾਵਾਂ ਨੇ ਸੱਤਾ ਪ੍ਰਾਪਤ ਹੁੰਦਿਆਂ ਹੀ ਸਮਾਜਿਕ ਸੁਧਾਰ ਦੇ ਮੁੱਦਿਆਂ ਨੂੰ ਪਿੱਛੇ ਛੱਡ ਦਿੱਤਾ। ਉਸ ਦਿਸ਼ਾ ਵਿਚ ਕੋਈ ਪਹਿਲ ਨਹੀਂ ਹੋ ਸਕੀ।

"ਦਲਿਤ ਨੇਤਾ ਅਤੇ ਉਹਨਾਂ ਦੀ ਅਗਵਾਈ ਵਿਚ ਬਣੇ ਦਲ ਕੋਈ ਇਹੋ ਜਿਹਾ ਕੰਮ ਨਹੀਂ ਕਰ ਸਕੇ, ਜੋ ਗੈਰ-ਦਲਿਤ ਨੇਤਾ ਨੇ ਨਾ ਕੀਤਾ ਹੋਵੇ। ਇਹੋ ਜਿਹੇ ਵਿਚ ਦਲਿਤ ਬਿਰਾਦਰੀ ਨੂੰ ਆਪਣੇ ਜਾਤੀ ਦੇ ਨੇਤਾਵਾਂ ਤੋਂ ਕੁਝ ਹਾਸਲ ਨਹੀਂ ਹੋਇਆ। ''ਜੇਕਰ ਦਲਿਤ ਨੇਤਾ ਸਮਾਜ ਨੂੰ ਸੁਧਾਰਨ ਦੀ ਦਿਸ਼ਾ ਵਿਚ ਕੰਮ ਕਰਦੇ ਤਾਂ ਨਿਸ਼ਚਿਤ ਹੀ ਰਾਜਨੀਤਿਕ ਸੱਤਾ ਨਾਲ ਸਮਾਜਿਕ ਵਿਵਸਥਾ ਬਦਲਦੀ। ਵੋਟ ਦੇ ਲਈ ਜਿਸ ਤਰ੍ਹਾਂ ਨਾਲ ਗੈਰ ਦਲ ਦਲਿਤਾਂ ਨੂੰ ਹਾਸ਼ੀਏ 'ਤੇ ਰੱਖ ਕੇ ਵੋਟ ਲੈਂਦੇ ਰਹੇ, ਉਹੀ ਕੰਮ ਸ਼ੋਸ਼ਲ ਇੰਜੀਨੀਅਰਿੰਗ ਦੇ ਨਾਂ 'ਤੇ ਦਲਿਤ ਦਲ ਕਰਨ ਲੱਗੇ। ਇਹੋ ਜਿਹੇ ਵਿਚ ਦਲਿਤ ਸਮਾਜ ਦੇ ਲਈ ਇਸ ਗੱਲ ਦਾ ਕੋਈ ਮਤਲਬ ਨਹੀਂ ਰਹਿ ਗਿਆ ਕਿ ਸੱਤਾ ਵਿਚ ਕੌਣ ਹੈ? ਉਹ ਜਿੱਕੇ ਖੜ੍ਹਾ ਸੀ, ਉਥੇ ਹੀ ਖੜ੍ਹਾ ਰਹਿ ਗਿਆ।''

ਜਿਸ ਤਰ੍ਹਾਂ ਨਾਲ ਬਸਪਾ ਦੇ ਨੇਤਾ ਹੀ ਮਾਇਆਵਤੀ ਦੇ ਖਿਲਾਫ ਦੋਸ਼ ਲਗਾ ਕੇ ਪਾਰਟੀ 'ਚੋਂ ਬਾਹਰ ਹੋ ਰਹੇ ਹਨ, ਉਸ ਨਾਲ ਬਸਪਾ ਦੇ ਗਰਾਫ ਹੇਠਾਂ ਆਇਆ ਹੈ। ਬਸਪਾ 'ਚੋਂ ਨਿਕਲੇ ਸਵਾਮੀ ਪ੍ਰਸ਼ਾਦ ਮੌਰਿਆ, ਆਰ. ਕੇ. ਚੌਧਰੀ ਵਰਗੇ ਨੇਤਾ ਭਲੇ ਹੀ ਆਪਣਾ ਭਲਾ ਨਾ ਕਰ ਸਕੇ, ਪਰ ਬਸਪਾ ਦਾ ਨੁਕਸਾਨ ਕਰਨ ਵਿਚ ਜ਼ਰੂਰ ਕਾਮਯਾਬ ਹੋਣਗੇ। ਆਲ ਇੰਡੀਆ ਪੀਪਲਸ ਫਰੰਟ ਦੇ ਰਾਸ਼ਟਰੀ ਪ੍ਰਧਾਨ ਐਸ. ਆਰ. ਦਾਰਾਪੁਰੀ ਦਾ ਕਹਿਣਾ ਹੈ ਕਿ ''ਮਾਇਆਵਤੀ ਨੂੰ ਜੋ ਮੌਕਾ ਮਿਲਿਆ ਸੀ, ਉਸ ਦਾ ਉਹਨਾਂ ਨੇ ਦਲਿਤ ਸਮਾਜ ਦੇ ਹਿੱਤ ਵਿਚ ਕੋਈ ਇਸਤੇਮਾਲ ਨਹੀਂ ਕੀਤਾ।''

ਸਾਲ 1992 ਵਿਚ ਸਮਾਜਵਾਦੀ ਪਾਰਟੀ ਅਤੇ ਬਸਪਾ ਨੇ ਮਿਲ ਕੇ ਸਰਕਾਰ ਬਣਾਈ ਸੀ। ਉਸ ਸਮੇਂ ਪ੍ਰਦੇਸ਼ ਵਿਚ ਹਿੰਦੂ-ਵਾਦ ਦਾ ਨਾਅਰਾ ਜ਼ੋਰਾਂ 'ਤੇ ਸੀ। ਤਦ ਸਪਾ ਅਤੇ ਬਸਪਾ ਨੇ ਮਿਲ ਕੇ ਇਕ ਨਾਅਰਾ ਦਿੱਤਾ ਸੀ ਕਿ 'ਮਿਲੇ ਮੁਲਾਇਮ ਕਾਂਸੀ ਰਾਮ, ਹਵਾ ਮੇ ਉੜਾ ਗਏ ਜੈ ਸ੍ਰੀਰਾਮ।'

ਪਰ ਇਹ ਗੱਠਜੋੜ ਛੇਤੀ ਹੀ ਟੁੱਟ ਗਿਆ। ਇਸ ਦੇ ਬਾਅਦ ਮਾਇਆਵਤੀ ਭਾਜਪਾ ਦੀ ਮਦਦ ਨਾਲ ਤਿੰਨ ਵਾਰ ਮੁੱਖ ਮੰਤਰੀ ਬਣੀ। ਦਲਿਤ ਸੁਧਾਰਾਂ 'ਤੇ ਕੰਮ ਬੰਦ ਹੋਣਾ, ਮੂਰਤੀਆਂ ਲਗਵਾਉਣੀਆਂ, ਪਾਰਕ ਬਣਵਾਉਣ ਦੇ ਮੱਦੇਨਜ਼ਰ ਦਲਿਤ ਅੰਦੋਲਨ ਖੋਖਲਾ ਹੁੰਦਾ ਗਿਆ। ਵਿਸ਼ਵ ਸ਼ੂਦਰ ਮਹਾਂ ਸਭਾ ਦੇ ਮੁਖੀ ਅਤੇ ਸ਼ੋਸ਼ਿਤ ਸਮਾਜ ਦਲ ਦੇ ਪ੍ਰਦੇਸ਼ ਪ੍ਰਧਾਨ ਜਗਦੀਸ਼ ਪਟੇਲ ਕਹਿੰਦੇ ਹਨ, ''ਦੂਸਰੇ ਦਲਿਤ ਸੰਗਠਨਾਂ ਨੂੰ ਹਾਸ਼ੀਏ 'ਤੇ ਰੱਖਣ ਦੇ ਕਾਰਨ ਦਲਿਤ ਰਾਜਨੀਤੀ ਕਮਜ਼ੋਰ ਹੋਈ ਹੈ। ਦਲਿਤ ਨੇਤਾ ਜਦ ਤੱਕ ਸਮਾਜਿਕ ਸੁਧਾਰਾਂ ਦੀ ਦਿਸ਼ਾ ਵਿਚ ਕੰਮ ਨਹੀਂ ਕਰਨਗੇ, ਤਦ ਤੱਕ ਦਲਿਤ ਸਮਾਜ ਦਾ ਫਾਇਦਾ ਨਹੀਂ ਹੋਵੇਗਾ। ਭਾਜਪਾ ਨੇ ਸੱਤਾ ਵਿਚ ਆਉਣ ਦੇ ਬਾਅਦ ਦਲਿਤ ਤਬਕੇ ਨੂੰ ਮੁੱਖ ਸਮਾਜ ਦੇ ਨਾਲ ਜੋੜਨ ਦਾ ਕੰਮ ਸ਼ੁਰੂ ਕੀਤਾ ਹੈ। ਇਸ ਦੇ ਤਹਿਤ ਭਾਜਪਾ ਵਿਚ ਦਲਿਤ ਨੇਤਾਵਾਂ ਨੂੰ ਅਹਿਮੀਅਤ ਦਿੱਤੀ ਜਾ ਰਹੀ ਹੈ। ਇਸ ਦੇ ਨਾਲ ਬਸਪਾ ਦੇ ਵਿਦਰੋਹੀ ਨੇਤਾਵਾਂ ਨੂੰ ਵੀ ਭੜਕਾਉਣ ਦਾ ਕੰਮ ਭਾਜਪਾ ਨੇ ਸ਼ੁਰੂ ਕੀਤਾ ਹੈ, ਜਿਸ ਨਾਲ ਉੱਤਰ ਪ੍ਰਦੇਸ਼ ਵਿਚ ਬਸਪਾ ਨੂੰ ਮਿਲੀ ਹੋਈ ਬਹੁਤਾਤ ਕਮਜ਼ੋਰ ਹੋਣ ਲੱਗੀ।

ਇਹ ਸੱਚ ਹੈ ਕਿ ਮਨੂਵਾਦੀ ਵਿਚਾਰਾਂ 'ਤੇ ਚੱਲ ਕੇ ਭਾਜਪਾ ਦਲਿਤਾਂ ਦੀ ਵਰਤੋਂ ਕਰੇਗੀ, ਜਿਵੇਂ ਕਾਂਗਰਸ ਨੇ ਕੀਤਾ। ਦਲਿਤਾਂ ਦੇ ਸੁਧਾਰ ਵਿਚ ਉਹ ਕੋਈ ਵੱਡਾ ਕੰਮ ਨਹੀਂ ਕਰੇਗੀ, ਇਸ ਦੇ ਬਾਅਦ ਵੀ ਰਾਜਨੀਤਿਕ ਸਚਾਈ ਇਹ ਹੈ ਕਿ ਭਾਜਪਾ ਇਕੱਲੀ ਪਾਰਟੀ ਹੈ ਜੋ ਦਲਿਤਾਂ ਦੇ ਲਈ ਕੁਝ ਕੰਮ ਕਰ ਰਹੀ ਹੈ।

ਦਲਿਤ ਬਿਰਾਦਰੀ ਦੀ ਸਭ ਤੋਂ ਵੱਡੀ ਪ੍ਰੇਸ਼ਾਨੀ ਇਹ ਹੈ ਕਿ ਅੱਗੇ ਨਿਕਲ ਚੁੱਕੇ ਲੋਕ ਆਪਣੇ ਆਪ ਨੂੰ ਅੱਗੇ ਦੀ ਜਮਾਤ ਵਿਚ ਸ਼ਾਮਲ ਕਰ ਬਾਕੀ ਸਮਾਜ ਨੂੰ ਭੁੱਲ ਜਾਂਦੇ ਹਨ। ਅਗਲੀ ਜਮਾਤ ਵਿਚ ਸ਼ਾਮਲ ਹੋਣ ਦੀ ਦੌੜ ਵਿਚ ਦਲਿਤ ਧਾਰਮਿਕ ਕੁਚੱਕਰਾਂ ਵਿਚ ਵੀ ਫਸਦੇ ਜਾ ਰਹੇ ਹਨ, ਜੋ ਉਹਨਾਂ ਦੇ ਲਈ ਖਤਰੇ ਦੀ ਘੰਟੀ ਹੈ।

# ਛੱਜ ਤਾਂ ਬੋਲੇ- ਛਾਨਣੀ ਕਿਉਂ ਬੋਲੇ




ਭਾਰਤੀ ਜਨਤਾ ਪਾਰਟੀ ਦੇ ਐਮ. ਪੀ. ਸ੍ਰੀ ਬਲਬੀਰ ਪੁੰਜ ਨੇ ਪਿਛਲੇ ਦਿਨ ਪੰਜਾਬ ਦੇ ਇਕ ਰੋਜ਼ਾਨਾ ਅਖਬਾਰ ਵਿਚ ਛਪੇ ਆਪਣੇ ਇਕ ਲੇਖ ਵਿਚ ਅਮਰੀਕੀ ਰਾਸ਼ਟਰਪਤੀ ਪਦ ਲਈ ਡੈਮੋਕ੍ਰੇਟਿਕ ਪਾਰਟੀ ਦੀ ਉਮੀਦਵਾਰ ਹਿਲੇਰੀ ਕਲਿੰਟਨ ਅਤੇ ਰਿਪਬਲੀਕਨ ਪਾਰਟੀ ਦੇ ਉਮੀਦਵਾਰ ਡੋਨਾਲਡ ਟਰੰਪ ਨੂੰ ਨਸੀਹਤ ਕੀਤੀ ਹੈ ਕਿ ਉਹਨਾਂ ਵੱਲੋਂ ਇਕ ਦੂਜੇ ਤੇ ਲਾਏ ਸੈਕਸ ਸ਼ੋਸ਼ਣ ਦੇ ਦੋਸ਼ ਘਟੀਆ ਸਿਆਸਤ ਹੈ। ਇਸ ਤਰ੍ਹਾਂ ਦੇ ਦੋਸ਼ ਨਹੀਂ ਲਗਾਉਣੇ ਚਾਹੀਦੇ। ਨਿਰਸੰਦੇਹ ਉਨ੍ਹਾਂ ਦੀ ਨਸੀਹਤ ਠੀਕ ਹੈ। ਅਸੀਂ ਅਮਰੀਕਾ ਜਾਂ ਅਮਰੀਕਾ ਦੇ ਇਹਨਾਂ ਉਮੀਦਵਾਰਾਂ ਦੇ ਸਪੋਕਸਮੈਨ ਨਹੀਂ ਹਾਂ। ਇਸ ਸਬੰਧ ਵਿਚ ਹਿਲੇਰੀ ਨੇ ਕੀ ਕਹਿਣਾ ਹੈ ਅਤੇ ਟਰੰਪ ਨੇ ਕੀ ਕਹਿਣਾ ਹੈ, ਇਹ ਤਾਂ ਉਨ੍ਹਾਂ ਨੂੰ ਪਤਾ ਹੋਵੇਗਾ। ਪਰ ਸ੍ਰੀ ਬਲਬੀਰ ਪੁੰਜ ਨੂੰ ਅਸੀਂ ਬੇਨਤੀ ਕਰਦੇ ਹਾਂ ਕਿ ਇਸ ਤਰ੍ਹਾਂ ਦੇ ਉਪਦੇਸ਼ ਦੂਸਰਿਆਂ ਨੂੰ ਦੇਣ ਦੀ ਬਜਾਏ ਉਨ੍ਹਾਂ ਨੂੰ ਆਪਣੀ ਪੀੜ੍ਹੀ ਹੇਠਾਂ ਵੀ ਸੋਟਾ ਮਾਰਨਾ ਚਾਹੀਦਾ ਹੈ। ਨਸੀਹਤ ਅਤੇ ਉਪਦੇਸ਼ ਕਰਨ ਦਾ ਹੱਕ ਛੱਜ ਨੂੰ ਤਾਂ ਹੈ ਪਰ ਛਾਨਣੀ ਨੂੰ ਨਹੀਂ, ਜਿਸਦੇ ਵਿਚ ਸੈਂਕੜੇ ਛੇਕ ਹੁੰਦੇ ਹਨ।

ਇਸ ਵਿਚ ਕੋਈ ਸ਼ੱਕ ਨਹੀਂ ਕਿ ਭਾਰਤ ਨੇ ਮਿਸਾਲੀ ਸਿਆਸਤਦਾਨ ਵੀ ਪੈਦਾ ਕੀਤੇ ਹਨ, ਜਿਹਨਾਂ 'ਤੇ ਭਾਰਤ ਨੂੰ ਨਾਜ਼ ਹੈ ਪਰ ਇੱਥੇ ਅਜਿਹੇ ਸਿਆਸਤਦਾਨ ਵੀ ਹੋਏ ਹਨ ਜਿਹਨਾਂ ਨੇ ਇਨਸਾਨੀਅਤ ਨੂੰ ਇੰਨਾ ਕਲੰਕਿਤ ਕੀਤਾ ਹੈ ਕਿ ਉਨ੍ਹਾਂ ਦੇ ਕਿਰਦਾਰ ਤੇ ਇਨਸਾਨੀਅਤ ਹਮੇਸ਼ਾ ਥੂ-ਥੂ ਕਰਦੀ ਰਹੇਗੀ।

ਇਸ ਦੇਸ਼ ਦੇ ਕਰੋੜਾਂ ਲੋਕਾਂ ਨੂੰ ਹਜ਼ਾਰਾਂ ਸਾਲਾਂ ਤੋਂ ਸ਼ੂਦਰ ਕਰਾਰ ਦੇ ਕੇ ਉਨ੍ਹਾਂ ਨੂੰ ਪਸ਼ੂਆਂ ਨਾਲੋਂ ਬਦੱਤਰ ਜੀਵਨ ਜਿਊਣ ਲਈ ਮਜਬੂਰ ਕੀਤਾ ਗਿਆ। ਉਨ੍ਹਾਂ ਦਾ ਸੈਕਸ ਸ਼ੋਸ਼ਣ ਜਿਸ ਢੰਗ ਨਾਲ ਇਸ ਦੇਸ਼ ਵਿਚ ਹਜ਼ਾਰਾਂ ਸਾਲ ਕੀਤਾ ਗਿਆ ਤੇ ਅੱਜ ਵੀ ਕੀਤਾ ਜਾ ਰਿਹਾ ਹੈ, ਉਸ ਦੇ ਹੁੰਦਿਆਂ ਤੁਸੀਂ ਸੈਕਸ ਬਾਰੇ ਦੂਸ਼ਣਬਾਜ਼ੀ ਵਿਰੁੱਧ ਦੂਸਰਿਆਂ ਨੂੰ ਨਸੀਹਤਾਂ ਕਰੋ ਤਾਂ ਇਸ ਨੂੰ ਸ਼ਰਮ ਦੀ ਘਾਟ ਹੀ ਸਮਝਿਆ ਜਾਵੇਗਾ। ਇਸ ਦੇਸ਼ ਵਿਚ ਅਜਿਹੀਆਂ ਵੀ ਮਿਸਾਲਾਂ ਹਨ ਕਿ ਕਈ ਰਾਜਿਆਂ ਦੀਆਂ ਰਾਣੀਆਂ ਦੀ ਗਿਣਤੀ ਸੈਂਕੜਿਆਂ ਤੱਕ ਰਹੀ ਹੈ ਅਤੇ ਇਸਦੇ ਬਾਵਜੂਦ ਵੀ ਉਹ ਹੋਰਨਾਂ ਔਰਤਾਂ ਨੂੰ ਆਪਣੀ ਹਵਸ ਦਾ ਸ਼ਿਕਾਰ ਬਣਾਉਂਦੇ ਰਹੇ। ਇਤਿਹਸਾ ਵਿਚੋਂ ਜੇ ਅਕਬਰ 'ਮਹਾਨ' ਦੀ ਮਿਸਾਲ ਹੀ ਲਈਏ ਤਾਂ ਉਸਦੀਆਂ ਕਿੰਨੀਆਂ ਰਾਣੀਆਂ ਸਨ? ਜਹਾਂਗੀਰ ਨੇ ਆਪਣੀ ਰਾਣੀ ਦੀ ਯਾਦ ਨੂੰ ਅਮਰ ਬਣਾਉਣ ਲਈ 22 ਸਾਲਾਂ ਤੱਕ 22 ਹਜ਼ਾਰ ਗੁਲਾਮਾਂ ਅਤੇ ਉਹਨਾਂ 'ਤੇ ਆਸ਼ਰਿਤ ਹਜ਼ਾਰਾਂ ਲੋਕਾਂ ਦੀਆਂ ਜ਼ਿੰਦਗੀਆਂ ਨੂੰ ਤਬਾਹ ਕਰ ਦਿੱਤਾ। 22 ਸਾਲ ਰਾਜਸਥਾਨ ਤੋਂ ਆਗਰਾ ਪੱਥਰ ਪਹੁੰਚਾਉਣ ਲਈ ਹਜ਼ਾਰਾਂ ਖੱਚਰਾਂ, ਖੋਤੇ, ਘੋੜੇ ਤੇ ਹਾਥੀਆਂ ਦੇ ਜੀਵਨ ਨਾਲ ਖਿਲਵਾੜ ਕੀਤਾ। ਹਜ਼ਾਰਾਂ ਲੋਕਾਂ ਅਤੇ ਹਜ਼ਾਰਾਂ ਬੇਜ਼ੁਬਾਨ ਜਾਨਵਰਾਂ ਦੀਆਂ ਜ਼ਿੰਦਗੀਆਂ ਤਬਾਹ ਕਰਕੇ ਉਸਰੇ ਉਸ ਤਾਜ ਮਹਿਲ ਨੂੰ ਅੱਜ ਵੀ ਭਾਰਤ ਦਾ ਮਾਣ ਸਮਝਿਆ ਜਾਂਦਾ ਹੈ।

ਅੱਜ ਵੀ ਕਰੋੜਾਂ ਆਦਿਵਾਸੀ ਔਰਤਾ ਨੂੰ ਛਾਤੀ ਨੰਗੀ ਰੱਖਣ ਲਈ ਮਜਬੂਰ ਕੀਤਾ ਜਾਂਦਾ ਹੈ। ਇਕ ਆਸਟ੍ਰੇਲੀਅਨ ਡਾਕਟਰ ਗਰਾਹਮ ਸਟੇਨਜ਼ ਨੇ ਜੇਕਰ ਇਨ੍ਹਾਂ ਔਰਤਾਂ ਨੂੰ ਛਾਤੀਆਂ ਢੱਕਣ ਲਈ ਸਾੜ੍ਹੀਆਂ ਦੇ ਦਿੱਤੀਆਂ ਤਾਂ ਉਸ ਫਰਿਸ਼ਤਾ ਸਰੂਪ ਡਾਕਟਰ ਨੂੰ ਉਸ ਦੇ ਨਿੱਕੇ ਨਿੱਕੇ ਬੱਚਿਆਂ ਸਮੇਤ ਜਿੰਦਾ ਜਲਾ ਦਿੱਤਾ ਤੇ ਜਿਸਨੇ ਉਸ ਨੂੰ ਸਾੜਿਆ, ਤੁਸੀਂ ਉਸਨੂੰ ਆਪਣਾ ਹੀਰੋ ਕਰਾਰ ਦਿੱਤਾ। ਅੱਜ ਵੀ ਦੱਖਣ ਵਿਚ ਕੁਝ ਫਿਰਕਿਆਂ ਵਿਚ ਜਦ ਲੜਕੀ ਦੀ ਸ਼ਾਦੀ ਹੁੰਦੀ ਹੈ ਤਾਂ ਉਸਦੀ ਪਹਿਲੀ ਸ਼ਾਦੀ ਮਾਮੇ ਨਾਲ ਕੀਤੀ ਜਾਂਦੀ ਹੈ। ਇਸ ਦੇਸ਼ ਵਿਚ ਆਜ਼ਾਦੀ ਦੇ ਸੱਤਰ ਸਾਲ ਬਾਅਦ ਵੀ 10-10 ਸਾਲ ਦੀਆਂ ਲੜਕੀਆਂ ਦੇ ਵਿਆਹ ਹੋ ਰਹੇ ਹਨ।

ਲਿੰਗ ਦੇ ਆਧਾਰ ਤੇ ਕਿੰਨੀ ਭਿਆਨਕ ਅਸਮਾਨਤਾ ਇਸ ਦੇਸ਼ ਵਿਚ ਰਹੀ ਹੈ- ਔਰਤ ਨੂੰ ਹਜ਼ਾਰਾਂ ਸਾਲ ਪੈਰ ਦੀ ਜੁੱਤੀ ਸਮਝਿਆ ਜਾਂਦਾ ਰਿਹਾ। ਸਤੀ ਦੀ ਰਸਮ ਵਿਰੁੱਧ ਆਵਾਜ਼ ਉਠਾਉਣ ਵਾਲੇ ਇਸਾਈ ਮਿਸ਼ਨਰੀ ਵਿਲੀਅਮ ਕੇਰੀ ਨੂੰ ਤੁਸੀਂ ਕੁੱਟਿਆ। ਪਰ ਉਸੇ ਮਿਸ਼ਨਰੀ ਨੇ ਅੰਗਰੇਜ਼ ਸਰਕਾਰ ਤੋਂ ਇਸ ਭਿਆਨਕ ਰਸਮ ਉਤੇ ਪਾਬੰਦੀ ਲੁਆਈ ਤਾਂ ਤੁਸੀਂ ਉਸਦੇ ਵਿਰੋਧੀ ਬਣ ਗਏ ਅਤੇ ਇਸਾਈ ਮਿਸ਼ਨਰੀਆਂ ਨੂੰ ਅੱਜ ਤੱਕ ਗਾਲ਼ਾਂ ਕੱਢ ਰਹੇ ਹੋ, ਜਿਹਨਾਂ ਨੇ ਸਭ ਤੋਂ ਪਹਿਲਾਂ ਇਸ ਦੇਸ਼ ਦੀ ਆਜ਼ਾਦੀ ਦਾ ਨਾਅਰਾ ਲਾਇਆ।

ਇਸ ਦੇਸ਼ ਵਿਚ ਖੇਤੀ ਪ੍ਰਾਜੈਕਟ ਲਿਆਂਦੇ, ਵਿੱਦਿਆ ਲਿਆਂਦੀ, ਸਾਇੰਸ 'ਤੇ ਆਧਾਰਿਤ ਇਨਸਾਨੀ ਬਿਮ-ਾਰੀਆਂ ਦੇ ਇਲਾਜ ਲੈ ਕੇ ਆਏ, ਛੂਆਛਾਤ ਦੇ ਖਿਲਾਫ ਮੁਹਿੰਮ ਚਲਾਈ, ਸ਼ੂਦਰ ਨੂੰ ਬਰਾਬਰ ਦਾ ਇਨਸਾਨ ਐਲਾਨ ਕੀਤਾ। ਉਸ ਨਾਲ ਬੈਠ ਖਾਣਾ-ਪੀਣਾ ਸ਼ੁਰੂ ਕੀਤਾ। ਇੰਡਸਟਰੀ ਲੈ ਕੇ ਆਂਦੀ, ਬੈਂਕ ਲਿਆਂਦੇ, ਇਸਤਰੀ ਨੂੰ ਬਰਾਬਰ ਦਾ ਹੱਕ ਦੇਣ ਲਈ ਜਿਹਾਦ ਕੀਤਾ।

ਅੱਜ ਤੁਸੀਂ ਸਮਾਨ ਕਾਨੂੰਨ ਦੀਆਂ ਗੱਲਾਂ ਕਰ ਰਹੇ ਹੋ ਪਰ ਜਦ ਇਸਾਈ ਮਿਸ਼ਨਰੀਆਂ ਦੇ ਦਬਾਅ ਥੱਲੇ ਭਾਰਤ ਦੇ ਵਾਇਸਰਾਏ ਲਾਰਡ ਵੈਲਜ਼ਲੀ ਨੇ 1820 ਵਿਚ ਭਾਰਤ ਦੇ ਹਰ ਨਾਗਰਿਕ ਨੂੰ ਕਾਨੂੰਨ ਦੇ ਸਾਹਮਣੇ ਬਰਾਬਰ ਕਰਾਰ ਦੇ ਦਿੱਤਾ ਤਾਂ ਤੁਸੀਂ ਉਸਦਾ ਵਿਰੋਧ ਕੀਤਾ। ਆਜ਼ਾਦੀ ਦੇ 70 ਸਾਲ ਬਾਅਦ ਵੀ ਇਸ ਦੇਸ਼ ਦੇ 30 ਫੀਸਦੀ ਲੋਕ ਫੁਟਪਾਥਾਂ ਅਤੇ ਗੰਦੀਆਂ ਝੌਂਪੜੀਆਂ ਵਿਚ ਸਾਰਾ ਜੀਵਨ ਗੁਜ਼ਾਰ ਜਾਂਦੇ ਹਨ।

ਇਸ ਦੇਸ਼ ਦੇ 25 ਫੀਸਦੀ ਲੋਕ ਰਾਤ ਨੂੰ ਭੁੱਖੇ ਪੇਟ ਸੌਂਦੇ ਹਨ। ਅਜਿਹੇ ਲੋਕਾਂ ਦੀ ਗਿਣਤੀ ਵੀ ਲੱਖਾਂ ਵਿਚ ਹੈ ਜੋ ਸਵੇਰੇ ਉਠ ਕੇ ਰੂੜੀਆਂ ਤੇ ਲੋਕਾਂ ਦੀਆਂ ਖਾਣ ਵਾਲੀਆਂ ਜੂਠੀਆਂ ਸੁੱਟੀਆਂ ਚੀਜ਼ਾਂ ਖਾ ਕੇ ਪੇਟ ਪਾਲਦੇ ਹਨ।

ਕਿਹੜੀ ਕਿਹੜੀ ਗੱਲ ਦਾ ਜ਼ਿਕਰ ਕਰੀਏ, ਇਹਨਾਂ ਗੱਲਾਂ ਦਾ ਜ਼ਿਕਰ ਕਰਦਿਆਂ ਵੀ ਸਾਡੀ ਕਲਮ ਕੰਬਦੀ ਹੈ। ਸਾਡੀ ਰੂਹ ਖੌਫਜ਼ਦਾ ਹੋ ਰਹੀ ਹੈ। ਜੇਕਰ ਇੰਨੇ ਨੂੰ ਹੀ ਤੁਸੀਂ ਕਾਫੀ ਸਮਝੋ ਤਾਂ ਤੁਹਾਡੇ ਧੰਨਵਾਦੀ ਹੋਵਾਂਗੇ। ਛੱਜ ਨੂੰ ਦੂਸਰਿਆਂ ਦੇ ਨੁਕਸ ਕੱਢਣ ਦਾ ਹੱਕ ਹੈ। ਛਾਨਣੀ ਨੂੰ ਨਹੀਂ, ਜਿਸ ਵਿਚ ਸੈਂਕੜੇਛੇਕ ਹੁੰਦੇ ਹਨ।

**ਚੁਟਕਲਾ**

ਪਿਆਰ ਵੀ ਅਜੀਬ ਹੈ
ਮਾਂ ਨਾਲ ਹੋਵੇ ਤਾਂ ਪੂਜਾ
ਪਿਓ ਨਾਲ ਹੋਵੇ ਤਾਂ ਇੱਜ਼ਤ
ਭਰਾ ਨਾਲ ਹੋਵੇ ਤਾਂ ਵਿਸ਼ਵਾਸ
ਭੈਣ ਨਾਲ ਹੋਵੇ ਤਾਂ ਫਰਜ਼
ਪਤਨੀ ਨਾਲ ਹੋਵੇ ਤਾਂ
ਨਲਾਇਕ ਜੋਰੂ ਕਾ ਗੁਲਾਮ।

## ਭੁਲੇਖਾ ਜਾਂ ਹੈਰਾਨੀ



ਜਿਵੇਂ ਸੱਚ ਅਤੇ ਝੂਠ 'ਚ ਰਹਿੰਦੀ ਲੜਾਈ।
ਉਵੇਂ ਹੀ ਜਿੱਤ ਅਤੇ ਹਾਰ 'ਚ ਰਹਿੰਦੀ ਲੜਾਈ।

8 ਨਵੰਬਰ ਇਲੈਕਸ਼ਨ ਨੇ ਇਤਿਹਾਸ ਬਦਲਿਆ,
ਪਾਰਟੀ ਬਗੈਰ ਟਰੰਪ ਨੇ, ਜਿੱਤ ਆਪਣੀ ਬਣਾਈ।

ਉਂਝ ਤਾਂ ਰਾਜਨੀਤੀ ਅਜਲਾਂ ਤੋਂ ਬਦਨਾਮ ਹੀ,
ਇਹ ਚੰਗੇ ਭਲੇ ਨੂੰ ਵੀ, ਬਣਾ ਦਿੰਦੀ ਗੁਨਾਹੀ।

ਹਿਲਰੀ ਦੀ ਹਾਰ ਨੂੰ ਭੁਲੇਖਾ ਜਾਂ ਹੈਰਾਨੀ ਆਖੋ,
ਕਈਆਂ ਨੇ ਨਤੀਜੇ ਲਈ, ਹਮਦਰਦੀ ਨ੍ਹੀਂ ਦਿਖਾਈ।

ਕਹਿੰਦੇ ਤਾਜ ਵੀ ਤਾਂ ਕਿਸਮਤ ਨਾਲ ਮਿਲਦਾ,
ਹਿਲਰੀ ਦੇ ਭਾਗਾਂ 'ਓ ਨੀਂ ਸੀ ਇਸ ਦੀ ਰੁਸ਼ਨਾਈ।

ਉਂਝ ਵੀ ਲੋਕ ਕਹਿੰਦੇ ਕੁਛ ਤੇ ਕਰਦੇ ਨੇ ਕੁਛ,
ਵੋਟਰਾਂ ਨੇ ਵੋਟਰਾਂ ਦੀ ਹੀ ਸ਼ਕਤੀ ਘਟਾਈ।

ਪ੍ਰੈਜ਼ੀਡੈਂਟ ਦੀ ਸਲਾਨਾ ਤਨਖਾਹ 4 ਲੱਖ ਡਾਲਰ,
ਡੋਨਲਡ ਨੇ ਤਨਖਾਹ ਨਾ ਲੈਣ ਦੀ ਦਿੱਤੀ ਗਵਾਹੀ।

ਬਾਕੀ ਜੀਵਨ ਜੀਵਣ ਤੇ ਦੇਸ਼ ਚੱਲਦਾ ਰਹਿਣਾ ਹੀ,
ਹੁਣ ਚਾਰ ਸਾਲ ਡੋਨਲਡ ਦੀ ਰਹੇਗੀ ਚੜ੍ਹਾਈ।

ਟਰੰਪ ਅਮਰੀਕਾ ਦਾ 45ਵਾਂ ਪ੍ਰੈਜ਼ੀਡੈਂਟ ਬਣਿਆ 'ਕਮਲ'
ਸੱਜਣੋ ਦੇਖੋ! ਕੀ ਕੀ ਕਰਦਾ ਲੋਕਾਂ ਦੀ ਭਲਾਈ।

**- ਕਮਲ ਬੰਗਾ ਸੈਕਰਾਮੈਂਟੋ**
**916-897-8570**

# ਸਰਕਾਰ ਨੂੰ ਫਿਟਕਾਰ!



ਤਰਲੋਚਨ ਸਿੰਘ
'ਦੁਪਾਲਪੁਰ'
001-408-916-1268

ਖਿਝੇ ਲੋਕਾਂ ਨੇ 'ਪੰਜੇ' ਦੇ ਕਾਰਿਆਂ ਤੋਂ
ਪਾਈ ਉਦੋਂ ਸੀ 'ਕਮਲ' ਨੂੰ ਵੋਟ ਮੀਆਂ
ਕਾਲਾ ਧਨ ਲੈਆਉਣ ਦੀਆਂ ਮਾਰ ਡੀਂਗਾਂ
ਆਇਆ ਮੋਦੀ ਦਾ ਕੰਮ ਸੀ ਲੋਟ ਮੀਆਂ
'ਜੁਮਲਾ' ਆਖ ਕੇ ਵਾਅਦੇ ਤੋਂ ਮੁੱਕਰੇ ਜੀ
ਹੋ ਗਈ ਜਾਹਿਰ ਸੀ ਦਿਲਾਂ ਦੀ ਖੋਟ ਮੀਆਂ।
ਮੁੱਦੇ ਅਹਿਮ ਭੁਲਾਉਣ ਲਈ 'ਬੈਨ' ਕਰਤੇ
ਇਕ ਹਜ਼ਾਰ ਤੇ ਪੰਜ ਸੌ ਦੇ ਨੋਟ ਮੀਆਂ।
ਮੱਧ-ਵਰਗ ਤੇ ਬਹੁਤੀਆਂ ਪਤਨੀਆਂ ਨੂੰ
ਏਸ ਹੁਕਮ ਤੋਂ ਆ ਗਈ ਏ ਤੋਟ ਮੀਆਂ।
'ਨਿੱਜੀ ਖਰਚੇ' ਲਈ ਸਾਂਭੇ ਸੀ ਬੀਬੀਆਂ ਨੇ
ਹੁਣ ਉਹ ਕਹਿਣ 'ਸਰਕਾਰ ਦੇ ਫੋਟ' ਮੀਆਂ

# ਜਾਂਚ

ਹੋ ਗਿਆ ਕੰਮ ਇਹ ਮਾੜਾ ਇਹਦੀ ਜਾਂਚ ਬਿਠਾ ਦਿਓ
ਪੈ ਜਾਊ ਠੰਡੇ ਬਸਤੇ ਲੋਕਾਂ ਨੂੰ ਸ਼ਾਂਤ ਹੀ ਕਰਾ ਦਿਓ

ਚਲਦੀ ਰਹੂ ਜਾਂਚ ਫੇਰ ਕਿਹੜਾ ਕਿਸੇ ਨੂੰ ਯਾਦ ਰਹੂ
ਹਾਲ ਡੀ ਘੜੀ ਤਾਂ ਤੁਸੀਂ ਸਾਡਾ ਪਿੱਛਾ ਛੁਡਵਾ ਦਿਓ

ਐਵੇਂ ਭੜਕ ਜਾਂਦੇ ਇਹ ਤਾਂ ਕਿਹੜਾ ਵੱਡੀ ਗੱਲ ਸੀ
ਲੋਕਾਂ ਦੇ ਹੱਥ ਕੋਈ ਨਾ ਗਲਤ ਮਸਲਾ ਫੜਾ ਦਿਓ

ਸਾਨੂੰ ਬੈਠੇ ਏ ਸੀ ਜਰਦੇ ਨਹੀਂ ਇਹ ਜਨਤਾ ਵਾਲੇ
ਸੁਣੋ ਭੱਜਕੇ, ਕੋਈ ਨਾ ਅਰਾਮ ਸਾਡਾ ਕੋਈ ਛੁੜਾ ਦਿਓ

ਲਾ ਕੇ ਬਹਿ ਜਾਂਦੇ ਜਾਮ ਸਾਨੂੰ ਫ਼ਰਕ ਨਾ ਵੈਸੇ ਤਾਂ
ਲੋਕਾਂ ਦੀ ਖਾਤਿਰ ਹੀ ਲੋਕਾਂ ਨੂੰ ਰਾਹੋਂ ਉਠਾ ਦਿਓ

ਤੋੜਕੇ ਸਰਕਾਰ ਦੀ ਸੰਪੱਤੀ ਸਮਝਦੇ ਬੜਾ ਮਾਣ
ਤੋੜ ਲੈਣ ਦਿਓ ਥੋੜਾ ਇਹਨਾਂ ਦੇ ਚਾਅ ਲਾਹ ਦਿਓ

# ਸਤਿਗੁਰੂ ਸੈਣ ਜੀ

ਸ਼ਾਮ ਪਾਲ, ਯੂਬਾ ਸਿਟੀ
530-744-1183



ਸੈਣ ਜੀ- ਸੈਣ ਹੱਥ ਜੋੜ ਕਹਿਣ ਸੁਣੋ ਰਾਜਾ ਭੁੱਲ ਮੇਰੀ ਕਰੋ ਮੁਆਫ ਜੀ
ਕੱਲ੍ਹ ਨਾ ਲਗਾਈ ਸੇਵਾ ਵਿਚ ਹਾਜ਼ਰੀ ਮੈਂ ਵੱਡਾ ਕੀਤਾ ਪਾਪ ਜੀ।
ਰਾਜਾ- ਰਾਜਾ ਕਹੇ ਵੱਡਾ ਭੇਦ ਸੇਵਾ ਦਾ ਤੂੰ ਮੈਥੋਂ ਕਾਸ ਨੂੰ ਲੁਕਾਇਆ ਹੈ
ਕੱਲ੍ਹ ਜਿਹੀ ਸੇਵਾ ਰੋਜ਼ ਕਰੋ ਸੈਣ ਜੀ ਮੈਂ ਸੱਚ ਫੁਰਮਾਇਆ ਹੈ।

ਸੈਣ ਜੀ- ਸੈਣ ਕਹੇ ਰਾਜਾ ਕੱਲ੍ਹ ਸਾਡੇ ਘਰ ਸੰਤ ਪਰ੍ਹੋਣੇ ਆ ਗਏ
ਸੁਣ ਸੁਣ ਉਨ੍ਹਾਂ ਮੁੱਖੋਂਬਾਣੀ ਸਾਡੇ ਜਨਮਾਂ ਦੇ ਪਾਪ ਲਾਹ ਗਏ।
ਆਖਦੇ ਸੀ ਸਾਧੂ ਸੈਣ ਰੱਬ ਤੇਰੇ ਸਾਰੇ ਕੰਮ ਕਰੂ ਆਪ ਜੀ
ਸੈਣ ਹੱਥ ਜੋੜ ਕਹਿਣ ਸੁਣੋ ਰਾਜਾ ਭੁੱਲ ਮੇਰੀ ਕਰੋ ਮੁਆਫ ਜੀ।

ਰਾਜਾ- ਰਾਜਾ ਕਹੇ ਸੈਣ ਅੱਜ ਲੱਗਦਾ ਤੂੰ ਕਿਸੇ ਫਿਕਰਾਂ 'ਚ ਰੁਲਿਆ
ਤਾਹੀਉਂ ਨਹੀਂ ਚੇਤਾ ਇਹ ਮਾਮੂਲੀ ਗੱਲ ਦਾ ਤੂੰ ਐਵੇਂ ਫਿਰੇਂ ਭੁੱਲਿਆ
ਤੇਰੇ ਹੱਥਾਂ ਨਾਲ ਕੱਲ੍ਹ ਆਪਣਾ ਸਰੀਰ ਮਾਲਿਸ਼ ਕਰਾਇਆ ਹੈ।
ਕੱਲ੍ਹ ਜਿਹੀ ਸੇਵਾ ਰੋਜ਼ ਕਰੋ ਸੈਣ ਜੀ ਮੈਂ ਸੱਚ ਫੁਰਮਾਇਆ ਹੈ।

ਸੈਣ- ਸੈਣ ਕਹੇ ਰਾਜਾ ਅਸੀਂ ਸੱਚੇ ਸੇਵਾਦਾਰ ਤੇਰੇ ਦਰਬਾਰ ਦੇ
ਝੂਠ ਨਹੀਉਂ ਬੋਲਦੇ ਜੋ ਰੰਗ ਵਿਚ ਰੰਗੇ ਰਹਿੰਦੇ ਕਰਤਾਰ ਦੇ
ਰੱਬ ਦੀਆਂ ਗੱਲਾਂ ਦਾ ਕੋਈ ਭੇਦ ਨਹੀਉਂ ਜਾਣੇ ਰੱਬ ਜਾਣੇ ਆਪ ਜੀ
ਸੈਣ ਹੱਥ ਜੋੜ ਕਹਿਣ ਸੁਣੋ ਰਾਜਾ ਭੁੱਲ ਮੇਰੀ ਕਰੋ ਮੁਆਫ ਜੀ।

ਰਾਜਾ- ਸੁਣ ਗੱਲ ਸੈਣ ਜੀ ਦੀ ਰਾਜੇ ਤਾਈਂ ਸਭ ਇਹ ਸਮਝ ਆ ਗਿਆ
ਸੈਣ ਤੇਰੇ ਰੂਪ ਵਿਚ ਰੱਬ ਮੇਰੇ ਮਹਿਲਾਂ ਵਿਚ ਫੇਰਾ ਪਾ ਗਿਆ
ਦਿੱਤੀ ਭੇਟਾ ਸੈਣ ਜੀ ਨੂੰ ਖੁਸ਼ ਹੋ ਨਾਲੇ ਸੀਸ ਨੂੰ ਝੁਕਾਇਆ ਹੈ।
ਕੱਲ੍ਹ ਜਿਹੀ ਸੇਵਾ ਰੋਜ਼ ਕਰੋ ਸੈਣ ਜੀ ਮੈਂ ਸੱਚ ਫੁਰਮਾਇਆ।

'ਸ਼ਾਮਪਾਲ' ਕਹੇ ਸੱਚ ਰੱਬ ਭਗਤਾਂ ਕੰਮ ਕਰੇ ਆਪ ਜੀ
ਸੈਣ ਹੱਥ ਜੋੜ ਕਹਿਣ ਸੁਣੋ ਰਾਜਾ ਭੁੱਲ ਮੇਰੀ ਕਰੋ ਮੁਆਫ ਜੀ।

# ਇੱਛਾ

ਰਾਠੇਸ਼ਵਰ ਸਿੰਘ ਸੂਰਾਪੁਰੀ (916) 969-9337



ਇਹ ਮੇਰੀ ਹੈ, ਇੱਛਾ ਰੱਬਾ।
ਨਾ ਮੁੜ ਦੇਖਾਂ, ਪਿੱਛਾ ਰੱਬਾ।

ਅੱਗੇ ਨੂੰ ਹੀ ਕਦਮ ਵਧਾਵਾਂ,
ਮੰਜ਼ਲ ਵਲ ਨੂੰ ਵਧਦਾ ਜਾਵਾਂ।

ਸੁਪਨੇ ਲੈਣਾ, ਹੱਕ ਹੈ ਮੇਰਾ।
ਇਰਾਦਾ, ਪਰਪੱਕ ਹੈ ਮੇਰਾ।

ਵਿਚ ਉਡਾਰੀ ਗਗਨਾਂ ਲਾਵਾਂ,
ਖ਼ੁਦ ਬਣਾਵਾਂ, ਮੈਂ ਜੋ ਰਾਹਵਾਂ।

ਜੀਵਨ ਅੰਦਰ ਗ਼ਮ ਬੜੇ ਨੇ।
ਕਰਨੇ ਵਾਲ਼ੇ, ਕੰਮ ਬੜੇ ਨੇ।

ਮੈਂ ਵੀ ਬਣਦਾ, ਹਿੱਸਾ ਪਾਵਾਂ,
ਦੇਸ਼ ਹੋਵੇ ਖ਼ੁਸ਼ਹਾਲ ਮੈਂ ਚਾਵ੍ਹਾਂ।

ਬੇਰੁਜ਼ਗਾਰੀ, ਰਿਸ਼ਵਤਖੋਰੀ।
ਭੁਖ-ਬਿਮਾਰੀ, ਧੱਕਾ-ਜੋਰੀ।

ਹੋ ਜਾਣ ਸਭੇ, ਦੂਰ ਬਲਾਵਾਂ,
ਜ਼ਿੰਦਗੀ ਬੀਤੇ ਨਾਲ ਹੈ ਚਾਵਾਂ।

ਧੀਆਂ ਦੀ ਨਾ ਪੱਤ ਹੈ ਲੁੱਟੇ।
ਵਿਧਵਾ ਨਾ ਏ, ਅਥਰੂ ਸੁੱਟੇ।

ਨਾ ਹੀ ਰੋਣ, ਪੁੱਤਾਂ ਨੂੰ ਮਾਵਾਂ,
ਠੰਡੀਆਂ ਚੱਲਣ ਸੀਤ ਹਵਾਵਾਂ।

ਰੱਬਾ! ਦੇਹ ਵਰਦਾਨ ਤੂੰ ਮੈਨੂੰ।
ਕੁੱਝ ਹਿੰਮਤ ਤੇ ਜਾਨ ਤੂੰ ਮੈਨੂੰ।

ਹੱਕ-ਸੱਚ ਲਈ ਲੜਦਾ ਜਾਵਾਂ,
'ਰਾਠੀ' ਪੂਰੀਆਂ ਕਰੇ ਇਛਾਵਾਂ।

# ਪੰਜਾਬੀ 'ਸੂਬਾ', ਅੱਜ ਦਾ ਪੰਜਾਬ 51ਵੇਂ ਵਰ੍ਹੇ ਵਿੱਚ?

ਉਭਾਰ ਤੋਂ ਮੁਕਤ ਨਾ ਕਰ ਸਕੇ। ਇੱਕ ਦਿਲਚਸਪ ਪੱਖ ਇਹ ਵੀ ਰਿਹਾ ਕਿ ਦਲ ਵਿੱਚ ਪੰਜਾਬ ਦੇ ਸਾਰੇ ਵਰਗਾਂ ਨੂੰ ਪ੍ਰਤੀਨਿਧਤਾ ਦਿੱਤੇ ਜਾਣ ਦੇ ਬਾਵਜੂਦ ਸ. ਸੁਖਬੀਰ ਸਿੰਘ ਬਾਦਲ ਇੱਕ ਪਾਸੇ ਤਾਂ ਦਲ ਨੂੰ ਧਰਮ-ਨਿਰਪੱਖ ਕੌਮੀ ਪਾਰਟੀ ਵਜੋਂ ਸਥਾਪਤ ਕਰਨ ਵਿੱਚ ਸਫਲ ਨਹੀਂ ਹੋ ਸਕੇ, ਦੂਸਰੇ ਪਾਸੇ ਸਿੱਖਾਂ ਨੇ ਵੀ ਉਸਦੇ ਇੱਕ-ਮਾਤ੍ਰ ਆਪਣਾ ਪ੍ਰਤੀਨਿਧ ਹੋਣ ਪੁਰ ਵੀ ਸੁਆਲੀਆ-ਨਿਸ਼ਾਨ ਲਾਉਣਾ ਸ਼ੁਰੂ ਕਰ ਦਿੱਤਾ। ਹਾਲਾਂਕਿ ਸ਼੍ਰੋਮਣੀ ਅਕਾਲੀ ਦਲ (ਬਾਦਲ) ਪੰਜਾਬ ਵਿਚਲੇ ਸਿੱਖਾਂ ਦੇ ਇੱਕ 'ਵਰਗ ਵਿਸ਼ੇਸ਼' ਦੇ ਸਹਿਯੋਗ ਨਾਲ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੀ ਸੱਤਾ ਪੁਰ ਆਪਣਾ ਕਬਜ਼ਾ ਬਣਾਈ ਰਖਣ ਵਿੱਚ ਸਫਲ ਹੁੰਦਾ ਚਲਿਆ ਆ ਰਿਹਾ ਹੈ।

ਇਸਦੇ ਨਾਲ ਹੀ ਪੰਜਾਬ ਭਾਜਪਾ ਦੇ ਮੁੱਖੀਆਂ ਨੇ ਵੀ ਸ਼੍ਰੋਮਣੀ ਅਕਾਲੀ ਦਲ (ਬਾਦਲ) ਪੁਰ ਆਪਣਾ ਦਬਾਉ ਬਣਾਈ ਰਖਣ ਦੇ ਉਦੇਸ਼ ਨਾਲ, ਉਸ ਵਲੋਂ ਹਿੰਦੂਆਂ ਵਿੱਚ ਕੀਤੀ ਜਾ ਰਹੀ ਘੁਸਪੈਠ ਦੇ ਜਵਾਬ ਵਿੱਚ, ਸਿੱਖਾਂ ਵਿੱਚ ਆਪਣੀ ਪੈਂਠ ਸਥਾਪਤ ਕਰਨ ਦੇ ਉਦੇਸ਼ ਨਾਲ ਸਿੱਖਾਂ ਨੂੰ ਆਪਣੇ ਨਾਲ ਸਿੱਧਾ ਜੋੜਨ ਲਈ ਜੋ ਕਦਮ ਵਧਾਏ, ਉਨ੍ਹਾਂ ਵਿੱਚ ਸਹਿਯੋਗ ਕਰਨ ਲਈ ਆਰ ਐਸ ਐਸ ਦੀ ਸਹਿਯੋਗੀ ਜੱਥੇਬੰਦੀ ਰਾਸ਼ਟਰੀ ਸਿੱਖ ਸੰਗਤ ਅਗੇ ਆ ਗਈ, ਇਸਦੇ ਬਾਵਜੂਦ ਭਾਜਪਾ ਵੀ, ਪੰਜਾਬੀ ਸੂਬਾ ਮੋਰਚੇ ਦੌਰਾਨ ਹਿੰਦੂਆਂ ਦੀ ਪ੍ਰਤੀਨਿਧ ਜੱਥੇਬੰਦੀ ਹੋਣ ਦੇ ਮਿਲੇ ਉਭਾਰ ਤੋਂ ਆਪਣੇ ਆਪਨੂੰ ਮੁਕੱਤ ਨਹੀਂ ਕਰ ਸਕੀ। ਇਹੀ ਕਾਰਣ ਹੈ ਕਿ ਪੰਜਾਬੀ ਸੂਬੇ ਦੇ ਗਠਨ ਦੇ ਪ੧ਵੇਂ ਵਰ੍ਹੇ ਵਿੱਚ ਪ੍ਰਵੇਸ਼ ਕਰ ਜਾਣ ਦੇ ਬਾਵਜੂਦ, ਪੰਜਾਬ ਵਿੱਚ ਵਧੇਰੇ ਹਿੰਦੂ ਅਤੇ ਸਿੱਖ ਰਾਜਸੀ ਵਿਚਾਰਧਾਰਕ ਸੋਚ ਦੇ ਚਲਦਿਆਂ ਵੰਡੇ ਚਲੇ ਆ ਰਹੇ ਹਨ। ਭਾਵੇਂ ਇਸ ਵੰਡ ਦੀ ਦਰਾਰ ਭਰਨ ਲਈ ਕਾਂਗ੍ਰਸ ਸਰਗਰਮ ਭੂਮਿਕਾ ਨਿਭਾਣ ਦੀ ਕਥਤ ਕੌਸ਼ਿਸ਼ ਕਰ ਰਹੀ ਹੈ, ਪ੍ਰੰਤੂ ਪੰਜਾਬੀ ਸੂਬਾ ਮੋਰਚੇ ਦੌਰਾਨ ਪੈਦਾ ਹੋਈ ਦਰਾਰ ਨੂੰ ਪੂਰੀ ਤਰ੍ਹਾਂ ਭਰ ਪਾਣ ਵਿੱਚ ਉਹ ਵੀ ਸਫਲ ਨਹੀਂ ਹੋ ਪਾ ਰਹੀ।

... ਅਤੇ ਅੰਤ ਵਿੱਚ : ਸਿੱਖ ਵੇਲਫੇਅਰ ਸੋਸਾਇਟੀ ਦੇ ਮੁੱਖੀ ਸ. ਸਤਪਾਲ ਸਿੰਘ ਮੰਗਾ ਕਿਹਾ ਕਰਦੇ ਸਨ ਕਿ ਰਾਜਧਾਨੀ ਦੀਆਂ ਲਗਭਗ ਸਾਰੀਆਂ ਹੀ ਸਿੱਖ ਰਾਜਸੀ ਜਥੇਬੰਦੀਆਂ ਦੇ ਆਗੂਆਂ ਵਲੋਂ ਅਪਨਾਈਆਂ ਚਲੀਆਂ ਆ ਰਹੀਆਂ ਨਕਾਰਾਤਮਕ ਨੀਤੀਆਂ ਸਮੁਚੇ ਰੂਪ ਵਿੱਚ ਸਿੱਖਾਂ ਦਾ ਅਕਸ ਵਿਗਾੜਨ ਦਾ ਕਾਰਣ ਬਣਦੀਆਂ ਚਲੀਆਂ ਆ ਰਹੀਆਂ ਹਨ। ਉਨ੍ਹਾਂ ਦਾ ਕਹਿਣਾ ਹੈ ਕਿ ਜੇ ਇਹ ਸਿੱਖ ਆਗੂ ਸਕਾਰਾਤਮਕ ਨੀਤੀਆਂ ਨਹੀਂ ਅਪਨਾ ਸਕਦੇ ਤਾਂ ਇਨ੍ਹਾਂ ਨੂੰ ਘਟੋਘਟ ਪੰਥਕ ਹਿਤਾਂ ਦੀ ਖਾਤਰ ਨਕਾਰਾਤਮਕ ਨੀਤੀਆਂ ਤੋਂ ਤਾਂ ਤੋਬਾ ਕਰ ਹੀ ਲੈਣੀ ਚਾਹੀਦੀ ਹੈ। ਇਸਦੇ ਨਾਲ ਹੀ ਉਨ੍ਹਾਂ ਇਹ ਵੀ ਕਿਹਾ ਕਿ ਪੰਥਕ ਸੋਚ ਦੇ ਧਾਰਨੀ ਸਿੱਖ ਰਾਜਧਾਨੀ ਦੇ ਵੱਖ-ਵੱਖ ਹਿਸਿਆਂ ਵਿੱਚ ਨੁੱਕੜ ਬੈਠਕਾਂ ਕਰ, ਆਮ ਲੋਕਾਂ ਨਾਲ ਸਿਧਾ ਸੰਪਰਕ ਕਰਨ ਅਤੇ ਉਨ੍ਹਾਂ ਨੂੰ ਇਸ ਸੱਚਾਈ ਤੋਂ ਜਾਣੂ ਕਰਵਾਣ, ਕਿ ਕੁਝ ਸਿੱਖ ਆਗੂ ਆਪਣੇ ਰਾਜਸੀ ਸਵਾਰਥ ਦੀਆਂ ਰੋਟੀਆਂ ਸੇਕਣ ਲਈ ਸਮੁਚੇ ਸਿੱਖ-ਪੰਥ ਦਾ ਅਕਸ ਖਰਾਬ ਕਰਨ ਤੇ ਤੁਲੇ ਹੋਏ ਹਨ।

'ਦੇਸ਼ ਦੁਆਬਾ' 'ਅੰਬੇਦਕਰ ਟਾਈਮਜ਼'
ਆਨਲਾਈਨ ਪੜ੍ਹਨ ਲਈ ਕਲਿੱਕ ਕਰੋ:
www.deshdoaba.com www.ambedkartimes.org

# ਪੁਰਾਤਨ ਅਣਮੋਲ ਸੰਗੀਤਕ ਵਿਰਸਾ ਸਾਂਭੀਂ ਬੈਠਾ 'ਜਸਪਾਲ ਸਿੰਘ'



ਤਸਵਿੰਦਰ ਸਿੰਘ ਬੜੈਚ
91-98763-22677

ਇਕ ਵੇਲਾ ਸੀ ਜਦੋਂ ਸੰਗੀਤ ਸੁਣਨ ਦਾ ਸਾਧਨ ਤਵਿਆਂ ਵਾਲਾ ਵਾਜਾ ਹੁੰਦਾ ਸੀ ਜੋ ਗ੍ਰਾਮੋਫੋਨ ਦੇ ਨਾਂਅ ਨਾਲ ਵੀ ਜਾਣਿਆ ਜਾਂਦਾ ਰਿਹਾ ਹੈ। ਗ੍ਰਾਮੋਫੋਨ ਤਵਿਆਂ ਦਾ ਇਹ ਦੌਰ ਤਿੰਨ ਦਹਾਕੇ ਚਲਦਾ ਰਿਹਾ। ਤਕਰੀਬਨ ਅੱਠਵੇਂ ਦਹਾਕੇ ਦੇ ਅੰਤ ਤੱਕ ਇਨ੍ਹਾਂ ਗ੍ਰਾਮੋਫੋਨ ਮਸ਼ੀਨਾਂ ਤੋਂ ਤਵਿਆਂ ਨੇ ਲੋਕਾਂ ਦੇ ਦਿਲਾਂ 'ਤੇ ਰੱਜ ਕੇ ਰਾਜ ਕੀਤਾ। ਬਾਅਦ ਵਿਚ ਇਲੈਕਟ੍ਰੋਨਿਕ ਦੀ ਨਵੀਂ ਖੋਜ ਨੇ ਇਨ੍ਹਾਂ ਨੂੰ ਬੁਝਾਰਤ ਬਣਾ ਦਿੱਤਾ। ਕੈਸਟਾਂ ਤੇ ਸੀਡੀਜ਼ ਹੋਂਦ ਵਿਚ ਆਈਆਂ ਪਰ ਉਨ੍ਹਾਂ ਵਿੱਚ ਸ਼ੁੱਧਤਾਂ ਤੇ ਤਵਿਆਂ ਵਾਲੀ ਗਾਇਕੀ ਨਾ ਰਹੀ। ਹੁਣ ਪੈਨਡਰਾਈਵ, ਚਿੱਪ ਦੇ ਯੁੱਗ ਵਿੱਚ ਉਹ ਸ਼ੁੱਧਤਾ ਅਤੇ ਪੁਰਾਣਾ ਰੰਗ ਵੀ ਨਹੀਂ ਰਿਹਾ। ਵਿਰਸਾ ਅਤੇ ਲੁਤਫ ਦੋਵੇ ਗਾਇਬ ਹਨ। ਤਵੇਂ ਤੇਂ ਗ੍ਰਾਮੋਫੋਨ ਮਸ਼ੀਨਾਂ ਨਿਰਾਦਰ ਨਾਲ ਕਵਾੜ ਬਣ ਕੇ ਡਿਉੜੀਆਂ ਤੇ ਬੈਠਕਾਂ ਦਾ ਸ਼ਿੰਗਾਰ ਬਣ ਗਾਇਬ ਹੋ ਗਈਆਂ। ਅੱਜ ਇਹ ਸਭ ਕੁਝ ਪੰਜਾਬੀ ਸੱਭਿਆਚਾਰ ਦਾ ਭੁੱਲਿਆ ਵਿਸਰਿਆਂ ਅੰਗ ਬਣ ਕੇ ਰਹਿ ਗਿਆ ਹੈ। ਪਰ ਕੁਝ ਉਹ ਲੋਕ ਵੀ ਹਨ, ਜੋ ਇਸ ਪੁਰਾਤਨ ਸੰਗੀਤਕ ਵਿਰਸੇ ਨੂੰ ਅੱਜ ਵੀ ਸੰਭਾਲੀ ਬੈਠੇ ਹਨ। ਅਜਿਹੇ ਹੀ ਵਿਅਕਤੀਆਂ ਵਿੱਚੋਂ ਇੱਕ ਹੈ ਜ਼ਿਲ੍ਹਾ ਪਟਿਆਲਾ ਦੀ ਰਾਜਪੁਰਾ ਤਹਿਸੀਲ ਦੇ ਪਿੰਡ ਕੁੱਥਾ ਖੇੜੀ ਦਾ 62 ਸਾਲਾ ਜਸਪਾਲ ਸਿੰਘ। ਉਸ ਕੋਲ ਇਸ ਸਮੇਂ 4000 ਦੇ ਕਰੀਬ ਪੱਥਰ, ਪਲਾਸਟਿਕ, ਲਾਖ ਦੇ ਈ.ਪੀ, ਐਲ.ਪੀ, ਸੂਪਰਸੈਵਨ, ਐਸ.ਪੀ, ਐਸ.ਈ.ਪੀ, ਐਸ.ਐਲ.ਪੀ. ਰਿਕਾਰਡ ਅਤੇ 7 ਗ੍ਰਾਮੋਫੋਨ ਮਸ਼ੀਨਾਂ ਚਾਬੀ ਨਾਲ ਚੱਲਣ ਵਾਲੀਆਂ, 20 ਗ੍ਰਾਮੋਫੋਨ ਮਸ਼ੀਨਾਂ ਬਿਨ੍ਹਾਂ ਚਾਬੀ ਵਾਲੀਆਂ ਚਲਦੀ ਹਾਲਤ ਵਿੱਚ ਸਾਂਭੀਆਂ ਪਈਆਂ ਹਨ। ਮੁਹੰਮਦ ਸਦੀਕ ਜਿਹੇ ਚੋਟੀ ਦੇ ਕਲਾਕਾਰਾਂ ਤੋਂ ਥਾਪੜਾ ਲੈ ਚੁੱਕੇ ਜਸਪਾਲ ਸਿੰਘ ਕੋਲ ਪੰਜਾਬ ਤੇ ਪਾਕਿਸਤਾਨ ਦੇ ਕਈ ਮਸ਼ਹੂਰ ਗਾਇਕਾਂ ਜਿਵੇਂ ਗਜ਼ਲ ਗਾਇਕ ਗੁਲਾਮ ਅਲੀ, ਜਗਜੀਤ ਸਿੰਘ, ਰਮਤਾ, ਰੰਗੀਲਾ ਜੱਟ, ਸੁਰਿੰਦਰ ਕੌਰ, ਸ਼ੌਕਤ ਅਲੀ, ਜੁਬੈਦਾ ਖਾਨ, ਸੁਰੱਈਆ, ਸ਼ਮਸ਼ਾਦ ਬੇਗ਼ਮ, ਕਰਮਜੀਤ ਧੂਰੀ, ਹਰਚਰਨ ਗਰੇਵਾਲ, ਲਾਲ ਚੰਦ, ਯਮਲਾ ਜੱਟ, ਚਾਂਦੀ ਰਾਮ ਚਾਂਦੀ, ਨੂਰਜਹਾਂ, ਰੇਸ਼ਮਾਂ, ਨਰਿੰਦਰ ਬੀਬਾ, ਸੁਰਿੰਦਰ ਛਿੰਦਾ, ਕੁਲਦੀਪ ਮਾਣਕ, ਜਗਮੋਹਣ ਕੌਰ, ਰਮੇਸ਼ ਰੰਗੀਲਾ, ਹਜਾਰਾ ਸਿੰਘ ਰਮਤਾ, ਸਾਬਰ ਰਾਏ ਕੋਟੀ, ਆਸਾ ਸਿੰਘ ਮਸਤਾਨਾ, ਕੇ.ਦੀਪ, ਦੀਦਾਰ ਸੰਧੂ, ਗੁਰਦਾਸ ਮਾਨ, ਮੁਹੰਮਦ ਸਦੀਕ, ਰਣਜੀਤ ਕੌਰ, ਸਨੇਹਲਤਾ, ਤਾਲਿਬ ਐਂਡ ਕੰਪਨੀ, ਅਖਤਰੀ ਜੈਨ, ਫਜ਼ਲ ਟੁੰਡਾ ਐਂਡ ਕੰਪਨੀ, ਅਨਵਰ ਸੁਲਤਾਨਾ ਦੀਨ , ਆਲਮ ਲੁਹਾਰ ਆਦਿ ਦੇ ਰਿਕਾਰਡ ਸਾਂਭੇ ਪਏ ਹਨ।

ਇਸ ਤੋਂ ਇਲਾਵਾ ਸਤਿੰਦਰ ਪਾਲ ਸਿੱਧਵਾਂ, ਬਿੱਕਰ ਸਿੰਘ ਪਰਦੇਸੀ, ਰਾਮੂਵਾਲੀਆਂ ਜੱਥਾ, ਉਦੇ ਸਿੰਘ ਐਂਡ ਪਾਰਟੀ, ਮੋਹਨ ਸਿੰਘ ਸ਼ੌਕੀ, ਦੀਦਾਰ ਸਿੰਘ ਰਟੈਂਡਾ, ਮੋਹਨ ਸਿੰਘ ਰੋਡੇ ਆਦਿ ਢਾਡੀਆਂ ਦੇ ਤਵੇ ਵੀ ਉਸ ਕੋਲ ਮੌਜੂਦ ਹਨ। ਹਿੰਦੀ ਫਿਲਮੀ, ਪੰਜਾਬੀ ਫਿਲਮੀ, ਰਾਗੀਆਂ, ਕਵੀਸ਼ਰਾਂ ਦੇ ਤਵੇ ਰਿਕਾਰਡ, 25 ਟਿਊਬਾਂ ਵਾਲੇ ਰੇਡੀਓ, 10 ਵੀਡੀਉ ਪ੍ਰਜੈਕਟਰ, ਡੈੱਕ, ਵੀ.ਸੀ.ਆਰ, 2000 ਆਡੀਓ ਕੈਸਟਾਂ ਅਤੇ ਵੀਡੀਓ ਕੈਸਟਾਂ ਵੀ ਉਸ ਦੇ ਸੰਗੀਤਕ ਖਜ਼ਾਨੇ ਦਾ ਸ਼ਿੰਗਾਰ ਬਣੀਆਂ ਹੋਈਆਂ ਹਨ। ਜਸਪਾਲ ਸਿੰਘ ਕੋਲ ਜਿਹੜੀਆਂ ਅਤਿ ਪੁਰਾਣੀਆਂ ਕੰਪਨੀਆਂ ਦੇ ਰਿਕਾਰਡ ਪਏ ਹਨ ਉਨ੍ਹਾਂ 'ਚ ਵਰਮਾ ਰਿਕਾਰਡਿੰਗ, ਜੈੱਨ ਓ ਫੇਨ ਲਾਹੌਰ (1913), ਰੀਗਲ (1900), ਕੋਲੰਬੀਆ, ਯੰਗ ਇੰਡੀਆ, ਐਚ.ਐਮ.ਵੀ, ਥਿਰਕੋ, ਐਰੋਫੋਨ ਆਦਿ ਮੌਜ਼ੂਦ ਹਨ।



ਕਿੱਤੇ ਵਜੋਂ ਲੱਕੜੀ ਦਾ ਕੰਮ ਕਰਨ ਵਾਲੇ ਤੇ ਸਾਦਾ ਜ਼ਿੰਦਗੀ ਜਿਊਣ ਵਾਲੇ ਇਸ ਸ਼ਖਸ਼ ਨੂੰ ਇਹ ਪੁਰਾਣੀਆਂ ਸੰਗੀਤਕ ਵਸਤਾਂ ਇਕੱਠੀਆਂ ਕਰਨ ਦਾ ਸ਼ੌਕ ਕੰਮ ਸਿੱਖਦਿਆਂ ਪਿਆ। ਉਸ ਦਾ ਸੰਗੀਤਕ ਖਜ਼ਾਨੇ ਨਾਲ ਮੋਹ ਉਦੋਂ ਤੋਂ ਲੈ ਕੇ ਅੱਜ ਤੱਕ ਬਰਕਰਾਰ ਹੈ। ਇਸ ਸ਼ੌਕ ਨੂੰ ਪੂਰਾ ਕਰਨ ਲਈ ਉਸ ਨੂੰ ਸਖਤ ਮਿਹਨਤ ਕਰਨੀ ਪਈ। ਆਪਣੀ ਉਮਰ ਦੇ 62 ਸਾਲ ਹੰਢਾ ਚੁੱਕੇ ਜਸਪਾਲ ਸਿੰਘ ਨੂੰ ਗ੍ਰਾਮੋਫੋਨ ਮਸ਼ੀਨਾਂ ਤੇ ਰਿਕਾਰਡ ਲੱਭਣ ਲਈ ਪੰਜਾਬ ਦੇ ਕਈ ਪਿੰਡਾਂ, ਸ਼ਹਿਰਾਂ ਤੋਂ ਇਲਾਵਾ ਦਿੱਲੀ, ਹਿਮਾਚਲ ਪ੍ਰਦੇਸ਼, ਰਾਜਸਥਾਨ, ਚੰਡੀਗੜ੍ਹ ਆਦਿ ਥਾਵਾਂ ਤੱਕ ਜਾਣਾ ਪਿਆ ਤੇ ਆਪਣੀਆਂ ਜੇਬਾਂ 'ਚੋਂ ਪੈਸੇ ਖਰਚ ਕਰਕੇ ਇਹ ਪੁਰਾਤਨ ਅਤੇ ਵਿਰਸੇ ਨਾਲ ਸਬੰਧਿਤ ਗ੍ਰਾਮੋਫੋਨ ਮਸ਼ੀਨਾਂ ਤੇ ਰਿਕਾਰਡ ਇਕੱਠੇ ਕੀਤੇ ਹਨ। ਇਨ੍ਹਾਂ ਸੰਗੀਤਕ ਵਸਤਾਂ ਨੂੰ ਇਕੱਠੀਆਂ ਕਰਨ 'ਚ ਜਿੱਥੇ ਉਸ ਨੂੰ ਸਮੁੱਚੇ ਪਰਿਵਾਰ ਦਾ ਪੂਰਾ ਸਹਿਯੋਗ ਮਿਲ ਰਿਹਾ ਹੈ। ਉਥੇ ਦੋਸਤਾਂ 'ਚ ਅਮਿਤ ਕੁਮਾਰ ਮਹਾਂਵੀਰ ਮਕੈਨੀਕਲ ਵਰਕਸ਼ ਰਾਜਪੁਰਾ, ਚਰਨਜੀਤ ਕੌਰ ਪਤਨੀ ਉਜਾਗਰ ਸਿੰਘ ਖੰਨਾ, ਦਲੀਪ ਕੌਰ ਪਤਨੀ ਹਰਜੀਤ ਸਿੰਘ ਮੁਹਾਲੀ, ਭੁਪਿੰਦਰ ਸਿੰਘ ਭਵਾਨੀਗੜ੍ਹ, ਮਾਸਟਰ ਸ਼ਮਸ਼ੇਰ ਸਿੰਘ ਜੈਤੋਂ ਮੰਡੀ ਆਦਿ ਦਾ ਵੀ ਬਹੁਤ ਸਹਿਯੋਗ ਹੈ, ਜਿਨ੍ਹਾਂ ਨੇ ਕਈ ਕਈ ਚੀਜ਼ਾਂ ਉਸ ਨੂੰ ਗਿਫਟ ਕੀਤੀਆਂ।

ਪੁਰਾਣੀਆਂ ਗ੍ਰਾਮੋਫੋਨ ਮਸ਼ੀਨਾਂ ਤੇ ਰਿਕਾਰਡ ਇਕੱਠੇ ਕਰਨ ਦਾ ਸ਼ੌਕ ਪਾਲਣ ਵਾਲੇ ਜਸਪਾਲ ਸਿੰਘ ਲਈ ਹੁਣ ਇਹ ਸ਼ੌਕ ਜਨੂੰਨ ਬਣ ਗਿਆ ਹੈ। ਮਿਹਨਤ-ਮਜ਼ਦੂਰੀ ਕਰ ਕੇ ਗੁਜ਼ਰ-ਬਸ਼ਰ ਕਰ ਰਿਹਾ ਜਸਪਾਲ ਸਿੰਘ ਇਨ੍ਹਾਂ ਸੰਗੀਤਕ ਵਸਤਾਂ ਦੀ ਕਈ ਸੱਭਿਆਚਾਰਕ ਮੇਲਿਆ ਆਦਿ ਵਿਚ ਪ੍ਰਦਰਸ਼ਨੀ ਲਗਾ ਕੇ ਪੰਜਾਬ ਦੇ ਅਮੀਰ ਪੁਰਾਤਨ ਸੱਭਿਆਚਾਰ ਤੋਂ ਅਜੋਕੀ ਨੌਜਵਾਨ ਪੀੜ੍ਹੀ ਨੂੰ ਸੰਗੀਤ ਪ੍ਰਤੀ ਜਾਗਰੂਕ ਕਰਨ ਦਾ ਯਤਨ ਵੀ ਕਰ ਰਿਹਾ ਹੈ।

ਯੂਨੀਵਰਸਿਟੀਆਂ ਦੇ ਵਿਦਿਆਰਥੀ ਵੀ ਜਸਪਾਲ ਸਿੰਘ ਦੀ ਸੰਗੀਤਕ ਲਾਇਬ੍ਰੇਰੀ ਦੀਆਂ ਸੇਵਾਵਾਂ ਪ੍ਰਾਪਤ ਕਰਦੇ ਹਨ। ਇਸ ਵਿਲੱਖਣ ਸ਼ੌਕ ਲਈ ਤੇ ਸੰਗੀਤਕ ਵਿਰਾਸਤ ਸੰਭਾਲ ਦੇ ਖੇਤਰ ਵਿਚ ਕੀਤੀ ਜਾ ਰਹੀ ਵੱਡਮੁੱਲੀ ਸੇਵਾ ਬਦਲੇ ਉਸ ਨੂੰ ਵੱਖ ਵੱਖ ਸੰਸਥਾਵਾਂ ਵੱਲੋਂ ਕਈ ਮਾਣ-ਸਨਮਾਨ ਵੀ ਮਿਲੇ ਹਨ, ਪਰ ਮੱਧ ਵਰਗੀ ਪਰਿਵਾਰ ਨਾਲ ਸਬੰਧਤ ਨੇਕ ਪ੍ਰਵਿਰਤੀ ਦਾ ਮਾਲਕ ਜਸਪਾਲ ਸਿੰਘ ਬਿਨ੍ਹਾਂ ਕਿਸੇ ਲੋਭ-ਲਾਲਚ ਦੇ ਪੰਜਾਬੀ ਸੱਭਿਆਚਾਰਕ ਵਿਰਾਸਤ ਨੂੰ ਸਾਂਭ ਰਿਹਾ ਹੈ।

## ਪਹਿਲੀ ਪਾਤਸ਼ਾਹੀ ਸਤਿਗੁਰੂ ਸ੍ਰੀ ਗੁਰੂ ਨਾਨਕ ਦੇਵ ਜੀ ਦੇ ਪ੍ਰਕਾਸ਼ ਦਿਹਾੜੇ ਦੀਆਂ ਸਮੂਹ ਨਾਨਕ ਨਾਮ ਲੇਵਾ ਸਾਧ ਸੰਗਤ ਅਤੇ ਦੇਸ਼-ਵਿਦੇਸ਼ ਵਿਚ ਵੱਸਦੀ ਕੁੱਲ ਲੁਕਾਈ ਨੂੰ ਲੱਖ-ਲੱਖ ਵਧਾਈਆਂ





**ਰਾਜਾ ਸਵੀਟਸ**

ਗਿਆਨੀ ਰਵਿੰਦਰ ਸਿੰਘ
ਮੱਖਣ ਸਿੰਘ ਬੈਂਸ


**Raja SWEETS & CATERING**

AUTHORIZED CATERER FOR MAJOR 5-STAR HOTELS



**ITEMS SERVING**
All Kinds of Sweets | Snacks
Chaat Stall | North Indian Cuisine
Fluda Kulfi Stall | On Site Tandoor

**CATERING SERVICE**
Wedding Ceremonies | Receptions
Birthday Parties | Corporate Events
Religious Gatherings
Picnics/Bar-B-Que

**ADDITIONAL SERVICE**
Warmers | Chaffing Dishes
China & Silverware
Linen Rental | Waiters
Bartenders



CONTACT US:
RAJA SWEETS & CATERING
WORK (510) 489-9100
CELL (510) 715-1619

Email: msbains@rajasweets.com
www.rajasweets.com
Find us on: facebook. rajasweetsandcatering
Follow us on Twitter rajasweets



**INDIA BAZAAR**




**INDIAN, PAKISTANI & FIJJIAN GROCERIES**

WE ARE OPEN
7 DAYS A WEEK
9:00am to 8:30pm

RENT DVDS & BUY CLOTHES
ENJOY YOUR DAY WITH HOPES

WE ACCEPT FOOD STAMPS

CALL TO HAPPY
Cell: (415) 706-7027
Ph: (209) 478-0285
Fax: (209) 477-3206

ਸਾਡੇ ਕੋਲ ਏਅਰਲਾਈਨ ਟਿਕਟਾਂ ਵੀ ਉਪਲੱਬਧ ਹਨ।

EVERY SATURDAY & SUNDAY SPECIAL DISCOUNT ON GROCERIES
1304-E HAMMER LANE, SUITE 12, STOCKTON CA, 95210
EMAIL: indiabazaar08@yahoo.com


ਪਹਿਲੀ ਪਾਤਸ਼ਾਹੀ ਸਤਿਗੁਰੂ ਸ੍ਰੀ ਗੁਰੂ ਨਾਨਕ ਦੇਵ ਜੀ ਦੇ ਪ੍ਰਕਾਸ਼ ਦਿਹਾੜੇ ਦੀਆਂ ਸਮੂਹ ਨਾਨਕ ਨਾਮ ਲੇਵਾ ਸਾਧ ਸੰਗਤ ਅਤੇ ਦੇਸ਼-ਵਿਦੇਸ਼ ਵਿਚ ਵੱਸਦੀ ਕੁੱਲ ਲੁਕਾਈ ਨੂੰ ਲੱਖ-ਲੱਖ ਵਧਾਈਆਂ





ਸੋਹੰ

# SHRI GURU RAVIDASS SABHA (CA)

2150 Crestview Drive, Pittsburg CA 94565

Tel : (925) 439-2355

**Bole' So Nirbhay! Guru Ravidass Maharaj Ki Jai!**

**Satguru Nanak Pargateya**
**Miti Dhund Jag Chanan Hoya**



DHAN DHAN Sri Guru Ravidass Ji






Satguru Nanak Dev Ji

## Guru Piari Sadh Sangat Ji

Sri Guru Nanak Dev Ji's Parkash Utsav will be celebrated at our Gurughar on November 20, 2016. Akhand path will start on Friday 11/18/2016, at 10:00 AM and will be concluded with Bhog ceremony on Sunday morning 11/20/2016. Path and Langar sewa will be hosted by Gurughar with the help and cooperation of the entire Sangat. Jatha of Giani Bhupinder Singh, Giani Ompal Singh ,Giani Gurnam Singh Ji and Giani Parkash Singh will adorn the occasion with Shabad Kirtan along with famous singer Bibi Jaspinder Raina and other Kirtankar. Jaspinder Raina is a famous Punjabi singer. She was 2nd place winner of Aawaz Punjab Di. In 2011, she won Voice of Punjab competition by PTC Punjabi. Her albums have been launched in India also. She will do Shabad kirtan sewa on this occasion.

*Guru Nanak Sahib Ji (The founder of Sikhism) was born in 1469 at Talwandi, now known as Nankana Sahib. His life and spiritual teachings, as enshrined in the holy pages of GURU GRANTH SAHIB, are an embodiment of truthfulness and godliness which illuminated the millions of ignorant souls. HIS simple message of "UNIVERSAL BROTHERHOOD" EQUALITY and Love of Mankind formed the basic principles of Sikh Religion. His firm belief that God is formless, infinite and all pervasive, dwelling within us awakened the entire mankind.*

The best tribute we can pay to Guru Nanak Dev Ji is to adopt his noble teachings as a way of our lives. The entire Sangat is humbly requested to participate in this "Gurupurb" and do the SEWA with TAN, MAN and DHAN.

www.sriguruRavidasstemple.com

"NANAK NAM CHARDI KALA TERE BHANE SARBAT DA BHALA"







Jaspinder Raina

**For food & other stalls, please contact the management committee. We have a limited space, so please call as soon as possible to reserve the stall space or for any other sewa. First come, first choice.**

## Sangat Sewadars

| Chairman | President | General Secretary | Treasurer |
|---|---|---|---|
| Shinder Pal Narabat | Kashmiri Bhatia | Gina Bhatia | Jasvir Chahal |
| 925.683.0178 | 408.460.0262 | 925.483.1629 | 209.627.7944 |